Punjabi Parwaz

# ਪੰਜਾਬੀ ਪਰਵਾਜ਼

ਅੰਕ 11ਵਾਂ (ਸ਼ਿਕਾਗੋ): 14 ਅਕਤੂਬਰ ਤੋਂ 27 ਅਕਤੂਬਰ 2023 ਤੱਕ
ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਕਲੇਸ਼ ਦਾ ਸਿੱਟਾ: ਹਮਾਸ ਦਾ ਇਜ਼ਰਾਇਲ ‘ਤੇ ਹਮਲਾ

## ਕਿਧਰੇ ਸੀਮਤ ਜਿਹਾ ਮੁਲਕ ਵੀ ਗੁਆ ਨਾ ਬੈਠਣ ਫਲਿਸਤੀਨੀ

**ਸ਼ਿਕਾਗੋ:** ਬੀਤੇ ਸ਼ਨਿਚਰਵਾਰ (7 ਅਕਤੂਬਰ) ਨੂੰ ਸਵੇਰੇ ਸਵੱਖਤੇ ਗਾਜ਼ਾ ਪੱਟੀ ਤੋਂ ਇਜ਼ਰਾਇਲੀ ਖੇਤਰ ‘ਚ 20 ਮਿੰਟ ਅੰਦਰ 5000 ਰਾਕਟਾਂ ਦੀ ਬਾਰਸ਼ ਹੋਣ ਨਾਲ ਇਜ਼ਰਾਇਲ ਅਤੇ ਫਲਿਸਤੀਨ ਦੇ ਕਲੇਸ਼ ਨੇ ਇੱਕ ਨਵੀਂ ਤੇ ਖਤਰਨਾਕ ਦਿਸ਼ਾ ਅਖਤਿਆਰ ਕਰ ਲਈ ਹੈ। ਰਾਕਟਾਂ ਦੇ ਹਮਲੇ ਦੀ ਓਟ ਵਿੱਚ ਹਮਾਸ ਦੇ ਕਰੀਬ 1000 ਲੜਾਕੇ ਇਜ਼ਰਾਇਲੀ ਇਲਾਕੇ ਵਿੱਚ ਦਾਖਲ ਹੋ ਗਏ ਅਤੇ ਉਨ੍ਹਾਂ ਨੇ ਇੱਕ ਵੱਡੇ ਸੰਗੀਤ ਮੇਲੇ ਵਿੱਚ ਕਤਲੇਆਮ ਮਚਾਇਆ। ਤਾਜ਼ਾ ਹਮਲੇ ਨਾਲ ਇਜ਼ਰਾਇਲ ਵਿੱਚ ਕਰੀਬ 1200 ਅਤੇ ਇਜ਼ਰਾਇਲੀ ਫੌਜ ਦੀ ਕਾਰਵਾਈ ਨਾਲ ਗਾਜ਼ਾ ਪੱਟੀ ਵਿੱਚ 1000 ਤੋਂ ਵਧ ਫਲਿਸਤੀਨੀਆਂ ਦੀ ਮੌਤ ਹੋ ਗਈ ਹੈ। 2700 ਇਜ਼ਰਾਇਲੀ ਅਤੇ 5000 ਦੇ ਕਰੀਬ ਫਲਿਸਤੀਨੀ ਜ਼ਖਮੀ ਹੋਏ ਹਨ। ਹਮਾਸ ਦੇ ਹਮਲੇ ਵਿੱਚ 9 ਅਮਰੀਕੀ ਨਾਗਰਿਕਾਂ ਅਤੇ ਥਾਈਲੈਂਡ ਨਾਲ ਸਬੰਧਤ 12 ਵਿਅਕਤੀਆਂ ਦੇ ਮਾਰੇ ਜਾਣ ਦੀ ਵੀ ਖ਼ਬਰ ਹੈ। ਕਰੀਬ 150 ਇਜ਼ਰਾਈਲੀ ਨਾਗਰਿਕ ਹਮਾਸ ਵੱਲੋਂ ਬੰਦੀ ਬਣਾ ਲਏ ਗਏ ਹਨ।

ਫਲਿਸਤੀਨੀ ਲੋਕਾਂ ‘ਤੇ ਇਜ਼ਰਾਈਲੀ ਫੌਜੀ ਹਮਲੇ ਜਾਰੀ ਰਹਿਣ ਦੀ ਸੂਰਤ ਵਿੱਚ ਹਮਾਸ ਵੱਲੋਂ ਇਨ੍ਹਾਂ ਬੰਦੀਆਂ ਨੂੰ ਮਾਰ ਦੇਣ ਦੀ ਧਮਕੀ ਦਿੱਤੀ ਗਈ ਹੈ। ਹਮਾਸ ਦੇ ਹਮਲੇ ਤੋਂ ਬਾਅਦ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਵਿਰੋਧੀ ਪਾਰਟੀ ਦੇ ਆਗੂਆਂ ਨਾਲ ਮਿਲ ਕੇ ਸਾਂਝੀ ਸਰਕਾਰ ਬਣਾਉਣ ਲਈ ਯਤਨ ਕਰ ਰਹੇ ਹਨ, ਤਾਂ ਕਿ ਸਾਰਾ ਦੇਸ਼ ਜੰਗ ਲਈ ਇਕਜੁੱਟ ਹੋ ਸਕੇ। ਯਾਦ ਰਹੇ, ਸਵੇਰੇ ਹਮਲੇ ਤੋਂ ਬਾਅਦ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇ ਜੰਗ ਦਾ ਐਲਾਨ ਕਰ ਦਿੱਤਾ ਸੀ।

ਇਸ ਲੜਾਈ ਵਿੱਚ ਮੌਤਾਂ ਦੀ ਗਿਣਤੀ ਹੋਰ ਵੀ ਵਧ ਸਕਦੀ ਹੈ, ਕਿਉਂਕਿ ਹਮਾਸ ਦਾ ਹਮਲਾ ਇੰਨਾ ਵਿਆਪਕ ਸੀ ਕਿ ਇਸ ਵਿੱਚ ਥਲੀ, ਸਮੁੰਦਰੀ ਅਤੇ ਏਅਰ- ਸਾਰੇ ਰੂਟ ਵਰਤੇ ਗਏ। ਹਮਲਿਆਂ ਦੌਰਾਨ ਹਮਾਸ ਦੇ ਹਥਿਆਰਬੰਦ ਕਾਰਕੁੰਨ ਇਜ਼ਰਾਇਲ ਦੀ ਸਰਹੱਦ ਦੇ ਅੰਦਰ ਘੁਸ ਗਏ ਅਤੇ ਇੱਕ ਯਹੂਦੀ ਤਿਉਹਾਰ ਵਿੱਚ ਸੰਗੀਤ ਦਾ ਅਨੰਦ ਲੈ ਰਹੇ ਇਜ਼ਰਾਈਲੀ ਨਾਗਰਿਕਾਂ ‘ਤੇ ਅੰਨ੍ਹੇਵਾਹ ਗੋਲੀਬਾਰੀ ਕਰ ਦਿੱਤੀ। ਇੰਟਰਨੈਸ਼ਨਲ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਬਹੁਤੇ ਲੋਕ ਹੱਥੋ-ਹੱਥ ਲੜਾਈ ਵਿੱਚ ਮਾਰੇ ਗਏ ਹਨ। ਦੂਜੇ ਦਿਨ ਵੀ ਹਮਾਸ ਦੇ ਹਥਿਆਰਬੰਦ ਕਾਰਕੁੰਨਾਂ ਅਤੇ ਇਜ਼ਰਾਈਲੀ ਫੌਜਾਂ ਵਿਚਕਾਰ ਗੋਲੀਬਾਰੀ ਜਾਰੀ ਰਹੀ। ਹਮਾਸ ਦੇ ਲੜਾਕਿਆਂ ਦੀ ਲੜਾਕੂ ਸਮਰੱਥਾ ਤਬਾਹ ਕਰਨ ਦੇ ਮਕਸਦ ਨਾਲ ਇਜ਼ਰਾਇਲ ਵੱਲੋਂ ਗਾਜ਼ਾ ਪੱਟੀ ਨੂੰ ਮੁਕੰਮਲ ਰੂਪ ਵਿੱਚ ਘੇਰ ਲਿਆ ਗਿਆ ਹੈ। ਇਸ ਸਥਿਤੀ ਵਿੱਚ ਤਕਰੀਬਨ ਦੋ ਲੱਖ ਲੋਕ ਗਾਜ਼ਾ ਪੱਟੀ ਵਿੱਚੋਂ ਆਪਣੇ ਘਰ ਛੱਡ ਗਏ ਹਨ ਅਤੇ ਇਜ਼ਰਾਇਲੀ ਫੌਜ ਵੱਲੋਂ ਕੀਤੇ ਗਏ ਜ਼ਬਰਦਸਤ ਮੋੜਵੇਂ ਹਮਲੇ ਦੌਰਾਨ ਕਰੀਬ 1000 ਲੋਕਾਂ ਦੀ ਮੌਤ ਹੋ ਗਈ ਹੈ।

ਇਸਰਾਇਲ ਦੇ ਰੱਖਿਆ ਮੰਤਰੀ ਗੈਲੋਂਟ ਨੇ ਗਾਜ਼ਾ ਦੀ ਮੁਕੰਮਲ ਘੇਰਬੰਦੀ ਦਾ ਹੁਕਮ ਦਿੰਦਿਆਂ ਕਿਹਾ ਕਿ ਖਿੱਤੇ ਦੀ ਬਿਜਲੀ ਪਾਣੀ ਦੀ ਸਪਲਾਈ ਕੱਟ ਦਿੱਤੀ ਜਾਵੇ। ਭੋਜਨ ਅਤੇ ਬਾਲਣ ਵਗੈਰਾ ਰੋਕਣ ਲਈ ਵੀ ਕਿਹਾ ਗਿਆ ਹੈ। ਸੰਯੁਕਤ ਰਾਸ਼ਟਰ ਨੇ ਗਾਜ਼ਾ ਪੱਟੀ ਮਾਨਵੀ ਸੰਕਟ ਪੈਦਾ ਹੋਣ ਦਾ ਖਦਸ਼ਾ ਜਾਹਰ ਕੀਤਾ ਹੈ। ਅਣਕਿਆਸੇ ਹਮਲੇ ਤੋਂ ਖਿਝਿਆ ਇਜ਼ਰਾਇਲ ਗਾਜ਼ਾ ਪੱਟੀ ਵਿੱਚ ਵੱਸਦੇ ਫਲਿਸਤੀਨੀਆਂ ਅਤੇ ਹਮਾਸ ਦੇ ਕਾਰਕੁੰਨਾਂ ਦਾ ਹੁੱਕਾਪਾਣੀ ਬੰਦ ਕਰਨ ‘ਤੇ ਤੁਲ ਗਿਆ ਹੈ। ਉਧਰ ਹਮਾਸ ਦੇ ਬੁਲਾਰਿਆਂ ਦਾ ਕਹਿਣਾ ਕਿ ਗਾਜ਼ਾ ਪੱਟੀ ਤੋਂ ਬਾਹਰ ਲੜਾਈ ਜਾਰੀ ਹੈ। ਗਾਜ਼ਾ ਪੱਟੀ ਵਿੱਚ ਇਜ਼ਰਾਇਲ ਵਲੋਂ ਕੀਤੇ ਗਏ ਹਮਲੇ ਵਿੱਚ ਵੱਡੀ ਪੱਧਰ

⇒ ਬਾਕੀ ਸਫਾ 2 ਉਤੇ ਪੜ੍ਹੋ




ਇਜ਼ਰਾਇਲੀ ਹਵਾਈ ਹਮਲੇ ਦੌਰਾਨ ਗਾਜ਼ਾ ਸਿਟੀ ਵਿੱਚ ਉਡਦਾ ਧੂੰਆਂ

Maaco COLLISION REPAIR & AUTO PAINTING
AMERICA'S BODYSHOP
*We Work With All Insurance Co.
*Referrals Receive 10% Off
*We Replace Windshields
*Rental Car On Site *Free Towing

252 Commonweal Dr,
Carol Stream, IL 60188
Ph: 630-752-9240
MAACOCAROLSTREAM@YAHOO.COM
Jatin Patel



Rajveer S. Gill
847-907-1525
773-517-0574
www.RegalJewels.com


# ਐਸ.ਵਾਈ.ਐਲ. ਨਹਿਰ ਦੇ ਮਸਲੇ 'ਤੇ ਰਾਜਨੀਤਿਕ ਜੀ-ਪਰਚਾਵਾ

ਜਿੱਥੇ ਚੋਣਾਂ ਜਮਹੂਰੀਅਤ ਲਈ ਜਸ਼ਨ ਹੋਣ, ਉਸ ਮੁਲਕ ਵਿੱਚ ਗਹਿਰੇ ਰਾਜਨੀਤਿਕ ਮਸਲੇ ਵੀ ਰਾਜਨੀਤਿਕ ਪਾਰਟੀਆਂ ਲਈ ਜੀ-ਪਰਚਾਵੇ ਦਾ ਸਾਧਨ ਬਣ ਜਾਂਦੇ ਹਨ। ਐਸ.ਵਾਈ.ਐਲ. ਨਹਿਰ, ਜਿਸ ਨੂੰ ਲੈ ਕੇ ਪੰਜਾਬ ਦੇ ਲੋਕਾਂ ਦਾ ਲਹੂ ਡੁੱਲ੍ਹਿਆ, ਦਾ ਮਸਲਾ ਵੀ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਲਈ ਚਿੱਤ-ਪਰਚਾਵੇ ਲਈ ਕੀਤੀ ਜਾਣ ਵਾਲੀ ਜੁਗਾਲੀ ਬਣ ਗਿਆ

**ਜਸਵੀਰ ਸਿੰਘ ਸ਼ੀਰੀ**

ਹੈ। ਇਸ ਦਰਮਿਆਨ ਜਲੰਧਰ ਦੇ ਗੁਰਦੁਆਰਾ ਅਰਬਨ ਸਟੇਟ ਵਿਖੇ ਖੇਤੀ ਮਾਹਿਰ ਸਵਾਮੀਨਾਥਨ ਦੀ ਯਾਦ ਵਿੱਚ ਭੋਗ ਸਮਾਗਮ 'ਤੇ ਇਕੱਠੀਆਂ ਹੋਈਆਂ ਕਿਸਾਨ ਜਥੇਬੰਦੀਆਂ ਨੇ ਪੰਜਾਬ ਦੇ ਪਾਣੀ ਅਤੇ ਭਾਖੜਾ ਮੈਨੇਜਮੈਂਟ ਬੋਰਡ ਸਮੇਤ ਕਈ ਹੋਰ ਮੁੱਦਿਆਂ 'ਤੇ ਸਾਂਝਾ ਸੰਘਰਸ਼ ਵਿੱਢਣ ਲਈ 18 ਅਕਤੂਬਰ ਨੂੰ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਐਲਾਨ ਕਰਨ ਦਾ ਸੱਦਾ ਦਿੱਤਾ ਹੈ। ਉਧਰ 'ਆਪ' ਸਰਕਾਰ ਨੇ ਐਸ.ਵਾਈ.ਐਲ. ਸਮੇਤ ਪੰਜਾਬ ਦੇ ਭਖਦੇ ਮੁੱਦਿਆਂ 'ਤੇ ਚਰਚਾ ਲਈ 20-21 ਅਕਤੂਬਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਲਿਆ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਸ ਸਬੰਧੀ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

ਇਸ ਮੁੱਦੇ ਨੂੰ ਰਾਜਨੀਤਿਕ ਚਰਚਾ ਦੇ ਕੇਂਦਰ ਵਿੱਚ ਲਿਆਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਸ.ਵਾਈ.ਐਲ. ਨਹਿਰ ਸਮੇਤ ਪੰਜਾਬ ਦੇ ਸਾਰੇ ਮਸਲਿਆਂ 'ਤੇ ਰਾਜ ਦੀਆਂ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਬਹਿਸ ਕਰਨ ਦੀ ਚੁਣੌਤੀ ਦਿੱਤੀ ਹੈ। ਵਿਰੋਧੀ ਰਾਜਨੀਤਿਕ ਪਾਰਟੀਆਂ ਦੇ ਆਗੂ ਵੀ ਇਸ ਮਸਲੇ 'ਤੇ ਬਹਿਸ ਕਰਵਾਉਣ ਲਈ ਕਾਹਲੇ ਹੋ ਗਏ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਹਿਸ ਜਲਦੀ ਕਰਨ ਲਈ ਕਿਹਾ। ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੁੱਖ ਮੰਤਰੀ ਨੂੰ ਕੁਝ ਸਵਾਲ ਕਰਦਿਆਂ ਕਿਹਾ ਕਿ ਜੇ ਉਹ ਇਨ੍ਹਾਂ ਸਵਾਲਾਂ ਦੇ ਜਵਾਬ ਜਨਤਕ ਤੌਰ 'ਤੇ ਦੇਣਗੇ ਤਾਂ ਉਹ ਖੁੱਲ੍ਹੀ ਬਹਿਸ ਦੀ ਚੁਣੌਤੀ ਲਈ ਤਿਆਰ ਹਨ। ਆਪਣੇ ਸੁਆਲਾਂ ਵਿੱਚ ਉਨ੍ਹਾਂ ਵਧ ਰਹੇ ਅਪਰਾਧਕ ਕੇਸਾਂ, ਨਸ਼ੇ ਨਾਲ ਮੌਤਾਂ, ਕਿਸਾਨ ਖੁਦਕੁਸ਼ੀਆਂ, ਕਿਸਾਨ ਕਰਜ਼ੇ, ਹੜ੍ਹਾਂ ਦਾ ਮੁਆਵਜ਼ਾ ਅਤੇ ਇਸ਼ਤਿਹਾਰਬਾਜ਼ੀ 'ਤੇ 'ਆਪ' ਵਲੋਂ ਖਰਚ ਕੀਤੇ ਜਾ ਰਹੇ ਪੈਸੇ 'ਤੇ ਸੁਆਲ ਖੜ੍ਹੇ ਕੀਤੇ ਹਨ। ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਬਾਜਵਾ ਨੇ ਇਹ ਬਹਿਸ ਵਿਧਾਨ ਸਭਾ ਦੀ ਥਾਂ ਕਿਸੇ ਹੋਰ ਸਾਂਝੀ ਥਾਂ 'ਤੇ ਕਰਵਾਉਣ ਲਈ ਕਿਹਾ। ਉਨ੍ਹਾਂ ਇਹ ਵੀ ਕਿਹਾ ਕਿ ਇਹ ਬਹਿਸ ਸੁਪਰੀਮ ਕੋਰਟ ਜਾਂ ਹਾਈਕੋਰਟ ਦੇ ਕਿਸੇ ਰਿਟਾਇਰ ਜੱਜ ਦੀ ਅਗਵਾਈ ਵਿੱਚ ਹੋਵੇ। ਕਾਂਗਰਸ ਪਾਰਟੀ ਵਲੋਂ 9 ਅਕਤੂਬਰ ਨੂੰ ਐਸ.ਵਾਈ.ਐਲ. ਦੇ ਮੁੱਦੇ ਨੂੰ ਲੈ ਕੇ ਚੰਡੀਗੜ੍ਹ ਵਿੱਚ ਪ੍ਰਦਰਸ਼ਨ ਵੀ ਕੀਤਾ ਗਿਆ। ਅਗਲੇ ਦਿਨ ਅਕਾਲੀ ਦਲ ਵੱਲੋਂ ਵੀ ਚੰਡੀਗੜ੍ਹ ਵਿੱਚ ਪ੍ਰਦਰਸ਼ਨ ਹੋਇਆ। ਪੰਜਾਬ ਭਾਜਪਾ ਦੇ ਮੁਖੀ ਸੁਨੀਲ ਜਾਖੜ ਨੇ ਵੀ ਕਿਹਾ ਹੈ ਕਿ ਉਹ ਹਰ ਮਸਲੇ 'ਤੇ ਬਹਿਸ ਕਰ ਲਈ ਤਿਆਰ ਹਨ।

**ਕਿਸਾਨ ਜਥੇਬੰਦੀਆਂ ਪਾਣੀਆਂ ਦੇ ਮੁੱਦੇ 'ਤੇ ਸੰਘਰਸ਼ ਲਈ ਤਹੂ**



ਯਾਦ ਰਹੇ, 5 ਅਕਤੂਬਰ ਵਾਲੇ ਦਿਨ ਹਰਿਆਣਾ ਸਰਕਾਰ ਦੀ ਇੱਕ ਪਟੀਸ਼ਨ 'ਤੇ ਸੁਪਰੀਮ ਕੋਰਟ ਵਲੋਂ ਐਸ.ਵਾਈ.ਐਲ. ਨਹਿਰ ਦਾ ਸਰਵੇਖਣ ਕਰਵਾਉਣ ਅਤੇ ਪੰਜਾਬ ਦੇ ਦਰਿਆਵਾਂ ਵਿੱਚ ਵਗਦੇ ਪਾਣੀ ਦਾ ਅੰਦਾਜ਼ਾ ਲਾਉਣ ਲਈ ਕੇਂਦਰ ਸਰਕਾਰ ਨੂੰ ਦਿੱਤੀ ਗਈ ਹਦਾਇਤ ਨਾਲ ਇਸ ਮੁੱਦੇ ਦੀ ਸਿੰਗੜੀ ਦੁਬਾਰਾ ਛਿੜ ਗਈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਹੈ ਕਿ ਕੇਂਦਰ ਸਰਕਾਰ ਵਿੱਚ ਪੈ ਕੇ ਦੋਹਾਂ ਰਾਜਾਂ ਵਿਚਕਾਰ ਦੇਰ ਤੋਂ ਲਟਕ ਰਹੇ ਇਸ ਮਸਲੇ ਨੂੰ ਹੱਲ ਕਰਵਾਏ ਅਤੇ ਪੰਜਾਬ ਤੋਂ ਇਸ ਨਹਿਰ ਦੀ ਉਸਾਰੀ ਕਰਵਾਏ। ਨਹੀਂ ਤਾਂ ਫਿਰ ਕਿੰਨਾ ਵੀ ਅਸੁਖਾਵਾਂ (ਅਨਪਲੇਟੇਅਬਲ) ਹੋਵੇ, ਸਰਬਉੱਚ ਅਦਾਲਤ ਇਸ ਦਾ ਫੈਸਲਾ ਕਰੇਗੀ।

ਇਥੇ ਇਹ ਵੀ ਦਸੱਣਯੋਗ ਹੈ ਕਿ ਨਹਿਰ ਨੂੰ ਲੈ ਕੇ ਪੰਜਾਬ ਇਹ ਦਲੀਲ ਦੇ ਰਿਹਾ ਹੈ ਕਿ ਪੰਜਾਬ ਦੇ ਦਰਿਆਵਾਂ ਵਿੱਚ ਪਾਣੀ ਦਾ ਵਹਾਓ ਘਟ ਗਿਆ ਹੈ। ਰਾਜ ਕੋਲ ਕਿਸੇ ਹੋਰ ਨੂੰ ਦੇਣ ਲਈ ਪਾਣੀ ਉਪਲਬਧ ਨਹੀਂ ਹੈ। ਇਹ ਦਲੀਲਾਂ ਵੀ ਸਾਹਮਣੇ ਆ ਰਹੀਆਂ ਹਨ ਕਿ ਪੰਜਾਬ ਵਿਧਾਨ ਸਭਾ ਵਲੋਂ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ 'ਟਰਮੀਨੇਸ਼ਨ ਆਫ ਪੰਜਾਬ ਵਾਟਰ ਐਗਰੀਮੈਂਟ ਐਕਟ' ਪਾਸ ਕੀਤਾ ਜਾ ਚੁੱਕਾ ਹੈ। ਇਸ ਨੂੰ ਕਿਸੇ ਵੀ ਧਿਰ ਨੇ ਚੁਣੌਤੀ ਨਹੀਂ ਦਿੱਤੀ। ਇਸ ਤੋਂ ਇਲਾਵਾ ਅਕਾਲੀ ਸਰਕਾਰ ਵਲੋਂ ਆਪਣੇ ਆਖਰੀ ਸਮੇਂ ਦੌਰਾਨ ਨਹਿਰ ਦੀ ਜ਼ਮੀਨ ਡੀਨੋਟੀਫਾਈ ਕਰਕੇ ਸਬੰਧਤ ਕਿਸਾਨਾਂ ਦੇ ਹਵਾਲੇ ਕੀਤੀ ਜਾ ਚੁੱਕੀ ਹੈ। ਪੰਜਾਬ ਦੀਆਂ ਇਹ ਦਲੀਲਾਂ ਕੇਂਦਰ ਸਰਕਾਰ ਦੇ ਪ੍ਰਤੀਨਿਧਾਂ ਨੇ ਵੀ ਸੁਣਵਾਈ ਕਰ ਰਹੇ ਸੁਪਰੀਮ ਕੋਰਟ ਦੇ ਬੈਂਚ ਸਾਹਮਣੇ ਰੱਖੀਆਂ ਹਨ। ਸੁਪਰੀਮ ਕੋਰਟ ਨੇ ਇਸ ਦੌਰਾਨ ਪੰਜਾਬ ਦੇ ਪ੍ਰਤੀਨਿਧ ਵਕੀਲਾਂ ਨੂੰ ਚਿਤਾਰਿਆ ਕਿ ਇਹ ਮਸਲਾ ਹੁਣ ਆਖਰੀ ਪੜਾਅ 'ਤੇ ਪਹੁੰਚ ਚੁੱਕਾ ਹੈ, ਤੁਹਾਨੂੰ ਕੁਝ ਕਦਮ ਚੁਕਣੇ ਹੀ ਹੋਣਗੇ।

ਜ਼ਿਕਰਯੋਗ ਹੈ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦਾ ਨੀਂਹ ਪੱਥਰ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਪਿੰਡ ਕਪੂਰੀ ਵਿਖੇ 1982 ਵਿੱਚ ਰੱਖਿਆ ਗਿਆ ਸੀ। ਇਸ ਸਬੰਧ ਵਿੱਚ ਪਾਣੀ ਦੀ ਵੰਡ ਦਾ ਸਮਝੌਤਾ 1981 ਵਿੱਚ ਹੋਇਆ ਸੀ। ਇਸ ਦੇ ਨਾਲ ਹੀ ਅਕਾਲੀਆਂ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਮਿਲ ਕੇ ਨਹਿਰ ਦੀ ਪੁਟਵਾਈ ਰੁਕਵਾਉਣ ਲਈ ਮੋਰਚਾ ਲਗਾ ਦਿੱਤਾ ਸੀ। ਇਸ ਮੋਰਚੇ ਨੂੰ ਕਪੂਰੀ ਮੋਰਚੇ ਦਾ ਨਾਂ ਦਿੱਤਾ ਗਿਆ। ਇਹ ਸ਼ਾਂਤਮਈ ਮੋਰਚਾ ਆਪਣੇ ਦੂਜੇ ਦੌਰ ਵਿੱਚ ਧਰਮਯੁੱਧ ਮੋਰਚੇ ਵਿੱਚ ਪਲਟ ਗਿਆ ਅਤੇ ਬਾਅਦ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਖਾੜਕੂ ਲਹਿਰ ਉਭਰ ਆਈ। ਇਸ ਲੜਾਈ ਦੇ ਚਲਦੇ ਹੀ ਆਪਰੇਸ਼ਨ ਬਲੂ ਸਟਾਰ ਹੋਇਆ ਤੇ ਖਾੜਕੂਆਂ ਵਲੋਂ ਨਹਿਰ ਨਾਲ ਜੁੜੇ ਸੀਨੀਅਰ ਇੰਜੀਨੀਅਰਾਂ ਤੇ ਨਹਿਰ 'ਤੇ ਕੰਮ ਕਰਦੀ ਲੇਬਰ ਦਾ ਪਿੰਡ ਮਜਾਤ ਨੇੜੇ ਕਤਲ ਕਰ ਦਿੱਤਾ ਗਿਆ। ਉਦੋਂ ਤੋਂ ਬਾਅਦ ਹੀ ਇਸ ਨਹਿਰ ਦੀ ਉਸਾਰੀ ਦਾ ਕੰਮ ਠੱਪ ਪਿਆ ਹੈ।

1996 ਵਿੱਚ ਹਰਿਆਣਾ ਨੇ ਸੁਪਰੀਮ ਕੋਰਟ ਵਿੱਚ ਇਸ ਨਹਿਰ ਦੀ ਉਸਾਰੀ ਸ਼ੁਰੂ ਕਰਵਾਉਣ ਲਈ ਪਟੀਸ਼ਨ ਦਾਇਰ ਕੀਤੀ। ਇਸ ਪਟੀਸ਼ਨ 'ਤੇ 2002 ਵਿੱਚ ਦਿੱਤੇ ਗਏ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਪੰਜਾਬ ਨੂੰ ਪਾਣੀ ਦੀ ਵੰਡ ਦਾ ਆਪਣਾ ਵਾਅਦਾ ਪੂਰਾ ਕਰਨ ਲਈ ਕਿਹਾ ਅਤੇ ਕੇਂਦਰ ਨੂੰ ਨਹਿਰ ਉਸਾਰੀ ਦਾ ਕੰਮ ਆਪਣੇ ਹੱਥ ਲੈਣ ਲਈ ਵੀ ਕਹਿ ਦਿੱਤਾ। ਸਾਲ 2004 ਵਿੱਚ ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਗੁਆਂਢੀ ਰਾਜਾਂ ਨਾਲ ਹੋਏ ਸਾਰੇ ਸਮਝੌਤੇ ਰੱਦ ਕਰਦਾ ਕਾਨੂੰਨ ਪਾਸ ਕਰ ਦਿੱਤਾ। 2016 ਵਿੱਚ ਸੁਪਰੀਮ ਕੋਰਟ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਸਮਝੌਤੇ ਰੱਦ ਕਰਨ ਦੇ ਕਾਨੂੰਨ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ। ਅਗਲੇ ਸਾਲ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਨਹਿਰ ਦੀ ਜ਼ਮੀਨ ਡੀਨੋਟੀਫਾਈ ਕਰਕੇ ਅਸਲ ਮਾਲਕਾਂ ਨੂੰ ਵਾਪਸ ਕਰਨ ਦਾ ਫੈਸਲਾ ਕਰ ਦਿੱਤਾ। ਸਾਲ 2020 ਵਿੱਚ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਦੋਹਾਂ ਰਾਜਾਂ ਵਿਚਕਾਰ ਵਿਚੋਲਗੀ ਕਰਨ ਲਈ ਕਿਹਾ ਤਾਂ ਕਿ ਆਪਸੀ ਸਹਿਮਤੀ ਨਾਲ ਨਹਿਰ ਦੀ ਉਸਾਰੀ ਹੋ ਸਕੇ। ਜਨਵਰੀ 2023 ਵਿੱਚ ਕੇਂਦਰ ਸਰਕਾਰ ਨੇ ਦੋਹਾਂ ਰਾਜਾਂ ਵਿੱਚ ਗੱਲਬਾਤ ਕਰਵਾਉਣ ਦਾ ਯਤਨ ਕੀਤਾ, ਪਰ ਇਹ ਗੱਲਬਾਤ ਵੀ ਫੇਲ੍ਹ ਹੋ ਗਈ। ਹੁਣ ਫਿਰ ਸੁਪਰੀਮ ਕੋਰਟ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਨਾਲ ਇਸ ਨਹਿਰ ਦੀ ਚਰਚਾ ਛਿੜ ਪਈ ਹੈ।

ਮੁੱਖ ਮੰਤਰੀ ਸਮੇਤ ਤਕਰੀਬਨ ਸਾਰੀਆਂ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਇਸ ਮਸਲੇ 'ਤੇ 20-21 ਅਕਤੂਬਰ ਦੇ ਵਿਸ਼ੇਸ਼ ਸੈਸ਼ਨ ਵਿੱਚ ਬਹਿਸ ਦਾ ਅਖਾੜਾ ਮਘਾਉਣ ਲਈ ਤਿਆਰ ਹਨ। ਇਸ ਬਹਿਸ ਨੂੰ ਮੁੱਦੇ 'ਤੇ ਕੇਂਦਰਤ ਰੱਖਣਾ ਚੁਣੌਤੀਪੂਰਨ ਹੋਏਗਾ। ਇਸ ਦੇ ਹੋਰ ਬਹੁਤ ਸਾਰੇ ਦੋਸ਼ਾਂ-ਪ੍ਰਤੀਦੋਸ਼ਾਂ ਵਿੱਚ ਖਿਲਰ ਜਾਣ ਦੇ ਆਸਾਰ ਹਨ। ਐਸ.ਵਾਈ.ਐਲ. ਨਹਿਰ ਦੇ ਮੁੱਦੇ 'ਤੇ ਵਿਸ਼ੇਸ਼ ਸੈਸ਼ਨ ਸੱਦਣ ਦੀ ਸਲਾਹ ਕਾਂਗਰਸ ਪਾਰਟੀ ਦੇ ਆਗੂਆਂ ਨੇ ਦਿੱਤੀ ਸੀ। ਇਸ ਵਿੱਚ ਸਾਰੀਆਂ ਪਾਰਟੀਆਂ ਦੀ ਪਹੁੰਚ ਸਾਹਮਣੇ ਆਉਣ ਦੀ ਉਮੀਦ ਹੈ। ਪੰਜਾਬ ਦੀਆਂ ਪਾਰਟੀਆਂ ਨੂੰ ਆਪਣੇ ਦਰਿਆਈ ਪਾਣੀਆਂ ਦੇ ਮਸਲੇ ਦਾ ਵਾਜਬ ਹੱਲ ਕਰਨ ਲਈ ਪਾਣੀਆਂ ਦੀ ਵੰਡ ਬਾਰੇ ਕੌਮਾਂਤਰੀ ਅਸੂਲਾਂ/ਕਾਨੂੰਨਾਂ ਦਾ ਆਸਰਾ ਲੈਣਾ ਚਾਹੀਦਾ ਹੈ, ਜੋ ਰਿਪੇਰੀਅਨ ਰਾਜਾਂ ਦਾ ਪੱਖ ਪੂਰਦੇ ਹਨ।

# ਹਮਾਸ ਦਾ ਇਜ਼ਰਾਇਲ 'ਤੇ ਹਮਲਾ

'ਤੇ ਇਮਾਰਤਾਂ ਢਹਿਢੇਰੀ ਹੋ ਗਈਆਂ ਹਨ। ਬੇਤ ਹਨੂਨ ਕਸਬੇ ਦੀਆਂ ਜ਼ਿਆਦਾਤਰ ਇਮਾਰਤਾਂ ਜ਼ਮੀਨਦੋਜ਼ ਹੋ ਗਈਆਂ ਹਨ। ਗਾਜ਼ਾ ਪੱਟੀ ਵਿੱਚ 23 ਲੱਖ ਦੇ ਕਰੀਬ ਲੋਕ ਰਹਿੰਦੇ ਹਨ।

ਹਮਾਸ ਸੰਗਠਨ ਪਿਛਲੇ ਕਾਫੀ ਸਮੇਂ ਤੋਂ ਇਜ਼ਰਾਇਲ ਨੂੰ ਅਜਿਹੇ ਸੰਕੇਤ ਦਿੰਦਾ ਰਿਹਾ ਹੈ ਕਿ ਉਹ ਗਾਜ਼ਾ ਪੱਟੀ ਦੇ ਕਾਮਿਆਂ ਦੇ ਸਰਹੱਦ ਪਾਰ ਇਜ਼ਰਾਇਲ ਵਿੱਚ ਕੰਮ ਉਪਲਬਧ ਹੁੰਦੇ ਰਹਿਣ ਵਿੱਚ ਖੁਸ਼ ਹੈ ਅਤੇ ਕੋਈ ਹੋਰ ਹਮਲਾ ਕਰਨ ਦੀ ਮਨਸ਼ਾ ਨਹੀਂ ਰੱਖਦਾ; ਪਰ ਅੰਦਰਖਾਤੇ ਇਸ ਹਮਲੇ ਦੀ ਤਿਆਰੀ ਲਗਾਤਾਰ ਕੀਤੀ ਜਾਂਦੀ ਰਹੀ। ਇਸ ਨੂੰ ਇਜ਼ਰਾਇਲ ਦੀ ਦੁਨੀਆਂ ਵਿੱਚ ਬਹੁਤ ਤਾਕਤਵਰ ਮੰਨੀਆਂ ਜਾ ਰਹੀਆਂ ਸੂਹੀਆ ਏਜੰਸੀਆਂ ਦੀ ਅਸਫਲਤਾ ਵੀ ਮੰਨਿਆ ਜਾ ਰਿਹਾ ਹੈ। ਇਜ਼ਰਾਇਲ ਉਤੇ ਕੀਤਾ ਗਿਆ ਇਹ ਹਮਲਾ 1973 ਤੋਂ ਪਿੱਛੋਂ ਅਰਬ ਮੁਲਕਾਂ ਵਲੋਂ ਕੀਤੇ ਗਏ ਹਮਲੇ ਤੋਂ ਬਾਅਦ ਸਭ ਤੋਂ ਵੱਡਾ ਹਮਲਾ ਹੈ। ਇਸਰਾਈਲ ਦੇ ਆਗੂਆਂ ਨੇ ਮੰਨਿਆ ਕਿ ਉਹ ਅਚਿੰਤੇ ਫੜੇ ਗਏ। ਇਜ਼ਰਾਇਲ ਫੌਜਾਂ ਦੇ ਬੁਲਾਰੇ ਮੇਜਰ ਨੀਰ ਦਿਨਾਰ ਨੇ ਕਿਹਾ ਕਿ ਇਹ ਸਾਡੇ ਖਿਲਾਫ ਇੱਕ ਕਿਸਮ ਦਾ 9/11 ਹੀ ਹੈ। ਹਮਾਸ ਦੇ ਇਸ ਹਮਲੇ ਨੇ ਇਜ਼ਰਾਇਲ ਦੇ ਖੁਫੀਆ ਤੰਤਰ ਅਤੇ ਮਜ਼ਬੂਤ ਡਿਫੈਂਸ ਸਿਸਟਮ ਬਾਰੇ ਕਈ ਮਿੱਥਾਂ ਤੋੜ ਦਿੱਤੀਆਂ ਹਨ।

ਇਸ ਤੋਂ ਪਹਿਲਾਂ ਫਲਿਸਤੀਨੀ ਲਿਬਰੇਸ਼ਨ ਆਰਗੇਨਾਈਜੇਸ਼ਨ (ਪੀ.ਐਲ.ਓ.) ਅਤੇ ਹਮਾਸ ਵੱਲੋਂ ਲੜਾਈ ਦੇ ਗੁਰੀਲਾ ਢੰਗ ਵਰਤੇ ਜਾਂਦੇ ਰਹੇ ਹਨ; ਪਰ ਤਾਜ਼ਾ ਹਮਲਾ 1987 ਵਿੱਚ ਉਭਰੀ ਫਲਿਸਤੀਨੀਆਂ ਦੀ ਖਾੜਕੂ ਜਥੇਬੰਦੀ 'ਹਮਾਸ' ਨੇ ਦੋ ਫੌਜਾਂ ਵਿਚਾਲੇ ਸਿੱਧੀ ਟੱਕਰ ਵਾਲਾ ਕਲੇਸ਼ ਸ਼ੁਰੂ ਕਰ ਲਿਆ ਹੈ। ਇਸ ਹਮਲੇ ਦੌਰਾਨ ਹਮਾਸ ਦੇ ਲਗਭਗ 1000 ਲੜਾਕੇ ਇਜ਼ਰਾਇਲ ਦੀ ਸਰਹੱਦ ਅੰਦਰ ਵੜੇ ਅਤੇ ਗਾਜ਼ਾ ਸਰਹੱਦ ਨਜ਼ਦੀਕ ਚੱਲ ਰਹੇ ਸੰਗੀਤਕ ਮੇਲੇ (ਮਿਊਜ਼ਿਕ ਫੈਸਟੀਵਲ) ਵਿੱਚ ਵੱਡੀ ਮਾਰ ਧਾੜ ਕੀਤੀ; ਪਰ ਹਮਾਸ ਵੱਲੋਂ ਸ਼ੁਰੂ ਕੀਤੀ ਗਈ ਇਸ ਸਿੱਧੀ ਜੰਗ ਵਿੱਚ ਇਜ਼ਰਾਇਲੀ ਫੌਜ ਦੇ ਭਾਰੂ ਪੈਣ ਦੇ ਆਸਾਰ ਹਨ। ਹਮਲਾ ਹੁੰਦੇ ਹੀ ਅਮਰੀਕਾ ਸਾਫ ਰੂਪ ਵਿੱਚ ਇਜ਼ਰਾਇਲ ਦੇ ਨਾਲ ਆ ਗਿਆ ਹੈ, ਜਦਕਿ ਹੋਰ ਬਹੁਤ ਸਾਰੇ ਮੁਲਕਾਂ ਨੇ ਸੰਕੋਚਵੇਂ ਜਿਹੇ ਸਟੈਂਡ ਲਏ ਹਨ।

ਯੂਰਪੀਅਨ ਯੂਨੀਅਨ ਨੇ ਭਾਵੇਂ ਹਮਾਸ ਦੇ ਹਮਲੇ ਦੀ ਨਿੰਦਾ ਕੀਤੀ ਹੈ, ਪਰ ਗਾਜ਼ਾ ਪੱਟੀ ਵਿੱਚ ਇਜ਼ਰਾਇਲੀ ਹਮਲਿਆਂ ਕਾਰਨ ਪੈਦਾ ਹੋਏ ਮਾਨਵੀ ਸੰਕਟ ਦੇ ਮੱਦੇਨਜ਼ਰ ਯੂਨੀਅਨ ਨਾਲ ਜੁੜੇ ਮੁਲਕਾਂ ਵਿਚਲੇ ਖਾਤਿਆਂ ਵਿੱਚੋਂ ਫਲਿਸਤੀਨੀਆਂ ਦੇ ਪੈਸੇ ਦੇ ਲੈਣ-ਦੇਣ 'ਤੇ ਪਾਬੰਦੀ ਨਾ ਲਾਉਣ ਦਾ ਫੈਸਲਾ ਕੀਤਾ ਹੈ। ਚੀਨ ਨੇ ਦੋਹਾਂ ਧਿਰਾਂ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਕਿਹਾ ਹੈ ਅਤੇ ਦੋ ਮੁਲਕਾਂ ਦੀ ਹੋਂਦ ਨੂੰ ਮੰਨਣ 'ਤੇ ਜ਼ੋਰ ਦਿੱਤਾ ਹੈ। ਰੂਸ ਫਲਿਸਤੀਨੀਆਂ ਲਈ ਇੱਕ ਆਜ਼ਾਦ ਮੁਲਕ ਕਾਇਮ ਕਰਨ ਦੇ ਹੱਕ ਵਿੱਚ ਨਿੱਤਰ ਆਇਆ ਹੈ। ਭਾਰਤ ਨੇ ਇਜ਼ਰਾਇਲ ਦੇ ਪੱਖ ਵਿੱਚ ਸਾਫ ਸਟੈਂਡ ਲੈਂਦਿਆਂ ਕਿਹਾ ਇਸ ਔਖੀ ਘੜੀ ਵਿੱਚ ਭਾਰਤ ਇਜ਼ਰਾਇਲ ਦੇ ਨਾਲ ਹੈ। ਇਸ ਦੇ ਉਲਟ ਵਿਰੋਧੀ ਕਾਂਗਰਸ ਪਾਰਟੀ ਨੇ ਨਰਮ ਜਿਹਾ ਸਟੈਂਡ ਲੈਂਦਿਆਂ ਦੋਹਾਂ ਧਿਰਾਂ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣ ਅਤੇ ਅਮਨ ਅਮਾਨ ਦਾ ਸੱਦਾ ਦਿੱਤਾ।

ਇਸ ਤੋਂ ਇਲਾਵਾ ਸਾਉਦੀ ਅਰਬ ਅਤੇ ਯੂ.ਏ.ਈ. ਨੇ ਵੀ ਮਲਵੀਂ ਜਿਹੀ ਜੀਭ ਨਾਲ ਫਲਿਸਤੀਨੀਆਂ ਦਾ ਪੱਖ ਪੂਰਿਆ ਹੈ; ਜਦਕਿ ਪਾਕਿਸਤਾਨ ਅਤੇ ਬੰਗਲਾ ਦੇਸ਼ ਪੂਰੀ ਤਰ੍ਹਾਂ ਫਲਿਸਤੀਨੀਆਂ ਦੇ ਹੱਕ ਵਿੱਚ ਆ ਗਏ ਹਨ। ਹਮਾਸ ਵੱਲੋਂ ਜਿੱਡਾ ਵੱਡਾ ਹਮਲਾ ਇਜ਼ਰਾਇਲੀਆਂ 'ਤੇ ਕੀਤਾ ਗਿਆ ਹੈ, ਉਸ ਦੇ ਲਈ ਫੌਜੀ ਟਰੇਨਿੰਗ ਦੇਣ ਦੇ ਨੁਕਤੇ ਤੋਂ ਇਰਾਨ ਵੱਲ ਉਂਗਲ ਉੱਠ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਇਰਾਨ ਨੇ ਹੀ ਹਥਿਆਰ ਸਪਲਾਈ ਕੀਤੇ; ਪਰ ਇਰਾਨ ਦੇ ਸਰਬਉੱਚ ਅਧਿਆਤਮਕ ਮੁਖੀ ਆਇਤੁਲਾ ਖੁਮੀਨੀ ਨੇ ਇਰਾਨ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਤੇ ਕਿਹਾ ਹੈ ਕਿ ਇਸ ਹਮਲੇ ਲਈ ਇਜ਼ਰਾਇਲ ਵੱਲੋਂ ਫਲਿਸਤੀਨ 'ਤੇ ਲਗਾਤਾਰ ਕੀਤਾ ਗਿਆ ਜ਼ੁਲਮ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਗਾਜ਼ਾ ਪੱਟੀ 'ਤੇ ਮੋੜਵੇਂ ਹਮਲੇ ਨਾਲ ਇਹ ਸਮੱਸਿਆ ਹੋਰ ਵਿਗੜੇਗੀ।


ਯਾਦ ਰਹੇ, ਯਹੂਦੀ ਮੁਲਕ 'ਇਜ਼ਰਾਇਲ' ਕਾਇਮ ਕਰਨ ਦਾ ਵਿਚਾਰ ਪਿਛਲੀ ਸਦੀ ਦੇ ਮੁਢ ਵਿੱਚ ਬਰਤਾਨਵੀ ਕਬਜ਼ੇ ਵਾਲੇ ਫਲਿਸਤੀਨ ਦੌਰਾਨ ਪਨਪਿਆ ਅਤੇ ਉਨ੍ਹਾਂ ਦੇ ਜਾਣ ਬਾਅਦ ਇਹ ਦੇਸ਼ ਜਨਮਿਆ। ਇਜ਼ਰਾਇਲ ਆਪਣੇ ਜਨਮ ਦੇ ਨਾਲ ਹੀ ਵਿਰੋਧ ਅਤੇ ਹਿੰਸਾ ਦੀ ਪੀੜ ਲੈ ਕੇ ਜੰਮਿਆ ਸੀ। 2 ਨਵੰਬਰ 1917 ਨੂੰ ਬਰਤਾਨੀਆ ਦੇ ਉਸ ਵੇਲੇ ਦੇ ਵਿਦੇਸ਼ ਸਕੱਤਰ ਅਰਥਰ ਬਲਫੋਰ ਨੇ ਬਰਤਾਨਵੀ ਯਹੂਦੀ ਆਗੂ ਨੂੰ ਇੱਕ ਛੋਟੀ ਜਿਹੀ ਚਿੱਠੀ ਲਿਖ ਕੇ ਫਲਿਸਤੀਨ ਵਿੱਚ ਯਹੂਦੀ ਵਸੇਬੇ ਦਾ ਅਮਲ ਸ਼ੁਰੂ ਕੀਤਾ ਸੀ। ਇਸ ਤੋਂ ਪਿੱਛੋਂ ਵੱਡੀ ਪੱਧਰ 'ਤੇ ਯਹੂਦੀਆਂ ਨੂੰ ਵਸਾਇਆ ਗਿਆ, ਜਿਥੇ 90 ਫੀਸਦੀ ਅਬਾਦੀ ਫਲਿਸਤੀਨੀ ਅਰਬਾਂ ਦੀ ਸੀ।

ਸਾਲ 1947 ਵਿੱਚ ਜਦੋਂ ਫਲਿਸਤੀਨ ਵਿੱਚ ਯਹੂਦੀ ਅਬਾਦੀ 33 ਫੀਸਦੀ ਹੋ ਗਈ ਅਤੇ ਉਨ੍ਹਾਂ ਨੇ 6 ਫੀਸਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਤਾਂ ਸੰਯੁਕਤ ਰਾਸ਼ਟਰ ਨੇ ਮਤਾ 181 ਪਾਇਆ, ਜਿਸ ਅਨੁਸਾਰ ਫਲਿਸਤੀਨ ਦੀ ਧਰਤੀ ਨੂੰ ਯਹੂਦੀ ਅਤੇ ਅਰਬ ਅਬਾਦੀ ਵਾਲੇ ਦੋ ਮੁਲਕਾਂ ਵਿੱਚ ਵੰਡਣ ਦੀ ਤਜਵੀਜ਼ ਲਿਆਂਦੀ ਗਈ। ਅਰਬਾਂ ਨੇ ਇਸ ਮਤੇ ਦਾ ਵਿਰੋਧ ਕੀਤਾ, ਕਿਉਂਕਿ ਇਸ ਵਿੱਚ 56 ਫੀਸਦੀ ਜ਼ਮੀਨ ਇਜ਼ਰਾਇਲ ਨੂੰ ਦਿੱਤੀ ਗਈ ਸੀ। ਇਸ ਮੌਕੇ 94 ਫੀਸਦੀ ਜ਼ਮੀਨ ਉਪਰ ਅਰਬ ਫਲਿਸਤੀਨੀ ਕਾਬਜ਼ ਸਨ। ਲੱਖਾਂ ਫਲਿਸਤੀਨੀਆਂ ਦੇ ਉਜਾੜੇ ਅਤੇ ਕੁੱਟਮਾਰ ਤੋਂ ਬਾਅਦ 14 ਮਈ 1948 ਨੂੰ ਇਜ਼ਰਾਇਲ ਦੀ ਸਥਾਪਨਾ ਦਾ ਐਲਾਨ ਹੋਇਆ। ਇਸ ਤੋਂ ਬਾਅਦ ਬਰਤਾਨੀਆ ਅਤੇ ਅਮਰੀਕਾ ਦੀ ਮਦਦ ਨਾਲ ਫਲਿਸਤੀਨ ਵਿੱਚ ਮੂਲ ਬਾਸ਼ਿੰਦੇ ਸੁੰਗੜਦੇ ਗਏ ਅਤੇ ਉਨ੍ਹਾਂ ਦਾ ਵਸੇਬਾ ਗਾਜ਼ਾ ਪੱਟੀ ਅਤੇ ਵੈਸਟ ਬੈਂਕ ਤੱਕ ਸੀਮਤ ਹੋ ਕੇ ਰਹਿ ਗਿਆ। ਵੈਸਟ ਬੈਂਕ ਵਿੱਚ ਵੀ ਹੁਣ ਜ਼ਬਰਦਸਤੀ ਯਹੂਦੀ ਕਲੋਨੀਆਂ ਵਸਾਈਆਂ ਜਾ ਰਹੀਆਂ ਹਨ।

1993 ਵਿੱਚ ਜਦੋਂ ਬਿਲ ਕਲਿੰਟਨ ਅਮਰੀਕਾ ਦੇ ਰਾਸ਼ਟਰਪਤੀ ਸਨ ਤਾਂ ਉਨ੍ਹਾਂ ਦੋਹਾਂ ਧਿਰਾਂ ਵਿੱਚ ਸਮਝੌਤਾ ਕਰਵਾਇਆ। ਇਸ ਨੂੰ 'ਓਸਲੋ' ਸਮਝੌਤਾ ਕਿਹਾ ਗਿਆ। ਉਸ ਸਮਝੌਤੇ ਵਿੱਚ ਫਲਿਸਤੀਨ ਨੂੰ ਆਪਣੇ ਸੀਮਤ ਇਲਾਕੇ ਵਿੱਚ ਅੰਤਰਿਮ ਸਰਕਾਰ ਬਣਾਉਣ ਦੇ ਅਧਿਕਾਰ ਮਿਲੇ। ਇਸ ਸਾਰੇ ਦੌਰ ਵਿੱਚ ਫਲਿਸਤੀਨ ਲਿਬਰੇਸ਼ਨ ਆਰਗੇਨਾਈਜੇਸ਼ਨ (ਪੀ.ਐਲ.ਓ.) ਫਲਿਸਤੀਨੀਆਂ ਦੀ ਮੁੱਖ ਪ੍ਰਤੀਨਿਧ ਜਥੇਬੰਦੀ ਸੀ ਅਤੇ ਯਾਸਰ ਅਰਾਫਾਤ ਉਸ ਦੇ ਆਗੂ ਸਨ। ਉਨ੍ਹਾਂ ਫਲਿਸਤੀਨੀ ਜ਼ਮੀਨ 'ਤੇ ਦੋ ਮੁਲਕਾਂ ਦੀ ਥਿਊਰੀ ਨੂੰ ਪ੍ਰਵਾਨ ਕਰ ਲਿਆ, ਜਿਸ ਪਿੱਛੇ ਅਮਰੀਕਾ ਅਤੇ ਸੰਯੁਕਤ ਰਾਸ਼ਟਰ ਦੀ ਸਹਿਮਤੀ ਸੀ। ਫਲਿਸਤੀਨ ਅਤੇ ਇਜ਼ਰਾਇਲ ਦੇ ਸਹਿਹੋਂਦ ਪੂਰਨ ਰਹਿਣ ਦੀ ਆਸ ਕੀਤੀ ਗਈ। ਇਸੇ ਦੌਰਾਨ ਹਮਾਸ ਦਾ ਉਥਾਨ ਸ਼ੁਰੂ ਹੋ ਹੋਇਆ। ਪੀ.ਐਲ.ਓ. ਨੂੰ ਨੀਵਾਂ ਵਿਖਾਉਣ ਦੀ ਮੁੱਢ ਵਿੱਚ ਇਜ਼ਰਾਇਲ ਨੇ ਵੀ ਹਮਾਸ ਦੀ ਮਦਦ ਕੀਤੀ, ਪਰ ਫਿਰ ਇਹ ਸੰਗਠਨ ਇਜ਼ਰਾਇਲੀਆਂ ਹੱਥੋਂ ਨਿਕਲ ਗਿਆ। ਬਹੁਗਿਣਤੀ ਮੁਸਲਿਮ ਅਬਾਦੀ, ਹਮਾਸ ਅਤੇ ਇਰਾਨ ਇਜ਼ਰਾਇਲ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ। ਉਹ ਇਸ ਨੂੰ ਉਜਾੜ ਕੇ ਇਹ ਧਰਤੀ ਮੁੜ ਫਲਿਸਤੀਨੀਆਂ ਦੇ ਹਵਾਲੇ ਕਰਨ ਦੇ ਹਾਮੀ ਹਨ। ਇਸ ਦਰਮਿਆਨ ਹਮਾਸ ਨੇ ਕਿਹਾ ਹੈ ਕਿ ਜੇ ਇਜ਼ਰਾਇਲ ਨੇ ਫਲਿਸਤੀਨੀਆਂ 'ਤੇ ਹਮਲੇ ਬੰਦ ਨਾ ਕੀਤੇ ਤਾਂ ਉਨ੍ਹਾਂ ਵੱਲੋਂ ਅਗਵਾ ਕੀਤੇ 150 ਇਜ਼ਰਾਇਲੀ ਇੱਕ-ਇੱਕ ਕਰਕੇ ਮਾਰ ਦਿੱਤੇ ਜਾਣਗੇ; ਇਨ੍ਹਾਂ ਦੇ ਸਿਰ ਕਲਮ ਹੁੰਦੇ ਲਾਈਵ ਟੈਲੀਕਾਸਟ ਕੀਤੇ ਜਾਣਗੇ।

# ਜਨਮ ਦਿਹਾੜਾ ਬਾਬਾ ਬੁੱਢਾ ਸਾਹਿਬ ਜੀ

ਸੇਵਾ ਅਤੇ ਤਿਆਗ ਦੀ ਮੂਰਤ ਧੰਨ ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ 27 ਅਕਤੂਬਰ ਤੋਂ 29 ਅਕਤੂਬਰ 2023 ਤੱਕ **ਗੁਰਦੁਆਰਾ ਪੈਲਾਟਾਈਨ ਵਿਖੇ** ਸਮੂਹ ਰੰਧਾਵਾ ਪਰਿਵਾਰਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨ ਦੀ ਬੇਨਤੀ ਹੈ।



**27 ਅਕਤੂਬਰ 2023 (ਸ਼ੁੱਕਰਵਾਰ): ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**
**29 ਅਕਤੂਬਰ 2023 (ਐਤਵਾਰ): ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

*ਉਪਰੰਤ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ। ਤਿੰਨੋਂ ਦਿਨ ਗੁਰੂ ਕਾ ਲੰਗਰ ਅਟੁੱਟ ਵਰਤੇਗਾ*

**ਵੱਲੋਂ: ਸਮੂਹ ਰੰਧਾਵਾ ਪਰਿਵਾਰ**

---


# PARDEEP MANDA

**(630)-506-3890**

**MEDICARE ADVANTAGE**

- $0 or low monthly premiums
- Perscription drug coverage
- Dental Coverage
- Vision Coverage
- Fitness Benefits
- 24/Hour Nurse Line

# BENEFITS ADVISOR

**HEALTH INSURANCE**

**LET ME ANSWER YOUR QUESTIONS!**

- How does medicare work?
- Am I eligible for Medicare?
- What are the Medicare parts?
- How do I choose the right plan?

*We do not offer every plan available in your area. Any information we provide is limited to the plans that we offer in your area. *

# ਮੈਡੀਕੇਅਰ ਦੇ ਫਾਇਦੇ

- ■$0 ਜਾਂ ਘੱਟ ਮਾਸਿਕ ਪ੍ਰੀਮੀਅਮ
- ■ਨੁਸਖ਼ੇ ਵਾਲੀ ਡਰੱਗ ਕਵਰੇਜ
- ■ਦੰਦਾਂ ਦੀ ਕਵਰੇਜ ■ਫਿਟਨੈਸ ਲਾਭ
- ■24/7 ਘੰਟੇ ਦੀ ਨਰਸ ਲਾਈਨ



**ਮੈਡੀਕੇਅਰ ਦੇ ਫਾਇਦਿਆਂ ਸਬੰਧੀ ਸਵਾਲਾਂ ਦੇ ਜਵਾਬ ਲਈ ਕਾਲ ਕਰੋ**

## ਲਾਭ ਸਲਾਹਕਾਰ

**ਸਿਹਤ ਬੀਮਾ**

- ■ਮੈਡੀਕੇਅਰ ਕਿਵੇਂ ਕੰਮ ਕਰਦੀ ਹੈ?
- ■ਕੀ ਮੈਂ ਮੈਡੀਕੇਅਰ ਲਈ ਯੋਗ ਹਾਂ?
- ■ਮੈਡੀਕੇਅਰ ਪਾਰਟਸ ਕੀ ਹਨ?
- ■ਮੈਂ ਸਹੀ ਯੋਜਨਾ ਕਿਵੇਂ ਚੁਣਾਂ?

ਅਸੀਂ ਤੁਹਾਡੇ ਖੇਤਰ ਵਿੱਚ ਉਪਲਬਧ ਹਰ ਯੋਜਨਾ ਦੀ ਪੇਸ਼ਕਸ਼ ਨਹੀਂ ਕਰਦੇ ਹਾਂ। ਜੋ ਵੀ ਜਾਣਕਾਰੀ ਅਸੀਂ ਪ੍ਰਦਾਨ ਕਰਦੇ ਹਾਂ, ਉਹ ਉਨ੍ਹਾਂ ਯੋਜਨਾਵਾਂ ਤੱਕ ਸੀਮਿਤ ਹੈ ਜੋ ਅਸੀਂ ਤੁਹਾਡੇ ਖੇਤਰ ਵਿੱਚ ਪੇਸ਼ ਕਰਦੇ ਹਾਂ।*

# ਸਨਾਤਨੀ ਪ੍ਰਾਚੀਨ ਗ੍ਰੰਥਾਂ ‘ਚੋਂ ਅਕਾਲ ਰਣਨੀਤਕ ਬਿਰਤਾਂਤ ਖੋਜਣ ਲੱਗੀ ਫੌਜ

ਭਾਰਤ ਵੀ ਮਹਾਂਸ਼ਕਤੀ ਵਜੋਂ ਉਭਰਨ ਲਈ ਯਤਨਸ਼ੀਲ ਹੈ। ਉਸ ਵੱਲੋਂ ਕੀਤੇ ਗਏ ਨਵੀਨਤਮ ਪ੍ਰਯੋਗ ਵੀ ਸਫਲ ਹੋਏ ਹਨ, ਯੂਰਪੀਨ ਦੇਸ਼ਾਂ ਨਾਲ ਉਸ ਦੀ ਸਾਂਝ ਪੁਰਾਣੀ ਹੈ। ਜੰਗੀ ਸਮਾਨ ਖਰੀਦਣ ਤੋਂ ਇਲਾਵਾ ਭਾਰਤ ਨੇ ਅਨੇਕਾਂ ਕਿਸਮ ਦੇ ਵਪਾਰਕ ਰਾਹ ਮੋਕਲੇ ਕੀਤੇ ਹਨ। ਚੰਦਰਯਾਨ ‘ਤੇ ਪਹੁੰਚਣ ਤੋਂ ਬਾਅਦ ਸਿੱਧੀ ਸੂਰਜ ਗਿਆਨ ਵੱਲ ਸੇਧ ਦਾਗੀ ਹੈ, ਪਰ ਹੁਣ ਆਪਣੇ ਪੁਰਾਤਨ ਸਨਾਤਨੀ ਗ੍ਰੰਥਾਂ ਨੂੰ ਖੋਜਣ ਦੀ ਵਿਧੀ ਅਪਨਾਈ ਹੈ।

ਹੁਣੇ ਭਾਰਤੀ ਫ਼ੌਜੀ ਅਧਿਕਾਰੀਆਂ ਨੂੰ ਸਨਾਤਨੀ ਪ੍ਰਾਚੀਨ ਗ੍ਰੰਥਾਂ ਬਾਰੇ ਸਿੱਖਿਅਤ ਕੀਤੇ ਜਾਣ ਸਬੰਧੀ ਬਣੇ ਪੈਨਲ ਵੱਲੋਂ ਇੱਕ ਵਿਚਾਰ-ਚਰਚਾ ਦੌਰਾਨ ਇਹ ਮਹਿਸੂਸ ਕੀਤਾ ਗਿਆ ਹੈ ਕਿ ਭਾਰਤ ਦੀ ਰਣਨੀਤਕ ਤੇ ਫ਼ੌਜੀ ਵਿਰਾਸਤ ਬੇਹੱਦ ਅਮੀਰ ਹੈ, ਪਰ ਉਸ ‘ਤੇ ਕਦੇ ਧਿਆਨ ਕੇਂਦਰਿਤ ਨਹੀਂ ਕੀਤਾ ਗਿਆ। ਇਸ ਅਧੀਨ ਅਜੋਕੇ ਫ਼ੌਜੀ ਅਧਿਕਾਰੀਆਂ ਨੂੰ ਦੇਸ਼ ਦੀ ਪ੍ਰਾਚੀਨ ਸੂਝ-ਬੂਝ ਦੀ ਵਿਹਾਰਕ ਵਰਤੋਂ ਕਰਨ ਲਈ ਉਤਸ਼ਾਹਿਤ ਤੇ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਜਿੱਥੇ ਕੌਮਾਂਤਰੀ ਸਬੰਧਾਂ ਤੇ ਵਿਦੇਸ਼ੀ ਸੱਭਿਆਚਾਰਾਂ ਦੀ ਸਮਝ ਹੋਰ ਮਜ਼ਬੂਤ ਕਰਨ ‘ਚ ਮਦਦ ਮਿਲੇਗੀ, ਉਥੇ ਅਕਾਲ ਰਣਨੀਤਕ ਸੋਚਣੀ ‘ਤੇ ਖ਼ਾਸ ਤੌਰ ਉੱਤੇ ਧਿਆਨ ਕੇਂਦਰਿਤ ਹੋਵੇਗਾ।

ਭਾਰਤੀ ਫ਼ੌਜ ਦਾ ਪ੍ਰਾਜੈਕਟ ‘ਉਦਭਵ’ ਇਸ ਵੇਲੇ ਚਰਚਾ ’ਚ ਹੈ। ਇਸ ਅਧੀਨ ਆਰਮੀ ਟ੍ਰੇਨਿੰਗ ਕਮਾਂਡ ਵੱਲੋਂ ਯੂਨਾਈਟਿਡ ਸਰਵਿਸ ਇੰਸਟੀਚਿਊਸ਼ਨ ਆਫ ਇੰਡੀਆ ਨਾਲ ਮਿਲ ਕੇ ਉੱਚ ਪੱਧਰੀ ਪੈਨਲ ਵਿਚਾਰ-ਚਰਚਾ ਕੀਤੀ ਜਾ ਰਹੀ ਹੈ। ਇਸ ਪ੍ਰਾਜੈਕਟ ਦਾ ਮੰਤਵ ਉਸ ਪ੍ਰਾਚੀਨ ਗਿਆਨ ਤੇ ਸੂਝ-ਬੂਝ ਨੂੰ ਮੌਜੂਦਾ ਸ਼ਾਸਨ ਕਲਾ, ਰਣਨੀਤੀ, ਕੂਟਨੀਤੀ ਵਿਚ ਵਰਤਣਾ ਹੈ, ਜੋ ਪ੍ਰਾਚੀਨ ਇਤਿਹਾਸਕ ਭਾਰਤੀ ਗ੍ਰੰਥਾਂ ’ਚ ਮੌਜੂਦ ਹੈ। ਇਸ ਲਈ ਪ੍ਰਾਚੀਨ ਗ੍ਰੰਥਾਂ ਵਿਚ ਮੌਜੂਦ ਦੇਸ਼ ਦੇ ਇਤਿਹਾਸਕ ਬਿਰਤਾਂਤਾਂ ਦੀ ਖੋਜ ਕੀਤੀ ਜਾ ਰਹੀ ਹੈ। ਇਸ ਪ੍ਰੋਜੈਕਟ ਤਹਿਤ ਪ੍ਰਾਚੀਨ ਸਮਿਆਂ ’ਚ ਭਾਰਤ ਦੇ ਵੱਖੋ-ਵੱਖਰੇ ਖਿੱਤਿਆਂ ਦੀਆਂ ਫ਼ੌਜੀ ਪ੍ਰਣਾਲੀਆਂ, ਖੇਤਰੀ ਗ੍ਰੰਥਾਂ, ਰਾਜਾਂ, ਵਿਸ਼ਾਗਤ ਅਧਿਐਨਾਂ ਤੇ ਕੋਟਲਿਆ, ਕਾਮੰਦਕਾ ਤੇ ਕੁਰਲ ਦੀਆਂ ਸਿੱਖਿਆਵਾਂ ਦਾ ਖ਼ਾਸ ਤੌਰ ਉੱਤੇ ਅਧਿਐਨ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸਦੀਆਂ ਤੱਕ ਚੱਲਦੀ ਰਹੀ ਅਕਾਲ ਰਣਨੀਤਕ ਸੋਚਣੀ ਉਤੇ ਖਾਸ ਤੌਰ ’ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

ਦਰਅਸਲ ਪ੍ਰਾਚੀਨ ਰਣਨੀਤੀਆਂ ਦਾ ਸੁਮੇਲ ਆਧੁਨਿਕ ਫ਼ੌਜੀ ਸਿੱਖਿਆ ਨਾਲ ਕੀਤਾ ਜਾਣਾ ਹੈ। ਫੌਜ ਦੇ ਗਲਿਆਰਿਆਂ ‘ਚ ਇਹ ਵੀ ਵੇਖਿਆ-ਪਰਖਿਆ ਜਾ ਰਿਹਾ ਹੈ ਕਿ ਅਜਿਹਾ ਸੁਮੇਲ ਵਿਹਾਰਕ ਤੌਰ ’ਤੇ ਕਿੰਨਾ ਕੁ ਵਾਜਬ ਹੈ। ਰੱਖਿਆ ਮੰਤਰਾਲੇ ਵੱਲੋਂ ਜਾਰੀ ਇੱਕ ਜਾਣਕਾਰੀ ਮੁਤਾਬਕ ਭਾਰਤੀ ਦਰਸ਼ਨ ਤੇ ਸੱਭਿਆਚਾਰਕ ਵਿਰਾਸਤ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਇਸੇ ਲਈ 12 ਲੱਖ ਜਵਾਨਾਂ ਵਾਲੀ ਭਾਰਤੀ ਫੌਜ ਸਾਲ 2021 ਤੋਂ ਪ੍ਰਾਚੀਨ ਗ੍ਰੰਥਾਂ ਤੋਂ ਰਣਨੀਤਕ ਮਦਦ ਲੈ ਰਹੀ ਹੈ। ਇਨ੍ਹਾਂ ਗ੍ਰੰਥਾਂ ਤੋਂ ਲਏ 75 ਸੂਤਰਾਂ ਦੀ ਇੱਕ ਕਿਤਾਬ ‘ਟਰੈਡੀਸ਼ਨਲ ਇੰਡੀਅਨ ਫਿਲਾਸਫ਼ੀ-ਇਟਰਨਲ ਰੂਲਜ਼ ਆਫ ਵਾਰਫੇਅਰ ਐਂਡ ਲੀਡਰਸ਼ਿਪ’ ਪਹਿਲਾ 2022 ’ਚ ਹੀ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ। ਇਹ ਭਾਰਤ ਦੀ ਸਨਾਤਨੀ ਵਿਰਾਸਤ ਤੋਂ ਸਿਰਜੇ ਗਿਆਨ ਨੂੰ ਨਵਾਂ ਰੂਪ ਦੇਣ ਦੀ ਕਵਾਇਦ ਹੈ। ਇਸ ਕਵਾਇਦ ਨੂੰ ਸਫਲ ਬਣਾਉਣ ਲਈ ਖਾਸ ਤੌਰ ’ਤੇ ਚੌਥੀ ਸਦੀ ਈਸਾ ਪੂਰਵ ਤੋਂ ਲੈ ਕੇ ਅੱਠਵੀਂ ਸਦੀ ਈਸਵੀ ਤੱਕ ਦੇ ਗ੍ਰੰਥਾਂ ਉੱਤੇ ਵਿਸ਼ੇਸ਼ ਤੌਰ ’ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ।

ਇਸ ਕਵਾਇਦ ਦੌਰਾਨ ਕੀਤੀ ਖੋਜ ਦੀ ਵਰਤੋਂ ਭਵਿੱਖ ਦੀਆਂ ਫ਼ੌਜੀ ਪਹਿਲਕਦਮੀਆਂ ਲਈ ਕੀਤੀ ਜਾਵੇਗੀ, ਜਿਨ੍ਹਾਂ ‘ਚ ਫ਼ੌਜੀ ਵਿਰਾਸਤ ਮੇਲਾ ਵੀ ਸ਼ਾਮਲ ਹੈ, ਜਿਸ ਦੀ ਚਿਰੋਕਣੀ ਉਡੀਕ ਕੀਤੀ ਜਾ ਰਹੀ ਹੈ। ਇਸ ਨਿਵੇਕਲੀ ਕਿਸਮ ਦੀ ਵਿਚਾਰ-ਚਰਚਾ ਪ੍ਰਤੀ ਦਿਲਚਸਪੀ ਹੁਣ ਫੌਜ ਵਿੱਚ ਵਧਦੀ ਜਾ ਰਹੀ ਹੈ। ਇਹ ਵਿਚਾਰ-ਵਟਾਂਦਰਾ ਕਰਨ ਵਾਲੇ ਪੈਨਲ ਵਿਚ ਫੌਜੀ ਵਿਦਵਾਨ, ਸਾਬਕਾ ਫ਼ੌਜੀ, ਮੌਜੂਦਾ ਫ਼ੌਜੀ ਅਧਿਕਾਰੀ ਤੇ ਫ਼ੌਜੀ ਸਿੱਖਿਆ ਦੇ ਮਾਹਰ ਡਾ. ਕਜਰੀ ਕਮਲ ਜਿਹੀਆਂ ਸ਼ਖ਼ਸੀਅਤਾਂ ਵੀ ਮੌਜੂਦ ਹਨ। ਨਵੀਂ ਦਿੱਲੀ ‘ਚ ਹੋਏ ਇੱਕ ਖ਼ਾਸ ਸਮਾਰੋਹ ਦੌਰਾਨ ਆਮ ਰਣਨੀਤਕ ਯੋਜਨਾਬੰਦੀ ਦੇ ਡਾਇਰੈਕਟਰ ਜਨਰਲ ਲੈਫਟੀਨੈਂਟ ਜਨਰਲ ਰਾਜੂ ਬੈਜਲ ਨੇ ਕੂੰਜੀਵਤ ਭਾਸ਼ਣ ਦਿੱਤਾ ਤੇ ਪ੍ਰਧਾਨਗੀ ਰੱਖਿਆ ਮੰਤਰਾਲੇ ਦੇ ਪ੍ਰਮੁੱਖ ਸਲਾਹਕਾਰ ਲੈਫਟੀਨੈਂਟ ਜਨਰਲ (ਸੇਵਾਮੁਕਤ) ਵਿਨੋਜ ਖੰਡਾਰੇ ਨੇ ਕੀਤੀ। ਫੌਜ ਇਸ ਪ੍ਰਯੋਗ ਵਿੱਚੋਂ ਕਿਹੜੇ ਨਵੇਂ ਵਿਹਾਰਕ ਪੈਂਤੜੇ ਲੈ ਕੇ ਸਾਹਮਣੇ ਆਉਂਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੂ!

***-ਦਿਲਜੀਤ ਸਿੰਘ ਬੇਦੀ***

# ਸਿਆਸੀ ਪਾਰਟੀਆਂ ਦੀਆਂ ਅੱਲ-ਬਲੱਲੀਆਂ ਦਾ ਝੇਰਾ

ਪੰਜਾਬ ਦੀਆਂ ਚਾਰੋਂ ਪ੍ਰਮੁੱਖ ਸਿਆਸੀ ਧਿਰਾਂ ਇੱਕ ਦੂਜੇ ਦੀ ਪਿੱਠ ਲਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੀਆਂ ਹਨ। ਇੱਕ ਦੂਜੇ ਨੂੰ ਬਦਨਾਮ ਕਰਨ ਲਈ ਆਪਣੀ ਜ਼ੁਬਾਨ ਉੱਤੇ ਕਿਸੇ ਵੀ ਧਿਰ ਦਾ ਕੰਟਰੋਲ ਨਹੀਂ ਹੈ। ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਲੈ ਕੇ ਹਰੇਕ ਸਿਆਸੀ ਪਾਰਟੀ ਆਪਣੇ ਆਪ ਨੂੰ ਪੰਜਾਬ ਦੇ ਹੱਕਾਂ ਦਾ ਰਖਵਾਲਾ ਸਿੱਧ ਕਰਨ ਲਈ ਇੱਕ ਦੂਜੇ ਤੋਂ ਮੂਹਰੇ ਨਿਕਲਣ ਲੱਗੀ ਹੈ। ਸਿਤਮ ਦੀ ਗੱਲ ਇਹ ਕਿ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਆਪਣੇ ਭਾਸ਼ਣ ਤੇ ਨਾਅਰਿਆਂ ਰਾਹੀਂ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਆਮ ਆਦਮੀ ਪਾਰਟੀ ਕੇਂਦਰ ਦੀ ਭਾਜਪਾ ਸਰਕਾਰ ਨੂੰ ਭੰਡਦੇ ਰਹੇ, ਪਰ ਕਿਸੇ ਨੇ ਵੀ ਪੰਜਾਬੀਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਨਹੀਂ ਮਾਰਿਆ ਕਿ ਉਨ੍ਹਾਂ ਤੋਂ ਆਪਣੀ ਹੀ ਰਾਜਧਾਨੀ ਵਿਚ ਪ੍ਰਦਰਸ਼ਨ ਕਰਨ ਦਾ ਹੱਕ ਕਿਉਂ ਖੋਹਿਆ ਜਾ ਰਿਹਾ ਹੈ! ਲੋੜ ਤਾਂ ਇਨ੍ਹਾਂ ਪਾਰਟੀਆਂ ਵੱਲੋਂ ਐਸ.ਵਾਈ.ਐਲ. ਸਮੇਤ ਨਸ਼ਿਆਂ ਜਾਂ ਹੋਰ ਮੁੱਦਿਆਂ ਉੱਤੇ ਗੱਲ ਕਰਨ ਦੇ ਨਾਲ ਨਾਲ ਆਪਣੇ ਸੂਬੇ ਦੀ ਰਾਜਧਾਨੀ ਵਿੱਚ ਪ੍ਰਦਰਸ਼ਨ ਕਰਨ ਦਾ ਹੱਕ ਖੋਹਣ ਨੂੰ ਲੈ ਕੇ ਜੋਰਦਾਰ ਆਵਾਜ਼ ਉਠਾਉਣ ਦੀ ਸੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਇੱਕ ਲੱਖ ਦਾ ਇਕੱਠ ਕਰਨ ਦਾ ਦਾਅਵਾ ਕੀਤਾ ਗਿਆ ਸੀ, ਜਿਹੜਾ ਕਿ ਪੰਜ ਸੱਤ ਹਜ਼ਾਰ ਤੱਕ ਸਿਮਟ ਕੇ ਰਹਿ ਗਿਆ ਸੀ। ਘੱਟੋ ਘੱਟ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਜ਼ਿਆਦਤੀ ਦੇ ਖਿਲਾਫ ਆਵਾਜ਼ ਉਠਾਉਣੀ ਚਾਹੀਦੀ ਸੀ। ਇਹੋ ਜਿਹੇ ਮੁੱਦੇ ਸ਼੍ਰੋਮਣੀ ਅਕਾਲੀ ਦਲ ਨੂੰ ਰਾਸ ਆਉਂਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਅੱਜ ਸਿਆਸਤ ਵਿੱਚ ਪੈਰ ਉੱਖੜ ਚੁੱਕੇ ਹਨ ਅਤੇ ਸੁਖਬੀਰ ਸਿੰਘ ਬਾਦਲ ਵਲੋਂ ਮੋਰਚਾ ਲਾਏ ਬਗੈਰ ਜਾਂ ਤਿੱਖਾ ਸੰਘਰਸ਼ ਕਰੇ ਬਿਨਾ ਮੁੜ ਤੋਂ ਪੰਜਾਬੀਆਂ ਦੇ ਦਿਲਾਂ ਵਿੱਚ ਥਾਂ ਨਹੀਂ ਬਣ ਸਕਣੀ ਹੈ। ਕਪੂਰੀ ਪਿੰਡ ਜਾ ਕੇ ਗੋਲੀਆਂ ਖਾਣ ਦੇ ਬਿਆਨ ਉੱਤੇ ਲੋਕਾਂ ਨੇ ਭਰੋਸਾ ਨਹੀਂ ਕਰਨਾ ਹੈ।

ਦੇਖਣਾ ਇਹ ਹੋਵੇਗਾ ਕਿ ਪਹਿਲੀ ਨਵੰਬਰ ਨੂੰ ਹੋਣ ਵਾਲੀ ਇਸ ਖੁੱਲ੍ਹੀ ਬਹਿਸ ਵਿੱਚ ਬੁਲਾਰਿਆਂ ਵਿੱਚ ਭਾਸ਼ਾ ਉੱਤੇ ਕਾਬੂ ਰੱਖਣ ਦਾ ਕਿੰਨਾ ਕੁ ਦਮ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਐਸ.ਵਾਈ.ਐਲ. ਨਹਿਰ ਨੂੰ ਲੈ ਕੇ ਜਿਹੜਾ ਇੱਕ ਟਵੀਟ ਕੀਤਾ ਗਿਆ ਹੈ, ਉਸ ਤੋਂ ਜੁਬਾਨ ਉੱਤੇ ਕੰਟਰੋਲ ਰੱਖ ਸਕਣ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਖੜੇ ਹੋ ਗਏ ਹਨ। ਉਨ੍ਹਾਂ ਨੇ ਤਿੰਨੋਂ ਪ੍ਰਮੁੱਖ ਪਾਰਟੀ ਦੇ ਨੇਤਾਵਾਂ ਦੇ ਨਾਂ ਲੈ ਲੈ ਕੇ ਕਿਹਾ ਹੈ ਕਿ ਉਹ ਨਹੀਂ ਜਾਣਦੇ ਕਿ ਉਹ ਘਰੋਂ ਨਿਕਲਣ ਵੇਲੇ ਕਿੰਨੀ ਕੁ ਸ਼ਰਮ ਨਾਲ ਲੈ ਕੇ ਤੁਰਦੇ ਹਨ। ਉਨ੍ਹਾਂ ਨੇ ਐਸ.ਵਾਈ.ਐਲ. ਨਹਿਰ ਦੀ ਖੁਦਾਈ ਜਾਂ ਨਹਿਰ ਲਈ ਜ਼ਮੀਨ ਦੇ ਸਰਵੇਖਣ ਵੇਲੇ ਕਾਂਗਰਸ ਅਤੇ ਅਕਾਲੀਆਂ ਵੱਲੋਂ ਨਿਭਾਈ ਭੂਮਿਕਾ ਉੱਤੇ ਵੀ ਸਵਾਲ ਖੜੇ ਕੀਤੇ ਹਨ। ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਜਿਹੜਾ ਤਾਜ਼ਾ ਜਵਾਬਨਾਮਾ ਦਾਇਰ ਕੀਤਾ ਗਿਆ ਹੈ, ਉਸ ਵਿੱਚ ਇਹ ਕਹਿਣਾ ਕਿਸੇ ਤਰ੍ਹਾਂ ਵੀ ਵਾਜਿਬ ਨਹੀਂ ਕਿ ਐਸ.ਵਾਈ.ਐਲ. ਨਹਿਰ ਦੇ ਰਾਹ ਵਿੱਚ ਵਿਰੋਧੀ ਪਾਰਟੀਆਂ ਅਤੇ ਕਿਸਾਨ ਅੜਿਕਾ ਡਾਹ ਰਹੇ ਹਨ। ਪੰਜਾਬੀਆਂ ਨੇ ਬਦਲਾਅ ਲਈ ਵੋਟਾਂ ਤਾਂ ਪਾਈਆਂ ਪਰ ਇਹ ਵੀ ਪਹਿਲੀਆਂ ਦੇ ਮਸੇਰ ਭਾਈ ਹੀ ਨਿਕਲੇ।

***-ਕਮਲਜੀਤ ਸਿੰਘ***






# ਨਵੀਂ ਇਬਾਰਤ ਲਿਖੇਗਾ ਭਾਰਤ-ਮੱਧ ਪੂਰਬ-ਯੂਰਪੀਅਨ ਗਲਿਆਰਾ

**ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਆਦਿ ਜੋ ਅਮਰੀਕਾ ਦੇ ਸਾਥੀ ਹੁੰਦਿਆਂ ਹੋਇਆਂ ਵੀ ਕੱਲ੍ਹ ਤੱਕ ਚੀਨ ਨਾਲ ਸਬੰਧ ਗੂੜ੍ਹੇ ਕਰ ਰਹੇ ਸਨ, ਉਹ ਵੀ ਇਸ ਗਲਿਆਰਾ ਪ੍ਰਾਜੈਕਟ ਵਿੱਚ ਸ਼ਾਮਿਲ ਹੋ ਕੇ ਪੂਰਬੀ ਮੁਲਕਾਂ ਨਾਲ ਸਬੰਧ ਪੱਕੇ ਕਰਨ ਦੀ ਦਿਸ਼ਾ ਵੱਲ ਵਧਦੇ ਨਜ਼ਰ ਆਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਹੁਣ ਇਧਰ ਦੀਆਂ ਅਰਥ ਵਿਵਸਥਾਵਾਂ ਵੱਧ ਤੇਜ਼ੀ ਨਾਲ ਵਧਦੀਆਂ ਅਤੇ ਵਿਕਸਿਤ ਹੁੰਦੀਆਂ ਜਾਪ ਰਹੀਆਂ ਹਨ।**

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ:+91-9781646008**

ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿੱਚ ਹਾਲ ਹੀ ਵਿੱਚ ਸਮਾਪਤ ਹੋਏ ਜੀ-20 ਸਿਖਰ ਸੰਮੇਲਨ ਦਾ ਵੱਡਾ ਹਾਸਿਲ 'ਭਾਰਤ-ਮੱਧ ਪੂਰਬ-ਯੂਰਪੀਅਨ ਵਪਾਰਕ ਗਲਿਆਰਾ' ਨੂੰ ਕਿਹਾ ਜਾ ਸਕਦਾ ਹੈ। ਇਸ ਗਲਿਆਰੇ (ਕੌਰੀਡੋਰ) ਨੂੰ ਹਕੀਕਤ ਦੇਣ ਲਈ ਭਾਰਤ, ਅਮਰੀਕਾ, ਕੈਨੇਡਾ, ਜਰਮਨੀ, ਇਟਲੀ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਨੇ ਸਾਂਝੇ ਤੌਰ 'ਤੇ ਸਮਝੌਤੇ ਉੱਤੇ ਦਸਤਖ਼ਤ ਕਰ ਕੇ ਸਮੁੱਚੇ ਸੰਸਾਰ ਦੀ ਤਕਦੀਰ ਨੂੰ ਨਵੇਂ ਸਿਰਿਉਂ ਲਿਖਣ ਦਾ ਯਤਨ ਆਰੰਭ ਦਿੱਤਾ ਹੈ। ਆਓ, ਇਸ ਗਲਿਆਰੇ ਬਾਰੇ ਕੁਝ ਦਿਲਚਸਪ ਤੱਥਾਂ ਦੇ ਰੂਬਰੂ ਹੋਈਏ।

ਇਹ ਕੋਈ ਅਤਿਕਥਨੀ ਨਹੀਂ ਕਿ ਭਾਰਤ ਵਿਸ਼ਵ ਦੇ ਨਕਸ਼ੇ 'ਤੇ ਮਹਾਂ ਸ਼ਕਤੀ ਬਣ ਕੇ ਉੱਭਰਨ ਲਈ ਲਗਾਤਾਰ ਯਤਨਸ਼ੀਲ ਹੈ। ਪੰਡਿਤ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਨਰਿੰਦਰ ਮੋਦੀ ਤੱਕ ਭਾਰਤ ਦੇ ਹਰ ਪ੍ਰਧਾਨ ਮੰਤਰੀ ਨੇ ਕਦੇ ਪੁਲਾੜ ਖੋਜਾਂ ਦੇ ਖੇਤਰ 'ਚ, ਕਦੇ ਪਰਮਾਣੂ ਸ਼ਕਤੀ ਦੇ ਖੇਤਰ ਵਿੱਚ ਅਤੇ ਕਦੇ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਦੇ ਜ਼ਰੀਏ ਭਾਰਤ ਨੂੰ ਵਿਸ਼ਵ ਮੰਚ 'ਤੇ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਏਸ਼ੀਆ ਵਿੱਚ ਬੀਤੇ ਕਈ ਵਰ੍ਹਿਆਂ ਤੋਂ ਚੀਨ ਲਗਾਤਾਰ ਆਪਣਾ ਦਬਦਬਾ ਬਣਾ ਰਿਹਾ ਹੈ ਤੇ ਉਸ ਦੀ ਇਸ ਕੋਸ਼ਿਸ਼ ਨੂੰ ਠੱਲ੍ਹ ਪਾਉਣ ਹਿਤ ਭਾਰਤ ਨੇ ਆਪਣੀ ਵਿਦੇਸ਼ ਨੀਤੀ ਅਤੇ ਵਿੱਤੀ ਵਿਉਂਤਬੰਦੀ ਵਿੱਚ ਵੱਡੇ ਪਰਿਵਰਤਨ ਲਿਆਂਦੇ ਹਨ। 'ਭਾਰਤ-ਮੱਧ ਪੂਰਬ-ਯੂਰਪੀਅਨ ਵਪਾਰਕ ਗਲਿਆਰਾ' ਵੀ ਭਾਰਤ ਵੱਲੋਂ ਚੀਨ ਨੂੰ ਇਸ ਖਿੱਤੇ ਵਿਚ, ਤੇ ਸ਼ਾਇਦ ਪੂਰੀ ਦੁਨੀਆ ਵਿੱਚ ਪਛਾੜਨ ਦੇ ਵੱਡੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਚੀਨ ਬੀਤੇ ਕੁਝ ਵਰ੍ਹਿਆਂ ਤੋਂ ਏਸ਼ੀਆ, ਯੂਰਪ ਅਤੇ ਅਫਰੀਕਾ ਦਰਮਿਆਨ ਵਪਾਰ ਤੇ ਢਾਂਚਾਗਤ ਨੈੱਟਵਰਕ ਖੜ੍ਹਾ ਕਰਨ ਲਈ ਬਹੁਤ ਗੰਭੀਰਤਾ ਨਾਲ ਯਤਨਸ਼ੀਲ ਹੈ ਅਤੇ ਇਹ ਗਲਿਆਰਾ ਉਸ ਦੀਆਂ ਕੋਸ਼ਿਸ਼ਾਂ ਦਾ ਭਾਰਤ ਵੱਲੋਂ ਕਰਾਰਾ ਜਵਾਬ ਕਿਹਾ ਜਾ ਰਿਹਾ ਹੈ।

ਇਸ ਗਲਿਆਰੇ ਦੇ ਦੋ ਮੁੱਖ ਭਾਗ ਹਨ। ਪਹਿਲਾ ਭਾਗ ਪੂਰਬੀ ਗਲਿਆਰਾ ਹੈ, ਜਿਸ ਰਾਹੀਂ ਭਾਰਤ ਪੱਛਮੀ ਏਸ਼ੀਆ, ਭਾਵ ਅਰਬ ਦੀ ਖਾੜੀ ਨਾਲ ਜੁੜੇਗਾ। ਦੂਜਾ ਭਾਗ ਹੈ ਉੱਤਰੀ ਗਲਿਆਰਾ, ਜਿਸ ਰਾਹੀਂ ਅਰਬ ਦੀ ਖਾੜੀ ਨੂੰ ਯੂਰਪ ਨਾਲ ਜੋੜਿਆ ਜਾਏਗਾ। ਇਸ ਤਹਿਤ ਭਾਰਤ ਵਪਾਰ ਲਈ ਸਮੁੰਦਰੀ ਮਾਰਗ ਰਾਹੀਂ ਮੁੰਦਰਾ ਬੰਦਰਗਾਹ ਤੋਂ ਦੁਬਈ ਨਾਲ ਜੁੜੇਗਾ ਤੇ ਫਿਰ ਉਸ ਤੋਂ ਅੱਗੇ ਰੇਲ ਮਾਰਗ ਰਾਹੀਂ ਸਾਊਦੀ ਅਰਬ, ਜੌਰਡਨ, ਇਜ਼ਰਾਈਲ ਆਦਿ ਤੱਕ ਪਹੁੰਚ ਬਣਾਈ ਜਾਵੇਗੀ; ਫਿਰ ਜਲ ਮਾਰਗ ਰਾਹੀਂ ਹਾਈਫ਼ਾ ਨਾਮਕ ਸਥਾਨ ਤੋਂ ਯੂਰਪ ਤੱਕ ਪੁੱਜਿਆ ਜਾਵੇਗਾ। ਮੁੰਬਈ ਤੋਂ ਯੂਰਪ ਤੱਕ ਜਾਣ ਵਾਲੇ ਇਸ ਗਲਿਆਰੇ ਦੀ ਲੰਬਾਈ 6 ਹਜ਼ਾਰ ਕਿਲੋਮੀਟਰ ਦੇ ਕਰੀਬ ਹੋਵੇਗੀ, ਜਿਸ ਵਿੱਚ 3500 ਕਿਲੋਮੀਟਰ ਸਮੁੰਦਰੀ ਮਾਰਗ ਅਤੇ 2500 ਕਿਲੋਮੀਟਰ ਰੇਲ ਮਾਰਗ ਹੋਵੇਗਾ। ਇਸ ਮਾਰਗ ਰਾਹੀਂ ਵਪਾਰ ਕਰਨ ਨਾਲ ਸਮੂਹ ਸਬੰਧਤ ਮੁਲਕਾਂ ਨੂੰ ਵੱਡੀ ਮਾਤਰਾ ਵਿੱਚ ਮਾਲੀਏ ਦੀ ਬੱਚਤ ਹੋਵੇਗੀ। ਉਂਝ ਭਾਰਤ ਤੋਂ ਯੂਰਪ ਤੱਕ ਇਸ ਵੇਲੇ ਸਮਾਨ ਭੇਜਣ ਵਿੱਚ 36 ਦਿਨ ਲੱਗਦੇ ਹਨ ਤੇ ਵੱਡੀ ਰਾਸ਼ੀ ਖ਼ਰਚ ਹੁੰਦੀ ਹੈ, ਜੋ ਗਲਿਆਰੇ ਦੀ ਵਰਤੋਂ ਪਿੱਛੋਂ 22 ਦਿਨ ਅਤੇ ਘੱਟ ਖ਼ਰਚ ਵਿੱਚ ਤਬਦੀਲ ਹੋ ਜਾਵੇਗਾ।

ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਗਲਿਆਰਾ ਜਿੱਥੇ ਸਬੰਧਤ ਮੁਲਕਾਂ ਦਰਮਿਆਨ ਵਪਾਰ ਵਧਾ ਕੇ ਆਰਥਿਕ ਲਾਭ ਦੇਵੇਗਾ, ਉੱਥੇ ਵਾਤਾਵਰਨ ਵਿੱਚ ਜ਼ਹਿਰੀਲੀਆਂ (ਗ੍ਰੀਨ ਹਾਊਸ) ਗੈਸਾਂ ਦਾ ਦੁਰਪ੍ਰਭਾਵ ਘਟਾਉਣ, ਰੁਜ਼ਗਾਰ ਵਿੱਚ ਵਾਧਾ ਕਰਨ ਅਤੇ ਸੂਚਨਾ ਤੇ ਤਕਨੀਕ ਦਾ ਆਦਾਨ-ਪ੍ਰਦਾਨ ਵਧਾ ਕੇ ਮਨੁੱਖੀ ਕਾਰਜਕੁਸ਼ਲਤਾ ਵਿੱਚ ਵਾਧਾ ਕਰਨ ਵਰਗੇ ਅਹਿਮ ਕਾਰਜ ਅੰਜਾਮ ਤੱਕ ਪਹੁੰਚਾਵੇਗਾ। ਇਹ ਗਲਿਆਰਾ ਦੁਨੀਆ ਦੇ ਅਹਿਮ ਖਿੱਤਿਆਂ ਨੂੰ ਆਪਸ ਵਿੱਚ ਜੋੜ ਕੇ ਸੰਸਾਰ ਪੱਧਰ 'ਤੇ ਵਪਾਰ, ਊਰਜਾ ਅਤੇ ਡਿਜੀਟਲ ਸੰਚਾਰ ਨੂੰ ਬਿਹਤਰੀਨ ਦਿਸ਼ਾ ਤੇ ਦਸ਼ਾ ਦੇਵੇਗਾ।

ਇਸ ਗਲਿਆਰੇ ਨਾਲ ਜੁੜੇ ਰੌਚਿਕ ਤੱਥਾਂ ਵਿੱਚੋਂ ਇੱਕ ਇਹ ਹੈ ਕਿ ਜੀ-20 ਸੰਮੇਲਨ ਵਿੱਚ ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮਿਲੋਨੀ ਦੀ ਸ਼ਮੂਲੀਅਤ ਇਹ ਇਸ਼ਾਰਾ ਕਰਦੀ ਹੈ ਕਿ ਇਟਲੀ ਜੋ ਹੁਣ ਤੱਕ ਚੀਨ ਦੇ ਬਣਾਏ 'ਬੈਲਟ ਐਂਡ ਰੋਡ ਇਨੀਸ਼ੀਏਟਿਵ' ਪ੍ਰਾਜੈਕਟ ਦਾ ਹਿੱਸਾ ਸੀ, ਨੇ ਚੀਨ ਦਾ ਸਾਥ ਤਿਆਗਣ ਵੱਲ ਕਦਮ ਪੁੱਟ ਲਿਆ ਹੈ। ਚੀਨ ਦੇ ਰਾਸ਼ਟਰਪਤੀ ਸ਼ੀ ਜਨਿਪਿੰਗ ਦੇ ਆਰੰਭੇ ਇਸ ਪ੍ਰਾਜੈਕਟ ਵਿੱਚ ਸ਼ਾਮਿਲ ਹੋਣ ਵਾਲਾ ਇਟਲੀ ਜੀ-7 ਦੇਸ਼ਾਂ ਵਿਚੋਂ ਪਹਿਲਾ ਦੇਸ਼ ਸੀ। ਇਸੇ ਤਰ੍ਹਾਂ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਆਦਿ ਜੋ ਅਮਰੀਕਾ ਦੇ ਸਾਥੀ ਹੁੰਦਿਆਂ ਹੋਇਆਂ ਵੀ ਕੱਲ੍ਹ ਤੱਕ ਚੀਨ ਨਾਲ ਸਬੰਧ ਗੂੜ੍ਹੇ ਕਰ ਰਹੇ ਸਨ, ਉਹ ਵੀ ਇਸ ਗਲਿਆਰਾ ਪ੍ਰਾਜੈਕਟ ਵਿੱਚ ਸ਼ਾਮਿਲ ਹੋ ਕੇ ਪੂਰਬੀ ਮੁਲਕਾਂ ਨਾਲ ਸਬੰਧ ਪੱਕੇ ਕਰਨ ਦੀ ਦਿਸ਼ਾ ਵੱਲ ਵਧਦੇ ਨਜ਼ਰ ਆਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਹੁਣ ਇਧਰ ਦੀਆਂ ਅਰਥ ਵਿਵਸਥਾਵਾਂ ਵੱਧ ਤੇਜ਼ੀ ਨਾਲ ਵਧਦੀਆਂ ਅਤੇ ਵਿਕਸਿਤ ਹੁੰਦੀਆਂ ਜਾਪ ਰਹੀਆਂ ਹਨ।

ਸਿਆਸੀ ਮਾਹਿਰ ਇਸ ਸਮਝੌਤੇ ਨੂੰ ਸੰਸਾਰ ਸਿਆਸਤ ਵਿੱਚ ਵੱਡੇ ਉਲਟ-ਫੇਰ ਦਾ ਕਾਰਕ ਮੰਨ ਰਹੇ ਹਨ। ਬੀਤੇ ਕੁਝ ਵਰ੍ਹਿਆਂ ਤੋਂ ਚੀਨ ਆਪਣੀ ਧੌਂਸ ਦਾ ਪ੍ਰਗਟਾਵਾ ਕਰਦਿਆਂ ਆਪਣੀ ਹੀ ਤਰ੍ਹਾਂ ਦੀ 'ਵਿਸਤਾਰਵਾਦੀ ਨੀਤੀ' ਚਲਾ ਰਿਹਾ ਹੈ, ਜਿਸ ਤਹਿਤ ਉਹ ਭਾਰਤ ਸਮੇਤ ਰੂਸ, ਜਪਾਨ ਅਤੇ ਹੋਰ ਮੁਲਕਾਂ ਦੇ ਵੱਖ ਵੱਖ ਹਿੱਸਿਆਂ ਨੂੰ ਚੀਨ ਦਾ ਹਿੱਸਾ ਦਿਖਾਉਣ ਤੇ ਬਣਾਉਣ ਲਈ ਯਤਨਸ਼ੀਲ ਹੈ। ਉਹ ਆਪਣੇ ਇਰਦ-ਗਿਰਦ ਦੇ ਛੋਟੇ ਮੁਲਕਾਂ ਨਾਲ ਲਗਾਤਾਰ ਝੜਪਾਂ ਜਾਰੀ ਰੱਖ ਰਿਹਾ ਹੈ ਤੇ ਡਰਾ ਧਮਕਾ ਕੇ ਦੂਜਿਆਂ ਦੇ ਇਲਾਕੇ ਹਥਿਆਉਣ ਦੀ ਨੀਤੀ ਅਪਨਾ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕਿਸੇ ਵੇਲੇ ਪੂਰੇ ਸੰਸਾਰ ਦਾ ਧੁਰਾ ਮੰਨੀਆਂ ਜਾਂਦੀਆਂ ਦੋ ਮਹਾਂ ਸ਼ਕਤੀਆਂ-ਅਮਰੀਕਾ ਅਤੇ ਰੂਸ ਸਨ, ਪਰ ਵੱਖ ਵੱਖ ਕਾਰਨਾਂ ਕਰ ਕੇ ਰੂਸ ਕਮਜ਼ੋਰ ਹੁੰਦਾ ਗਿਆ ਤੇ ਮੌਕਾ ਪਾ ਕੇ ਸੰਸਾਰ ਪੱਧਰ 'ਤੇ ਚੀਨ ਨੇ ਰੂਸ ਦੀ ਥਾਂ ਲੈ ਲਈ। ਏਸ਼ਿਆਈ ਖਿੱਤੇ ਵਿੱਚ ਵੀ ਪਾਕਿਸਤਾਨ ਅਤੇ ਨੇਪਾਲ ਸਣੇ ਹੋਰ ਮੁਲਕਾਂ ਨਾਲ ਚੰਗੇ ਸਬੰਧ ਬਣਾ ਕੇ ਉਸ ਨੇ ਭਾਰਤ ਦੇ ਗਿਰਦ ਆਪਣਾ ਸ਼ਿਕੰਜਾ ਕੱਸਣਾ ਸ਼ੁਰੂ ਕੀਤਾ ਹੋਇਆ ਹੈ।

ਹੁਣ ਭਾਰਤ-ਮੱਧ ਪੂਰਬ-ਯੂਰਪੀਅਨ ਗਲਿਆਰੇ ਨਾਲ ਭਾਰਤ ਨੇ ਚੀਨ ਨੂੰ ਠਿੱਬੀ ਲਾਉਂਦਿਆਂ ਮੱਧ ਪੂਰਬ ਰਸਤੇ ਯੂਰਪ ਤੱਕ ਆਰਥਿਕ, ਵਪਾਰਕ ਅਤੇ ਵਿਕਾਸ ਵਾਲੀ ਪਹੁੰਚ ਕਰਨ ਦਾ ਦਾਅ ਬੜੀ ਸੂਝ-ਬੂਝ ਨਾਲ ਖੇਡਿਆ ਹੈ। ਉਸ ਨਾਲ ਜੁੜੇ ਜੀ-20 ਅਤੇ ਜੀ-7 ਦੇ ਮੁਲਕਾਂ ਵਿਚਲੇ ਕੁਝ ਖਾਸ ਮੁਲਕ ਇੱਕ-ਇੱਕ ਕਰ ਕੇ ਉਸ ਦਾ ਸਾਥ ਛੱਡ ਰਹੇ ਹਨ ਅਤੇ ਇਸ ਗਲਿਆਰਾ ਸਮਝੌਤੇ ਵਿੱਚ ਸ਼ਾਮਿਲ ਹੋ ਕੇ ਕੁਝ ਮੁਲਕਾਂ ਨੇ ਭਾਰਤ ਤੇ ਅਮਰੀਕਾ ਪ੍ਰਤੀ ਆਪਣੀ ਨੇੜਤਾ ਦਾ ਪ੍ਰਗਟਾਵਾ ਕੀਤਾ ਹੈ। ਇਸ ਸਿਆਸੀ ਕਵਾਇਦ ਵਿੱਚ ਅਹਿਮ ਬਦਲਾਓ ਜੋ ਦੇਖਣ ਵਿੱਚ ਆਇਆ ਹੈ, ਉਹ ਇਹ ਹੈ ਕਿ ਇਜ਼ਰਾਈਲ ਖ਼ਿਲਾਫ਼ ਲਗਾਤਾਰ ਸੰਘਰਸ਼ ਕਰ ਰਹੇ ਫ਼ਲਸਤੀਨ ਅਤੇ ਉਸ ਦੇ ਹਮਾਇਤੀ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਹੋਰ ਮੁਸਲਿਮ ਮੁਲਕਾਂ ਨੇ ਆਪਣੀ ਸੋਚ ਤੇ ਨੀਤੀ ਵਿੱਚ ਵੱਡੇ ਪਰਿਵਰਤਨਾਂ ਦਾ ਪ੍ਰਗਟਾਵਾ ਕੀਤਾ ਹੈ। ਇਸ ਗਲਿਆਰਾ ਪ੍ਰਾਜੈਕਟ ਵਿੱਚ ਇਜ਼ਰਾਈਲ, ਸਾਊਦੀ ਅਰਬ ਤੇ ਸੰਯੁਕਤ ਅਰਬ ਅਮੀਰਾਤ ਦਾ ਸਹਿਮਤੀ ਨਾਲ ਸ਼ਾਮਿਲ ਹੋਣਾ, ਹੁਣ ਇਜ਼ਰਾਈਲ-ਫ਼ਲਸਤੀਨ ਸੰਘਰਸ਼ ਦੀ ਰੂਪ-ਰੇਖਾ ਵਿੱਚ ਤਬਦੀਲੀ ਦਾ ਲਖਾਇਕ ਹੈ। ਆਸ ਕੀਤੀ ਜਾ ਸਕਦੀ ਹੈ ਕਿ ਜੇ ਇਸ ਤਰ੍ਹਾਂ ਆਪਸ ਵਿੱਚ ਲਗਾਤਾਰ ਯੁੱਧ ਦੇ ਹਾਲਾਤ ਵਿੱਚ ਰਹਿਣ ਵਾਲੇ ਦੇਸ਼ ਮਿਲ ਬੈਠ ਕੇ ਤਬਾਹੀ ਦੀ ਥਾਂ ਤਰੱਕੀ ਦੀ ਇਬਾਰਤ ਲਿਖਣਗੇ ਤਾਂ ਸੰਸਾਰ ਸ਼ਾਂਤੀ, ਸੁਰੱਖਿਆ ਅਤੇ ਵਿਕਾਸ ਦਾ ਪਰਚਮ ਹੋਰ ਬੁਲੰਦ ਹੋਵੇਗਾ ਤੇ ਦੁਨੀਆ ਦਾ ਨਕਸ਼ਾ ਬਦਲ ਜਾਵੇਗਾ।


ਆਰਥਿਕ ਅਤੇ ਸੁਰੱਖਿਆ ਮਾਮਲਿਆਂ ਦੇ ਜਾਣਕਾਰਾਂ ਅਨੁਸਾਰ ਇਸ ਗਲਿਆਰੇ ਦਾ ਮੁੱਖ ਉਦੇਸ਼ ਵੱਖ-ਵੱਖ ਦੇਸ਼ਾਂ ਅੰਦਰ ਅਹਿਮ ਵਪਾਰਕ ਕੇਂਦਰਾਂ ਨੂੰ ਆਪਸ ਵਿੱਚ ਜੋੜ ਕੇ ਵਿਕਾਸ ਵੱਲ ਤੋਰਨਾ, ਊਰਜਾ ਗਰਿੱਡਾਂ ਅਤੇ ਦੂਰ-ਸੰਚਾਰ ਵਿਵਸਥਾ ਦਾ ਵਿਸਥਾਰ ਕਰਨਾ, ਪ੍ਰਦੂਸ਼ਣ ਰਹਿਤ ਊਰਜਾ ਨਿਰਮਾਣ ਤਕਨਾਲੋਜੀ ਦਾ ਪ੍ਰਸਾਰ ਕਰਨਾ ਅਤੇ ਦੁਨੀਆ ਦੇ ਵੱਡੇ ਹਿੱਸੇ ਵਿੱਚ ਸਥਿਰਤਾ ਤੇ ਸੁਰੱਖਿਆ ਨੂੰ ਪੁਖ਼ਤਾ ਕਰਨਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਤਾਂ ਇਸ ਨੂੰ ਵੱਡਾ ਤੇ ਅਹਿਮ ਕਦਮ ਮੰਨ ਚੁੱਕੇ ਹਨ। ਸੰਸਾਰ ਮਾਮਲਿਆਂ ਦੇ ਮਾਹਿਰ ਇਸ ਗਲਿਆਰੇ ਨੂੰ ਵੱਖ ਵੱਖ ਮਹਾਂਦੀਪਾਂ ਅਤੇ ਸੱਭਿਆਤਾਵਾਂ ਦਰਮਿਆਨ 'ਗ੍ਰੀਨ ਐਂਡ ਡਿਜੀਟਲ' ਪੁਲ ਮੰਨ ਰਹੇ ਹਨ, ਜੋ ਵਾਤਾਵਰਨ ਪ੍ਰਦੂਸ਼ਣ ਘਟਾਉਣ ਅਤੇ ਸੂਚਨਾ ਤੇ ਤਕਨੀਕ ਦੇ ਪ੍ਰਸਾਰ ਨੂੰ ਉਚੇਰੀਆਂ ਬੁਲੰਦੀਆਂ 'ਤੇ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਅਦਾ ਕਰੇਗਾ।



# ਪੰਜਾਬ ਦੀ ਬਰਬਾਦੀ ਲਈ ਸਰਕਾਰਾਂ ਤੇ ਸਿਆਸੀ ਆਗੂ ਜ਼ਿੰਮੇਵਾਰ




## ਦਰਦ ਪੰਜਾਬ ਦਾ



ਜੰਗ ਸਿੰਘ ਮਰਸਡ
ਫੋਨ: +1 415-603-7380

ਪੰਜਾਬ ਦੀ ਜੋ ਮੌਜੂਦਾ ਹਾਲਤ ਬਣ ਗਈ ਹੈ, ਉਸ ਉਤੇ ਜੇ ਤਿਰਛੀ ਨਜ਼ਰ ਮਾਰੀਏ ਤਾਂ ਅਸੀ ਪ੍ਰਤੱਖ ਤੌਰ 'ਤੇ ਕਹਿਣ ਨੂੰ ਮਜਬੂਰ ਹੋਵਾਂਗੇ ਕਿ ਇਸ ਦੀਆਂ ਜੇ ਜ਼ਿੰਮੇਵਾਰ ਕੇਂਦਰ ਵਿੱਚ ਰਾਜ ਕਰ ਰਹੀ/ਕਰਦੀਆਂ ਰਹੀਆਂ ਸਰਕਾਰਾਂ ਤਾਂ ਹਨ ਹੀ, ਪਰ ਅਸੀਂ ਪੰਜਾਬ ਵਿੱਚ ਰਾਜ ਕਰ ਗਈਆਂ ਤੇ ਕਰ ਰਹੀ ਸਰਕਾਰ ਅਤੇ ਵੱਖ ਵੱਖ ਪਾਰਟੀਆਂ ਦੇ ਆਗੂਆਂ ਨੂੰ ਵੀ ਇਸ ਤੋਂ ਕਿਸੇ ਤਰ੍ਹਾਂ ਵੀ ਬਰੀ ਨਹੀਂ ਕਰ ਸਕਦੇ। ਇਨ੍ਹਾਂ ਨੇ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਦੀ ਥਾਂ ਆਪਣੀਆਂ ਲੀਡਰੀਆਂ, ਵਜ਼ੀਰੀਆਂ ਤੇ ਅਹੁਦਿਆਂ ਨੂੰ ਬਰਕਰਾਰ ਰੱਖਣ ਨੂੰ ਹੀ ਪਹਿਲ ਦਿੱਤੀ ਹੈ, ਜਿਸ ਦਾ ਨਤੀਜਾ ਪੰਜਾਬ ਬਰਬਾਦੀ ਦੇ ਮੁਹਾਣ 'ਤੇ ਆਣ ਖੜ੍ਹਾ ਹੋ ਗਿਆ ਹੈ। ਦੇਸ਼ ਦੇ ਪਹਿਲੇ ਨੰਬਰ 'ਤੇ ਰਹਿਣ ਵਾਲਾ ਇਹ ਖੁਸ਼ਹਾਲ ਸੂਬਾ ਹਰ ਪੱਖੋਂ ਪੱਛੜ ਕੇ 16ਵੇਂ-17ਵੇਂ ਸਥਾਨ 'ਤੇ ਪੁੱਜ ਗਿਆ ਹੈ।

ਇਸ ਸਮੇਂ ਇਸ ਉਤੇ ਤਿੰਨ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਹੋਇਆ ਹੈ, ਜੋ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਘਟਣ ਦੀ ਥਾਂ ਲਗਾਤਾਰ ਵਧਦਾ ਹੀ ਜਾ ਰਿਹਾ ਹੈ। ਇਸ ਵਿੱਚ ਰਾਜ ਕਰ ਰਹੀਆਂ ਸਰਕਾਰਾਂ ਸੂਬੇ ਕੋਲ ਪੈਸਾ ਨਾ ਹੁੰਦਿਆਂ ਹੋਇਆਂ ਵੀ ਪੰਜਾਬ ਦੇ ਨੌਜੁਆਨਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਮੁਫਤ ਸਹੂਲਤਾਂ ਦੇ ਦੇ ਕੇ ਪੰਜਾਬ ਦੇ ਕਰਜ਼ੇ ਵਿੱਚ ਵਾਧਾ ਕਰਦੀਆਂ ਜਾ ਰਹੀਆਂ ਹਨ। ਪੰਜਾਬ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਇਥੋਂ ਦੇ ਵਾਸੀਆਂ, ਵਿਸ਼ੇਸ਼ ਕਰ ਕੇ ਸਿੱਖਾਂ ਨੇ ਦਿੱਤੀਆਂ ਹਨ। ਇਸ ਦਾ ਮੁਆਵਜ਼ਾ ਆਜ਼ਾਦ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਵਲੱਭ ਭਾਈ ਪਟੇਲ ਨੇ 'ਸਿੱਖਾਂ' ਬਾਰੇ ਇਹ ਪੱਤਰ ਜਾਰੀ ਕਰ ਕੇ ਦਿੱਤਾ ਸੀ ਕਿ "ਸਿੱਖ ਜਰਾਇਮ ਪੇਸ਼ਾ ਲੋਕ ਹਨ, ਇਨ੍ਹਾਂ 'ਤੇ ਕਰੜੀ ਨਜ਼ਰ ਰੱਖੀ ਜਾਵੇ।"

ਉਸ ਵੇਲੇ ਦੇਸ਼ ਦੇ ਕੈਬਨਿਟ ਮੰਤਰੀ ਬਲਦੇਵ ਸਿੰਘ ਸਮੇਤ ਕਾਂਗਰਸ ਪਾਰਟੀ ਦੇ ਸਿੱਖ ਆਗੂਆਂ ਦੇ ਨਾਲ ਪੰਜਾਬ ਦੀਆਂ ਹੋਰ ਰਾਜਨੀਤਕ ਪਾਰਟੀਆਂ ਦੇ ਕਿਸੇ ਵੀ ਆਗੂ ਨੇ ਇਸ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਨਾ ਕੀਤੀ ਤੇ ਨਾ ਹੀ ਕੋਈ ਜਦੋਜਹਿਦ ਅਰੰਭੀ। ਇਸ ਤੋਂ ਕੇਂਦਰ ਦੀ ਸਰਕਾਰ ਦੇ ਆਗੂਆਂ ਨੇ ਅੰਦਾਜ਼ਾ ਲਗਾ ਲਿਆ ਸੀ ਕਿ ਇਸ ਸੂਬੇ ਦੇ ਆਗੂ ਜਾਂ ਤਾਂ ਆਪਸ ਵਿੱਚ ਲੜਨ-ਭਿੜਨ ਵਾਲੇ ਹਨ ਜਾਂ ਫਿਰ ਸਿਰਫ ਤੇ ਸਿਰਫ ਗੱਦੀਆਂ, ਲੀਡਰੀਆਂ ਤੇ ਅਹੁਦਿਆਂ ਦੇ ਭੁੱਖੇ ਹਨ। ਬਸ ਇਸ ਤੋਂ ਹੀ ਪੰਜਾਬ ਦੀ ਬਰਬਾਦੀ ਹੋਣ ਦੀ ਗਾਥਾ ਸ਼ੁਰੂ ਹੁੰਦੀ ਹੈ।

ਜੇਕਰ ਜਰਾਇਮ ਪੇਸ਼ਾ ਵਾਲੇ ਇਸ ਪੱਤਰ ਵਿਰੁੱਧ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਆਗੂ ਇੱਕ ਮੁੱਠ ਹੋ ਕੇ ਸੰਘਰਸ਼ ਕਰਕੇ ਇਸ ਪੱਤਰ ਨੂੰ ਵਾਪਿਸ ਕਰਾ ਲੈਂਦੇ ਤਾਂ ਸ਼ਾਇਦ ਕੇਂਦਰ ਦੀ ਸਰਕਾਰ ਨੂੰ ਕੰਨ ਹੋ ਜਾਂਦੇ ਅਤੇ ਉਹ ਪੰਜਾਬ ਦੀ ਅੱਗੋਂ ਬਰਬਾਦੀ ਨਾ ਕਰਦੀ। ਕੇਂਦਰ ਦੀ ਸਰਕਾਰ ਵੱਲੋਂ ਬੋਲੀਆਂ ਦੇ ਆਧਾਰ 'ਤੇ ਸਾਰੇ ਦੇਸ਼ ਵਿੱਚ ਸੂਬੇ ਬਣਾ ਦਿੱਤੇ ਗਏ, ਪਰ ਪੰਜਾਬ ਨੂੰ ਪੰਜਾਬੀ ਬੋਲੀ ਦੇ ਆਧਾਰ 'ਤੇ ਸੂਬਾ ਬਣਾਉਣ ਤੋਂ ਵਿਰਵਿਆਂ ਕਰ ਦਿੱਤਾ ਗਿਆ। ਇਸ ਲਈ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੂੰ ਇਕੱਠੇ ਹੋ ਕੇ ਲੜਨਾ ਚਾਹੀਦਾ ਹੈ। ਕੇਂਦਰ ਦੀ ਸਰਕਾਰ ਵਲੋਂ ਉਸੇ ਪੰਜਾਬ ਨੂੰ ਤਿੰਨ ਹਿੱਸਿਆਂ- ਪੰਜਾਬ, ਹਰਿਆਣਾ ਤੇ ਹਿਮਾਚਲ ਵਿੱਚ ਵੰਡ ਕੇ ਨਿਹਾਇਤ ਛੋਟਾ ਕਰ ਦੇਣਾ; ਉਸ ਦੀ ਰਾਜਧਾਨੀ ਚੰਡੀਗੜ੍ਹ ਖੋਹ ਲੈਣਾ, ਪੰਜਾਬੀ ਬੋਲਦੇ ਇਲਾਕੇ ਹੋਰ ਸੂਬਿਆਂ ਨੂੰ ਦੇ ਦੇਣਾ, ਪੰਜਾਬ ਦੇ ਡੈਮਾਂ, ਪਾਣੀਆਂ ਨੂੰ ਕੇਂਦਰ ਵਲੋਂ ਆਪਣੇ ਅਧੀਨ ਕਰ ਲੈਣਾ; ਹੋਰ ਤੇ ਹੋਰ ਪੰਜਾਬ ਦੇ ਪਾਣੀਆਂ ਦੀ ਰਾਇਲਟੀ ਨਾ ਦੇ ਕੇ ਦੂਜੇ ਸੂਬਿਆਂ ਨੂੰ ਜਬਰੀ ਤੌਰ 'ਤੇ ਮੁਫਤ ਪਾਣੀ ਦਿੰਦੇ ਰਹਿਣਾ ਪੰਜਾਬ ਨਾਲ ਸਖਤ ਵਿਤਕਰੇ ਦੀ ਗਵਾਹੀ ਭਰਦੇ ਹਨ।

ਪੰਜਾਬ ਦੇ ਆਗੂਆਂ ਦਾ ਆਪਣੀਆਂ ਪਾਰਟੀਆਂ ਨਾਲ ਮੋਹ, ਗੱਦੀਆਂ ਤੇ ਅਹੁਦਿਆਂ ਨੂੰ ਕਾਇਮ ਰੱਖਣ ਅਤੇ ਪੈਸਾ ਕਮਾਉਣ ਦੀ ਹੋੜ੍ਹ ਵਿੱਚ ਇਸ ਸਭ ਕੁਝ 'ਤੇ ਚੁੱਪ ਗੜੁੱਪ ਰਹਿਣ ਨਾਲ ਇੱਕ ਤਰ੍ਹਾਂ ਪੰਜਾਬ ਲਗਾਤਾਰ ਬਰਬਾਦ ਹੁੰਦਾ ਗਿਆ। ਇਹ ਠੀਕ ਹੈ ਕਿ ਪੰਜਾਬ ਨੂੰ ਬਰਬਾਦ ਕਰਨ ਵਿੱਚ ਉਸ ਵੇਲੇ ਦੀ ਜਨ ਸੰਘ ਪਾਰਟੀ, ਜੋ ਹੁਣ ਭਾਰਤੀ ਜਨਤਾ ਪਾਰਟੀ ਬਣ ਚੁੱਕੀ ਹੈ, ਦੇ ਹਮਾਇਤੀਆਂ ਨੇ ਪੰਜਾਬ ਦਾ ਵੱਡੇ ਪੱਧਰ 'ਤੇ ਘਾਣ ਕੀਤਾ ਹੈ। ਜੇ ਉਸ ਵੇਲੇ ਪੰਜਾਬ ਦੀਆਂ ਬਾਕੀ ਹੋਰ ਰਾਜਨੀਤਕ ਪਾਰਟੀਆਂ ਦੇ ਆਗੂ ਇਕੱਠੇ ਤੌਰ 'ਤੇ ਜਦੋਜਹਿਦ ਕਰਦੇ ਤਾਂ ਸ਼ਾਇਦ ਪੰਜਾਬ ਨਾਲ ਇਸ ਤਰ੍ਹਾਂ ਦਾ ਧੱਕਾ ਨਾ ਹੁੰਦਾ। ਇਹ ਵੀ ਠੀਕ ਹੈ ਕਿ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ), ਜਿਹੜੀ ਬਾਅਦ ਵਿੱਚ 'ਸਿੱਖਾਂ' ਦੀ ਤਰਜਮਾਨੀ ਨਾ ਕਰਦੇ ਹੋਏ ਇਸ ਪਾਰਟੀ ਨੂੰ "ਪੰਜਾਬੀ ਪਾਰਟੀ" ਬਣਾ ਲਿਆ ਤੇ ਭਾਜਪਾ ਦੀ ਹਰ ਪੱਖੋਂ ਹਮਾਇਤ ਕਰਦੀ ਰਹੀ। ਇਨ੍ਹਾਂ ਨੇ ਲਗਭਗ ਤਿੰਨ ਦਹਾਕੇ ਪੰਜਾਬ ਵਿੱਚ ਰਾਜ ਕੀਤਾ। ਇਸ ਦੌਰਾਨ ਬਿਜਲੀ, ਪਾਣੀ, ਆਟਾ-ਦਾਲ ਆਦਿ ਮੁਫਤ ਦੇ ਕੇ ਪੰਜਾਬੀਆਂ ਨੂੰ ਕਾਮੇ ਕਿਰਤੀ ਬਣਾਉਣ ਦੀ ਥਾਂ ਮੁਫਤਖੋਰੇ ਹੀ ਨਹੀਂ ਬਣਾਇਆ, ਬਲਕਿ ਹੱਡ ਹਰਾਮ ਬਣਾ ਕੇ ਮੰਗਤੇ ਬਣਾ ਦਿੱਤਾ।

ਸਰਕਾਰ ਦੀ ਇਸ ਸੋਚ ਨੇ ਪੰਜਾਬ ਨੂੰ ਨਿੱਤ ਦਾ ਕਰਜ਼ਈ ਬਣਾ ਕੇ ਰੱਖ ਦਿੱਤਾ ਹੈ। ਪੰਜਾਬ ਵਿੱਚ ਰਾਜ ਕਰ ਰਹੀ ਪਾਰਟੀ ਜਿਹੜੀ ਆਪਣੇ ਆਪ ਨੂੰ ਹੋਰਨਾਂ ਪਾਰਟੀਆਂ ਤੋਂ ਭਿੰਨ ਅਖਵਾਉਂਦੀ ਸੀ, ਉਹ ਵੀ ਰਵਾਇਤੀ ਪਾਰਟੀਆਂ ਵਰਗੀ ਬਣ ਕੇ ਲੋਕਾਂ ਨੂੰ ਹੋਰ ਮੁਫਤਖੋਰੇ ਬਣਾ ਕੇ ਪੰਜਾਬ ਨੂੰ ਹੋਰ ਤੇ ਹੋਰ ਕਰਜ਼ਈ ਕਰ ਰਹੀ ਹੈ। ਪਿਛਲੇ ਸਮੇਂ ਤੋਂ ਸਰਕਾਰਾਂ ਵਲੋਂ ਨੌਜੁਆਨਾਂ ਨੂੰ ਰੁਜ਼ਗਾਰ ਦੇ ਮੌਕੇ ਨਾ ਮੁਹੱਈਆ ਕਰਵਾਉਣ ਕਾਰਨ ਪੰਜਾਬ ਦੀ ਜਵਾਨੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਆਦਿ ਸੰਸਾਰ ਭਰ ਦੇ ਦੇਸ਼ਾਂ ਵਿੱਚ ਨੌਕਰੀਆਂ ਦੀ ਭਾਲ ਵਿੱਚ ਧੜਾ ਧੜ ਜਾ ਰਹੀ ਹੈ, ਜੋ ਰੁਕਣ ਦਾ ਨਾਂ ਨਹੀਂ ਲੈ ਰਹੀ। ਹਰੇਕ ਪੰਜਾਬੀ ਨੌਜੁਆਨ ਆਪਣੇ ਨਾਲ 30-40 ਲੱਖ ਰੁਪਏ ਪੰਜਾਬ ਦਾ ਸਰਮਾਇਆ ਹੀ ਨਹੀਂ ਲਿਜਾ ਰਿਹਾ ਬਲਕਿ ਡਾਕਟਰ, ਇੰਜੀਨੀਅਰ, ਅਧਿਆਪਕ, ਨਰਸਾਂ ਆਦਿ ਤੇ ਦੇਸ਼ ਦੀਆਂ ਸਰਕਾਰਾਂ ਦਾ ਵੱਖ ਵੱਖ ਕੋਰਸਾਂ ਦਾ ਖਰਚਾ ਕਰਵਾ ਕੇ ਇੱਥੋਂ ਡਿਗਰੀਆਂ ਲੈ ਕੇ ਧੜਾ ਧੜ ਵਿਦੇਸ਼ਾਂ ਵਿੱਚ ਜਾ ਕੇ ਪੰਜਾਬ ਦੇ ਨਾਲ ਭਾਰਤ ਨੂੰ ਵੀ ਕੰਗਾਲ ਕਰ ਰਹੇ ਹਨ, ਜਿਸ ਤੋਂ ਦੇਸ਼ ਦੀਆਂ ਸਰਕਾਰਾਂ ਅਵੇਸਲੀਆਂ ਹੋਈਆਂ ਬੈਠੀਆਂ ਹਨ।

ਇੱਕ ਟੀ.ਵੀ. ਚੈਨਲ 'ਤੇ ਪਾਕਿਸਤਾਨ ਦੀ ਲਾਹੌਰ ਯੂਨੀਵਰਸਿਟੀ ਦੇ ਡਾ. ਅਖਤਰ ਹੁਸੈਨ ਸੰਧੂ ਦੀ ਇੰਟਰਵੀਊ ਕੁਝ ਲੋਕਾਂ ਨੇ ਜਰੂਰ ਸੁਣੀ ਹੋਵੇਗੀ। ਉਸ ਵਿੱਚ ਉਹ ਇਹ ਵੀ ਕਹਿ ਰਹੇ ਸਨ ਕਿ ਪੰਜਾਬ ਦੀ ਬਰਬਾਦੀ ਦਾ ਇੱਕ ਇਹ ਵੀ ਕਾਰਨ ਰਿਹਾ ਹੈ ਕਿ ਜਦੋਂ ਜਦੋਂ ਵੀ ਪੰਜਾਬ ਨਾਲ ਸਰਕਾਰਾਂ ਨੇ ਧੱਕੇ ਕੀਤੇ ਹਨ, ਪੰਜਾਬ ਦੇ ਲੋਕਾਂ ਨੇ ਕਦੇ ਵੀ ਉਨ੍ਹਾਂ ਦੇ ਵਿਰੁੱਧ ਇਕੱਠੇ ਹੋ ਕੇ ਆਵਾਜ਼ ਬੁਲੰਦ ਨਹੀਂ ਕੀਤੀ। ਇਸ ਗੱਲ ਵਿੱਚ ਉਨ੍ਹਾਂ ਦਾ ਕੁਝ ਵਜ਼ਨ ਜਰੂਰ ਨਜ਼ਰ ਆਉਂਦਾ ਹੈ, ਪਰ ਸਭ ਤੋਂ ਵੱਡੀ ਦੁੱਖਦਾਈ ਗੱਲ ਇਹ ਹੈ ਕਿ ਇਸ ਸਮੇਂ ਪੰਜਾਬ ਲੀਡਰ ਵਿਹੂਣਾ ਹੋਣ ਕਰਕੇ ਕੋਈ ਵੀ ਅਜਿਹਾ ਆਗੂ ਨਹੀਂ, ਜੋ ਪੰਜਾਬ ਦੇ ਲੋਕਾਂ ਦਾ ਸਹੀ ਮਾਰਗ ਦਰਸ਼ਨ ਕਰਦਾ ਹੋਇਆ ਪੰਜਾਬ ਦੇ ਵਾਸੀਆਂ ਨੂੰ ਇਸ ਬਰਬਾਦੀ ਤੋਂ ਰੋਕਣ ਲਈ ਲਾਮਬੰਦ ਕਰਕੇ ਸੰਘਰਸ਼ ਕਰਨ ਲਈ ਮੋਰਚਾ ਲਗਾਉਂਦਾ ਹੋਵੇ।

ਪੰਜਾਬ ਕੋਲ ਹਾਲੇ ਤਕ ਕੋਈ ਵੀ ਸਰਬ ਪ੍ਰਵਾਨਿਤ ਹਰਮਨ ਪਿਆਰਾ ਆਗੂ ਨਹੀਂ ਹੈ। ਜਿਹੜੇ ਆਗੂ ਹਨ, ਉਹ ਵੀ ਖਾਮੋਸ਼ ਹਨ ਤੇ ਗੱਦੀਆਂ ਲਈ ਆਪਸ ਵਿੱਚ ਲੜ-ਭਿੜ ਰਹੇ ਹਨ। ਇਸੇ ਕਰਕੇ ਪੰਜਾਬ ਸੰਤਾਪ ਭੋਗ ਰਿਹਾ ਹੈ, ਜਿਸ ਦਾ ਲਾਹਾ ਪੰਜਾਬ ਵਿਰੋਧੀ ਤਾਕਤਾਂ ਲਗਾਤਾਰ ਉਠਾਉਂਦੀਆ ਆ ਰਹੀਆਂ ਹਨ। ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਸੁਹਿਰਦ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਸਾਰੇ ਇਕੱਠੇ ਹੋਣ ਤੇ ਪੰਜਾਬ ਦੀ ਹੋ ਰਹੀ ਬਰਬਾਦੀ ਨੂੰ ਰੋਕਣ ਲਈ ਕੋਈ ਸਾਂਝਾ ਐਕਸ਼ਨ ਉਲੀਕਣ ਤਾਂ ਕਿ ਪੰਜਾਬ ਨੂੰ ਹੋਰ ਬਰਬਾਦ ਹੋਣ ਤੋਂ ਰੋਕਿਆ ਜਾ ਸਕੇ। ਭਾਰਤ ਦੀ ਸਰਕਾਰ ਨੂੰ ਵੀ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ। ਪੰਜਾਬ ਭਾਰਤ ਦਾ ਸਰਹੱਦੀ ਸੂਬਾ ਹੈ, ਜੇ ਇਨ੍ਹਾਂ ਨਾਲ ਹੋ ਰਹੀ ਬੇਗਾਨਗੀ ਨੂੰ ਨਾ ਰੋਕਿਆ ਗਿਆ ਤੇ ਪੰਜਾਬ ਨਾਲ ਵਿਤਕਰਾ ਜਾਰੀ ਰੱਖਿਆ ਤਾਂ ਇਸ ਦੇ ਕਿਸੇ ਵੇਲੇ ਵੀ ਖਤਰਨਾਕ ਤੇ ਭਿਆਨਕ ਨਤੀਜੇ ਵੀ ਨਿਕਲਣ ਤੋਂ ਇਨਕਾਰਿਆ ਨਹੀਂ ਜਾ ਸਕਦਾ, ਜੋ ਦੇਸ਼ ਲਈ ਕਿਸੇ ਸਮੇਂ ਵੀ ਘਾਤਕ ਸਾਬਤ ਹੋ ਸਕਦੇ ਹਨ। ਆਸ ਹੈ, ਕੇਂਦਰ ਦੀ ਸਰਕਾਰ ਆਪਣੀ ਪੀਡੀ ਹੇਠ ਸੋਟਾ ਮਾਰ ਕੇ ਪੰਜਾਬ ਪ੍ਰਤੀ ਆਪਣੀ ਸੋਚ ਨੂੰ ਬਦਲੇਗੀ।

**Matrimonial**

Jatt Sikh well settled and educated family seeking suitable match for their daughter, age 27, height 5'-5". Boy should US citizen or PR holder. Girl has a US visitor visa and family is from Amritsar. Contact: +91-9878342510 (India)

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੱਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

# ਬਾਗਬਾਨੀ ਘਪਲਾ: ਮਾਲੀਆਂ ਨੇ ਬਾਗ ਉਜਾੜੇ...

ਕਹਿੰਦੇ ਨੇ, ਗੰਗਾ ਗਈਆਂ ਹੱਡੀਆਂ ਵਾਪਸ ਨਹੀਂ ਮੁੜਦੀਆਂ, ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਦਾਅਵਾ ਸੱਚ ਲੱਗਣ ਲੱਗਾ ਹੈ ਕਿ ਉਨ੍ਹਾਂ ਨੇ ਭ੍ਰਿਸ਼ਟ ਅਫਸਰਾਂ, ਲੀਡਰਾਂ ਅਤੇ ਦਲਾਲਾਂ ਦੇ ਖਜ਼ਾਨਿਆਂ ਵਿੱਚੋਂ ਦੋ ਨੰਬਰ ਦਾ ਪੈਸਾ ਕਢਵਾ ਕੇ ਅਖੌਤ ਨੂੰ ਝੂਠਿਆਂ ਪਾ ਦਿੱਤਾ। ਉਹ ਕਿਸੇ ਵੇਲੇ ਪੰਜਾਬ ਦੇ ਇਸੇ ਖਜ਼ਾਨੇ ਨੂੰ ਖਾਲੀ ਪੀਪਾ ਕਿਹਾ ਕਰਦੇ ਸਨ। ਉਨ੍ਹਾਂ ਨੇ ਮੁੱਖ ਮੰਤਰੀ ਵਜੋਂ ਖਟਕੜ ਕਲਾ ਵਿਖੇ ਸਹੁੰ ਚੁੱਕਣ ਤੋਂ ਬਾਅਦ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦਾ ਭਰੋਸਾ ਦੁਆਇਆ ਸੀ। ਉਨ੍ਹਾਂ ਨੇ ਅੱਧੀ ਦਰਜਨ ਕਥਿਤ ਭ੍ਰਿਸ਼ਟ ਮੰਤਰੀਆਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਹੈ। ਸਰਕਾਰ ਦੇ ਅਫਸਰਾਂ ਅਤੇ ਹੋਰ ਮੁਲਾਜ਼ਮਾਂ ਸਮੇਤ ਕਈ ਸਲਾਖਾਂ ਪਿੱਛੇ ਬੰਦ ਕੀਤੇ ਹਨ। ਉਹ ਅਕਸਰ ਆਪਣੇ ਭਾਸ਼ਣਾਂ ਵਿੱਚ ਕਾਂਗਰਸ ਅਤੇ ਅਕਾਲੀਆਂ ਦੇ ਲੀਡਰਾਂ ਦੇ ਖਾਤਿਆਂ

## ਬਦਨੀਅਤੀਆਂ



**ਕਮਲਜੀਤ ਸਿੰਘ ਬਨਵੈਤ**
**ਫੋਨ: +91-9814734035**




### ਯੋਜਨਾਬੱਧ ਮਿਲੀਭੁਗਤ

ਪੰਜਾਬ ਦੇ ਦੋ ਆਈ.ਏ.ਐੱਸ. ਅਧਿਕਾਰੀਆਂ ਦੀਆਂ ਪਤਨੀਆਂ ਨੇ ਵੀ ਗਲਤ ਤਰੀਕੇ ਨਾਲ ਮੁਆਵਜ਼ਾ ਹਾਸਲ ਕੀਤਾ ਸੀ। ਇਸ ਮਾਮਲੇ ਵਿਚ ਵਿਜੀਲੈਂਸ ਬਿਊਰੋ ਵੱਲੋਂ 99 ਲੋਕਾਂ ਨੂੰ ਮੁਲਜ਼ਮ ਬਣਾਇਆ ਗਿਆ ਹੈ, ਜਿਨ੍ਹਾਂ ਵਿੱਚੋਂ 11 ਸਰਕਾਰੀ ਅਹੁਦਿਆਂ 'ਤੇ ਤਾਇਨਾਤ ਹਨ। 20 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਅਤੇ 16 ਮੁਲਜ਼ਮਾਂ ਨੂੰ ਰੈਗੂਲਰ ਜ਼ਮਾਨਤ ਮਿਲੀ ਹੋਈ ਹੈ। ਚਾਰ ਹਿਰਾਸਤ ਵਿਚ ਹਨ। 38 ਨੇ ਅਗਾਊਂ ਜ਼ਮਾਨਤ ਲਈ ਹੋਈ ਹੈ, ਜਦ ਕਿ 41 ਦੀ ਭਾਲ ਜਾਰੀ ਹੈ। ਜ਼ਿਕਰਯੋਗ ਹੈ ਕਿ ਗਮਾਡਾ ਵੱਲੋਂ 2016-17 ਵਿੱਚ 1651.59 ਏਕੜ ਜ਼ਮੀਨ ਐਕਵਾਇਰ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਮੁਹਾਲੀ ਦੇ ਪਿੰਡ ਬਾਕਰਪੁਰ, ਰੁੜਕਾ, ਛੱਤ, ਸਫੀਪੁਰ, ਨਾਰਾਇਣਗੜ੍ਹ, ਮਟਰਾਂ, ਮਨੌਲੀ, ਸਿਆਊ, ਸੈਣੀ ਮਾਜਰਾ, ਚਾਓ ਮਾਜਰਾ ਵਿੱਚ ਐਰੋਟ੍ਰੋਪੋਲਿਸ ਰਿਹਾਇਸ਼ੀ ਪ੍ਰਾਜੈਕਟ ਦੀ ਸਥਾਪਨਾ ਲਈ ਜ਼ਮੀਨ ਐਕਵਾਇਰ ਕੀਤੀ ਜਾਣੀ ਸੀ, ਪਰ ਗਮਾਡਾ 'ਚ ਉਚ ਅਹੁਦਿਆਂ 'ਤੇ ਬੈਠੇ ਅਧਿਕਾਰੀਆਂ ਨੇ ਪਟਵਾਰੀਆਂ ਤੇ ਹੋਰ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਗਲਤ ਲਾਭ ਲਈ ਐਕਟ ਦੀਆਂ ਮੱਦਾਂ ਦਾ ਫਾਇਦਾ ਉਠਾਉਣ ਦੇ ਇਰਾਦੇ ਨਾਲ ਯੋਜਨਾਬੱਧ ਤਰੀਕੇ ਨਾਲ ਵਿਅਕਤੀਗਤ ਰੂਪ ਵਿਚ ਜਾਂ ਸਮੂਹਾਂ 'ਚ ਜ਼ਮੀਨ ਖਰੀਦਣੀ ਸ਼ੁਰੂ ਕਰ ਦਿੱਤੀ ਸੀ। ਇਸ ਦੇ ਨਾਲ-ਨਾਲ ਗਲਤ ਤਰੀਕੇ ਨਾਲ ਮੁਆਵਜ਼ਾ ਵੀ ਹਾਸਲ ਕੀਤਾ ਗਿਆ।

ਵਿੱਚੋਂ ਪੈਸਾ ਕਢਾ ਕੇ ਪੰਜਾਬ ਦੇ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਦਾ ਦਾਅਵਾ ਕਰਦੇ ਰਹੇ ਹਨ। ਉਸ ਵੇਲੇ ਸੁਣਨ ਨੂੰ ਚਾਹੇ ਉਨ੍ਹਾਂ ਦੇ ਭਾਸ਼ਣ ਸੱਚ ਦੇ ਨੇੜੇ ਨਹੀਂ ਸਨ ਲੱਗਦੇ, ਪਰ ਅਮਰੂਦਾਂ ਦੇ ਬਾਗਵਾਨੀ ਘਪਲੇ ਦੇ ਮੁਲਜ਼ਮਾਂ ਵਲੋਂ 50 ਕਰੋੜ ਦੇ ਕਰੀਬ ਪੈਸਾ ਜਮ੍ਹਾਂ ਕਰਾਉਣ ਨਾਲ ਉਨ੍ਹਾਂ ਦੇ ਬੋਲ ਸੱਚੇ ਲੱਗਣ ਲੱਗੇ ਹਨ।

ਅਦਾਲਤ ਨੇ ਬਾਗਬਾਨੀ ਘਪਲੇ ਦੇ ਮੁਲਜ਼ਮਾਂ ਨੂੰ ਜ਼ਮਾਨਤ ਮੰਗਣ ਤੋਂ ਪਹਿਲਾਂ ਦੋ ਨੰਬਰ ਦਾ ਪੈਸਾ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਲਈ ਕਿਹਾ ਸੀ। ਜੇਲ੍ਹਾਂ ਵਿੱਚ ਜਾਣ ਦੇ ਡਰੋਂ ਕਈਆਂ ਨੇ ਪੈਸਾ ਜਮ੍ਹਾਂ ਕਰਾ ਦਿੱਤਾ ਹੈ। ਲੱਗਦਾ ਹੈ ਕਿ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਜੇ ਦੋ ਨੰਬਰ ਵਿੱਚ ਪੈਸਾ ਕਮਾਇਆ ਹੈ ਤਾਂ ਉਨ੍ਹਾਂ ਦਾ ਵੀ ਅਦਾਲਤ ਕੋਲ ਪੈਸਾ ਜਮ੍ਹਾਂ ਕਰਾਉਣ ਦੀ ਪੇਸ਼ਕਸ਼ ਕਰਨ ਵਿੱਚ ਭਲਾ ਹੈ। ਪੰਜਾਬ ਦੇ ਸਾਬਕਾ ਮੰਤਰੀਆਂ ਸਾਧੂ ਸਿੰਘ ਧਰਮਸੋਤ, ਭਾਰਤ ਭੂਸ਼ਣ ਆਸ਼ੂ, ਸੁੰਦਰ ਸ਼ਾਮ ਅਰੋੜਾ ਅਤੇ ਓ.ਪੀ. ਸੋਨੀ ਲਈ ਵੀ ਰਾਹ ਖੁੱਲ੍ਹ ਗਿਆ ਹੈ। ਹੋਰ ਜਿਨ੍ਹਾਂ ਦੀ ਡਰਦਿਆਂ ਨੀਂਦ ਖਰਾਬ ਹੋ ਚੁੱਕੀ ਹੈ, ਦੀ ਜਾਨ ਵੀ ਇਸੇ ਤਰੀਕੇ ਸੁਖਾਲੀ ਹੋ ਜਾਵੇਗੀ।

ਮੁੱਖ ਮੰਤਰੀ ਨੇ ਆਪਣੇ ਭਾਸ਼ਣਾਂ ਵਿੱਚ ਸ਼ਿਵਾਲਿਕ ਦੀਆਂ ਪਹਾੜੀਆਂ ਹੇਠ ਦੱਬਿਆ ਪੈਸਾ ਕੱਢਣ ਵੱਲ ਵੀ ਇਸ਼ਾਰਾ ਕੀਤਾ ਸੀ, ਪਰ ਹਾਲੇ ਤੱਕ ਦਿੱਲੀ ਦੂਰ ਲੱਗਦੀ ਹੈ। ਜੇ ਬਾਗਵਾਨੀ ਘਪਲੇ ਦੀ ਤਰਜ ਉੱਤੇ ਪੰਜਾਬ ਦੇ ਉਹ ਸਾਰੇ ਸਿਆਸੀ ਲੀਡਰ, ਅਫਸਰ ਅਤੇ ਕਲਰਕ ਸਮੇਤ ਦੂਜੇ ਮੁਲਾਜ਼ਮ ਭ੍ਰਿਸ਼ਟਾਚਾਰ ਰਾਹੀਂ ਇਕੱਠਾ ਕੀਤਾ ਪੈਸਾ ਸਰਕਾਰ ਦੇ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਲਈ ਅੱਗੇ ਆ ਜਾਣ ਤਾਂ ਉਨ੍ਹਾਂ ਮੁਲਾਜ਼ਮਾਂ ਨੂੰ ਪਰਾਵੀਡੈਂਟ ਫੰਡ ਸਮੇਤ ਪੁਰਾਣੀ ਪੈਨਸ਼ਨ ਦਿੱਤੀ ਜਾ ਸਕਦੀ ਹੈ, ਜਿਨਾਂ ਨੇ ਆਪਣੀ ਉਮਰ ਦੇ ਕਈ ਕਈ ਸਾਲ ਲੋਕਾਂ ਦੀ ਸੇਵਾ ਵਿੱਚ ਲਾਏ ਹਨ। ਇੱਕ ਅੰਦਾਜ਼ੇ ਅਨੁਸਾਰ ਇਹ ਰਕਮ ਕਈ ਹਜ਼ਾਰ ਕਰੋੜ ਬਣੇਗੀ।

ਬਾਗਬਾਨੀ ਘਪਲਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਚਰਨਜੀਤ ਸਿੰਘ ਚੰਨੀ ਦੇ ਕਾਰਜਕਾਲ ਦੌਰਾਨ ਹੋਇਆ ਸੀ, ਪਰ ਇਸ ਤੋਂ ਪਰਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੇਲੇ ਉੱਠਿਆ ਹੈ। ਇੱਕ ਦਰਜਨ ਦੇ ਕਰੀਬ ਮੁਲਜ਼ਮ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਹਨ। ਪੰਜਾਬ ਸਰਕਾਰ ਅਤੇ ਅਦਾਲਤ ਦੇ ਡਰੋਂ ਵੱਡਿਆਂ ਘਰਾਂ ਨੇ ਆਖਰ ਬਾਗ ਘੁਟਾਲੇ ਦੇ ਕਰੋੜਾਂ ਰੁਪਏ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਾ ਦਿੱਤੇ ਹਨ। ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਦੇ ਪਰਿਵਾਰ ਨੇ ਅਮਰੂਦ ਘੁਟਾਲੇ ਵਿੱਚ ਘਿਰਨ ਮਗਰੋਂ ਖਜ਼ਾਨੇ 'ਚ ਪੈਸਾ ਜਮ੍ਹਾਂ ਕਰਾ ਦਿੱਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਵਿਜੀਲੈਂਸ ਵੱਲੋਂ ਅਜਿਹੇ 106 ਲਾਭਪਾਤਰੀਆਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਨੇ ਐਕਵਾਇਰ ਹੋਈ ਜ਼ਮੀਨ ਵਿੱਚ ਰਾਤੋ ਰਾਤ ਬਾਗ ਦਿਖਾ ਕੇ ਸਰਕਾਰੀ ਖਜ਼ਾਨੇ ਵਿੱਚੋਂ 137 ਕਰੋੜ ਰੁਪਏ ਤੋਂ ਵੱਧ ਦਾ ਮੁਆਵਜ਼ਾ ਹਾਸਿਲ ਕਰ ਲਿਆ ਸੀ। ਦਿਲਚਸਪ ਗੱਲ ਇਹ ਕਿ ਇਨ੍ਹਾਂ ਉੱਚ ਅਫਸਰਾਂ ਨੇ ਆਪਣੀ ਪਤਨੀ ਦੇ ਨਾਂ ਜ਼ਮੀਨ ਲੈ ਕੇ ਉਨ੍ਹਾਂ ਵਿੱਚ ਖੜੇ ਦਰਖਤਾਂ ਦਾ ਵੀ ਮੁਆਵਜ਼ਾ ਲੈ ਲਿਆ ਸੀ, ਜਦ ਕਿ ਖੇਤਾਂ ਵਿੱਚ ਤਾਂ ਪਨੀਰੀ ਹੀ ਲਾਈ ਗਈ ਸੀ। ਹੋਰ ਤਾਂ ਹੋਰ, ਪਨੀਰੀ ਨੂੰ ਵੀ ਵੱਡੇ ਦਰਖਤ ਲੱਗੇ ਦਿਖਾ ਕੇ ਮੋਟੀ ਰਕਮ ਲੈ ਲਈ ਸੀ। ਸਰਕਾਰ ਵੱਲੋਂ ਮੋਹਾਲੀ ਵਿੱਚ ਜ਼ਮੀਨ ਐਕੁਆਇਰ ਕੀਤੀ ਗਈ ਸੀ ਅਤੇ ਇਹ ਭਾਣਾ ਉਦੋਂ ਵਾਪਰਿਆ ਸੀ।

ਜਦੋਂ ਇਸ ਘੁਟਾਲੇ ਵਿੱਚ ਗ੍ਰਿਫਤਾਰ ਰਸੂਖਵਾਨਾਂ ਨੇ ਜ਼ਮਾਨਤ ਲਈ ਅਰਜੀਆਂ ਲਾਈਆਂ ਤਾਂ ਅਦਾਲਤ ਨੇ ਗਲਤ ਤਰੀਕੇ ਨਾਲ ਹਾਸਿਲ ਕੀਤੀ ਮੁਆਵਜ਼ਾ ਰਾਸ਼ੀ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਦੀ ਸ਼ਰਤ ਲਾ ਦਿੱਤੀ ਸੀ। ਅਦਾਲਤ ਨੇ ਹੁਣ ਤੱਕ 106 'ਚੋਂ 47 ਜਣਿਆਂ ਨੂੰ ਬਾਗਾਂ ਦੇ ਮੁਆਵਜ਼ੇ ਵਜੋਂ ਹਾਸਿਲ ਕੀਤੀ 52 ਕਰੋੜ ਰੁਪਏ ਦੀ ਰਕਮ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਦੇ ਹੁਕਮ ਦਿੱਤੇ ਹਨ। ਜਾਣਕਾਰੀ ਮੁਤਾਬਿਕ ਇਨ੍ਹਾਂ ਵਿੱਚੋਂ 25 ਰਸੂਖਵਾਨਾਂ ਨੇ ਸਰਕਾਰੀ ਖਜ਼ਾਨੇ ਵਿੱਚ 38 ਕਰੋੜ ਰੁਪਏ ਜਮ੍ਹਾਂ ਕਰਾ ਦਿੱਤੇ ਹਨ, ਜਦਕਿ ਬਾਕੀ 22 ਜਣਿਆਂ ਨੂੰ ਵੀ 14 ਕਰੋੜ ਦੇ ਕਰੀਬ ਰਕਮ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਹੈ। ਹੋਰ 59 ਜਣਿਆਂ ਵੱਲੋਂ ਲਈ 88 ਕਰੋੜ ਦੀ ਮੁਆਵਜ਼ਾ ਰਕਮ ਬਾਰੇ ਹਾਲੇ ਫੈਸਲਾ ਹੋਣ ਨੂੰ ਰਹਿੰਦਾ ਹੈ।

ਵਿਜੀਲੈਂਸ ਬਿਊਰੋ ਵੱਲੋਂ ਹੁਣ ਤੱਕ ਇਸ ਕੇਸ ਵਿੱਚ 100 ਦੇ ਕਰੀਬ ਮੁਲਜ਼ਮ ਨਾਮਜ਼ਦ ਕੀਤੇ ਗਏ ਹਨ। ਕੁੱਲ ਗ੍ਰਿਫਤਾਰ ਕੀਤੇ 20 ਮੁਲਜ਼ਮਾਂ ਵਿੱਚੋਂ 16 ਜਣਿਆਂ ਨੂੰ ਰੈਗੂਲਰ ਜ਼ਮਾਨਤ ਮਿਲ ਚੁੱਕੀ ਹੈ, ਜਦ ਕਿ 41 ਮੁਲਜ਼ਮ ਹਾਲੇ ਭਗੌੜੇ ਦੱਸੇ ਜਾ ਰਹੇ ਹਨ। ਅਦਾਲਤ ਨੇ ਆਪਣੇ ਹੁਕਮਾਂ ਵਿੱਚ ਕਿਹਾ ਹੈ ਕਿ ਜੇਲ੍ਹ ਵਿੱਚੋਂ ਰਿਹਾਈ ਮਗਰੋਂ ਇੱਕ ਮਹੀਨੇ ਦੇ ਅੰਦਰ ਅੰਦਰ ਪੈਸਾ ਖਜ਼ਾਨੇ ਵਿੱਚ ਜਮ੍ਹਾਂ ਕਰਾਉਣਾ ਜਰੂਰੀ ਹੋਵੇਗਾ। ਘਪਲੇ ਵਿੱਚ ਸਭ ਤੋਂ ਵੱਧ ਭੁਪਿੰਦਰ ਸਿੰਘ ਨੇ 24 ਕਰੋੜ ਮੁਆਵਜ਼ਾ ਲਿਆ ਸੀ।

ਇਸੇ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਉਸ ਪੱਤਰ ਦਾ ਜਵਾਬ ਦਿੱਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਨੇ ਸਰਕਾਰ ਵੱਲੋਂ ਲਏ ਕਰੀਬ 50 ਹਜ਼ਾਰ ਕਰੋੜ ਦੇ ਕਰਜ਼ੇ ਦਾ ਹਿਸਾਬ-ਕਿਤਾਬ ਮੰਗ ਲਿਆ ਸੀ। ਮੁੱਖ ਮੰਤਰੀ ਮਾਨ ਨੇ ਪਟਿਆਲਾ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਇਸ ਸਪਸ਼ਟ ਕਰ ਦਿੱਤਾ ਸੀ ਕਿ ਲਏ ਕਰਜ਼ੇ ਵਿੱਚੋਂ ਜ਼ਿਆਦਾ ਰਕਮ ਪਹਿਲੀਆਂ ਸਰਕਾਰਾਂ ਵੱਲੋਂ ਲਏ ਕਰਜ਼ੇ ਦੇ ਵਿਆਜ ਦੇ ਰੂਪ ਵਿੱਚ ਜਮ੍ਹਾਂ ਕਰਾਈ ਗਈ ਹੈ। ਪੰਜਾਬ ਸਰਕਾਰ ਵੱਲੋਂ ਰਾਜਪਾਲ ਨੂੰ ਇੱਕ ਪੱਤਰ ਲਿਖ ਕੇ ਕੇਂਦਰ ਤੋਂ ਆਰ. ਡੀ. ਐਫ. ਦਾ ਰੁਕਿਆ ਪੈਸਾ ਰਿਲੀਜ਼ ਕਰਾਉਣ ਲਈ ਕਿਹਾ ਗਿਆ ਸੀ, ਜਿਸ ਉੱਤੇ ਕਾਰਵਾਈ ਕਰਦਿਆਂ ਰਾਜਪਾਲ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਏ ਕਰਜ਼ੇ ਦਾ ਵੇਰਵਾ ਪੁੱਛ ਲਿਆ ਸੀ।

ਆਮ ਆਦਮੀ ਪਾਰਟੀ ਦੇ ਕਈ ਮੰਤਰੀ ਅਤੇ ਵਿਧਾਇਕ ਦੋ ਨੰਬਰ ਦਾ ਪੈਸਾ ਲੈਣ ਦੇ ਲਪੇਟੇ ਵਿੱਚ ਆ ਰਹੇ ਹਨ। ਮੁੱਖ ਮੰਤਰੀ ਨੇ ਜੇ ਇਸੇ ਦ੍ਰਿੜਤਾ ਨਾਲ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਜਾਰੀ ਰੱਖੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦਾ ਖਜ਼ਾਨਾ ਬਾਗੋ ਬਾਗ ਹੋ ਜਾਵੇਗਾ ਅਤੇ ਨਾਲ ਹੀ ਸਿਆਸੀ ਲੀਡਰ ਵੀ ਲੋਕਾਂ ਦੀਆਂ ਜੇਬਾਂ ਵੱਲ ਝਾਕ ਰੱਖਣ ਤੋਂ ਹਟ ਜਾਣਗੇ। ਪੰਜਾਬ ਨੂੰ ਆਪਣੇ ਪੈਰਾਂ ਸਿਰ ਮੁੜ ਤੋਂ ਖੜਾ ਕਰਨ ਲਈ ਸਭ ਤੋਂ ਪਹਿਲਾਂ ਵਿੱਤੀ ਤੌਰ 'ਤੇ ਮਜ਼ਬੂਤ ਹੋਣਾ ਜਰੂਰੀ ਹੈ। ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੇ ਖਿਲਾਫ ਲੜਾਈ ਵੀ ਉਸ ਤੋਂ ਵੱਧ ਨਹੀਂ ਤਾਂ ਉਨੀ ਜਰੂਰੀ ਤਾਂ ਜਰੂਰ ਹੈ ਹੀ।

ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ




ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at www.davenportfamily.com


Davenport
FAMILY FUNERAL HOMES AND CREMATORY

# ਮਨੀਪੁਰ, ਉੱਤਰ-ਪੂਰਬ ਅਤੇ ਵੇਰੀਅਰ ਐਲਵਿਨ




***ਮਨੀਪੁਰ ਵਿੱਚ ਪੰਜ ਮਹੀਨੇ ਪਹਿਲਾਂ ਭੜਕੀ ਨਸਲੀ ਹਿੰਸਾ ਹੁਣ ਤੱਕ ਜਾਰੀ ਹੈ। ਸੰਸਦ ਦੇ ਪਿਛਲੇ ਦੋ ਇਜਲਾਸਾਂ ਵਿੱਚ ਮਨੀਪੁਰ ਦਾ ਜ਼ਿਕਰ ਮਹਿਜ਼ ਇੱਕ ਫੁੱਟਨੋਟ ਬਣ ਕੇ ਰਹਿ ਗਿਆ। ਵੇਰੀਅਰ ਐਲਵਿਨ ਉੱਤਰ-ਪੂਰਬ ਦੇ ਕਬਾਇਲੀਆਂ ਦੇ ਮਾਮਲਿਆਂ ਬਾਰੇ ਜਵਾਹਰ ਲਾਲ ਨਹਿਰੂ ਦਾ ਪ੍ਰਮੁੱਖ ਸਲਾਹਕਾਰ ਸੀ। ਉਸ ਬਾਰੇ ਵੀ.ਗਲਤ-ਬਿਆਨੀ ਹੋਈ। ਰਾਮਚੰਦਰ ਗੁਹਾ ਦਾ ਇਹ ਲੇਖ ਵੇਰੀਅਰ ਐਲਵਿਨ ਬਾਰੇ ਪੈਦਾ ਕੀਤੀਆਂ ਜਾ ਰਹੀਆਂ .ਗਲਤ.ਫਹਿਮੀਆਂ ਦਾ ਖੰਡਨ ਕਰਦਾ ਹੈ।***

## ਚਰਚਾ



**ਰਾਮਚੰਦਰ ਗੁਹਾ**




ਮਨੀਪੁਰ ਵਿੱਚ ਨਸਲੀ ਭੜਕਾਹਟ ਤੋਂ ਥੋੜ੍ਹੀ ਦੇਰ ਬਾਅਦ ਮਈ ਦੇ ਪਹਿਲੇ ਹਫ਼ਤੇ ਸੋਸ਼ਲ ਮੀਡੀਆ ’ਤੇ ਕੀਤੇ ਜਾ ਰਹੇ ਇਸ ਦਾਅਵੇ ਬਾਰੇ ਮੈਂ ਕਾਫ਼ੀ ਛਾਣਬੀਣ ਕੀਤੀ ਕਿ ‘ਨਹਿਰੂ ਨੇ ਇਸਾਈ ਮਿਸ਼ਨਰੀ ਵੇਰੀਅਰ ਐਲਵਿਨ ਨਾਲ ਇੱਕ ਸੰਧੀ ਕੀਤੀ ਸੀ। ਇਸ ਸੰਧੀ ਤਹਿਤ ਹਿੰਦੂ ਸਾਧੂਆਂ ਦੇ ਨਾਗਾਲੈਂਡ ਆਉਣ ’ਤੇ ਪਾਬੰਦੀ ਲਾ ਦਿੱਤੀ ਗਈ ਸੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਨਹਿਰੂ ਦੇ ਰਾਜ ਕਾਲ ਵਿੱਚ ਨਾਗਾਲੈਂਡ ਇਸਾਈ ਬਹੁਗਿਣਤੀ ਵਾਲਾ ਖੇਤਰ ਬਣ ਗਿਆ। ਨਾਗਾਲੈਂਡ ਦੀ 88 ਫ਼ੀਸਦੀ ਆਬਾਦੀ ਇਸਾਈ ਹੈ।’

ਕਈ ਲੋਕਾਂ ਨੇ ਮੈਨੂੰ ਖ਼ਤ ਵੀ ਲਿਖੇ ਸਨ, ਕਿਉਂਕਿ ਸੰਨ 1999 ਵਿੱਚ ਮੈਂ ਵੇਰੀਅਰ ਐਲਵਿਨ ਦੀ ਜੀਵਨੀ ਲਿਖੀ ਸੀ। ਮੈਂ ਉਨ੍ਹਾਂ ਨੂੰ ਜਵਾਬ ਭੇਜਿਆ ਕਿ ਹਾਲਾਂਕਿ ਆਜ਼ਾਦੀ ਤੋਂ ਬਾਅਦ ਨਾਗਾ ਬਗ਼ਾਵਤ ਕਰਕੇ ਦੇਸ਼ ਦੇ ਬਾਕੀ ਹਿੱਸਿਆਂ ਦੇ ਲੋਕਾਂ ਦੀ ਨਾਗਾਲੈਂਡ ਵਿੱਚ ਆਮਦ ਕਾਫ਼ੀ ਘਟ ਗਈ ਸੀ, ਪਰ ਨਾਗਾਲੈਂਡ ਵਿੱਚ ‘ਨਹਿਰੂ-ਐਲਵਿਨ ਸੰਧੀ’ ਜਿਹੀ ਕੋਈ ਸੰਧੀ ਨਹੀਂ ਹੋਈ ਸੀ। ਮੈਂ ਇਹ ਵੀ ਨੋਟ ਕੀਤਾ ਸੀ ਕਿ ਨਾਗਾ ਪਹਾੜੀਆਂ ਵਿੱਚ ਇਸਾਈ ਮਿਸ਼ਨਰੀਆਂ ਦੀਆਂ ਸਰਗਰਮੀਆਂ 1870ਵਿਆਂ ਤੋਂ ਸ਼ੁਰੂ ਹੋ ਗਈਆਂ ਸਨ, ਉਦੋਂ ਨਹਿਰੂ ਅਤੇ ਐਲਵਿਨ ਦਾ ਅਜੇ ਜਨਮ ਵੀ ਨਹੀਂ ਹੋਇਆ ਸੀ। ਮੈਂ ਇਹ ਵੀ ਜ਼ਿਕਰ ਕੀਤਾ ਸੀ ਕਿ ਐਲਵਿਨ ਆਰ.ਐੱਸ.ਐੱਸ. ਅਤੇ ਇਸਾਈ ਮਿਸ਼ਨਰੀਆਂ- ਦੋਵਾਂ ’ਤੇ ਭਰੋਸਾ ਨਹੀਂ ਕਰਦੇ ਸਨ। ਉਹ ਚਾਹੁੰਦੇ ਸਨ ਕਿ ਕਬਾਇਲੀਆਂ ਦਾ ਆਪਣਾ ਧਰਮ ਤੇ ਰਹੁ-ਰੀਤਾਂ ਹਨ ਅਤੇ ਉਨ੍ਹਾਂ ਨੂੰ ਹਿੰਦੂ ਜਾਂ ਇਸਾਈ ਬਣਨ ਦੀ ਲੋੜ ਨਹੀਂ ਹੈ।

ਵਟਸਐਪ ਰਾਹੀਂ ਫੈਲਾਏ ਜਾਂਦੇ ਕੂੜ ਪ੍ਰਚਾਰ ਦਾ ਟਾਕਰਾ ਕਰਨ ਲਈ ਆਮ ਤੌਰ ’ਤੇ ਮੈਂ ਇਸ ਜਨਤਕ ਮੰਚ ਦੀ ਵਰਤੋਂ ਨਹੀਂ ਕਰਦਾ, ਕਿਉਂਕਿ ਜੇ ਮੈਂ ਇਹ ਕੰਮ ਕਰਨ ਲੱਗ ਪਵਾਂਗਾ ਤਾਂ ਹੋਰ ਕੁਝ ਨਹੀਂ ਕਰ ਸਕਾਂਗਾ। ਜੇ ਮੈਂ ਇੱਥੇ ਅਜਿਹਾ ਕਰ ਰਿਹਾ ਹਾਂ ਤਾਂ ਇਸ ਦੇ ਤਿੰਨ ਕਾਰਨ ਹਨ। ਪਹਿਲਾ ਇਹ ਕਿ ਆਨਲਾਈਨ ਦੁਨੀਆ ਵਿੱਚ ਨਾ ਸਿਰਫ਼ ਉਕਤ ਕਲਪਿਤ ਸੰਧੀ ਬਾਰੇ ਸਗੋਂ ਵੇਰੀਅਰ ਐਲਵਿਨ ਮੁਤੱਲਕ ਤਰ੍ਹਾਂ ਤਰ੍ਹਾਂ ਦੇ ਝੂਠ ਪ੍ਰਚਾਰੇ ਜਾ ਰਹੇ ਹਨ। ਇਹ ਵੀ ਪ੍ਰਚਾਰ ਕੀਤਾ ਜਾਂਦਾ ਹੈ ਕਿ ਐਲਵਿਨ ਨੇ ਉੱਤਰ-ਪੂਰਬ ਵਿੱਚ ਇਸਾਈਅਤ ਨੂੰ ਫੈਲਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਜਿਸ ਕਰਕੇ ਇਸ ਵੇਲੇ ਮਨੀਪੁਰ ਵਿੱਚ ਜ਼ਿਆਦਾਤਰ ਹਿੰਦੂ ਮੈਤੇਈਆਂ ਅਤੇ ਜ਼ਿਆਦਾਤਰ ਇਸਾਈ ਕੁਕੀਆਂ ਵਿਚਕਾਰ ਟਕਰਾਅ ਲਈ ਉਹ ਵੀ ਜ਼ਿੰਮੇਵਾਰ ਹੈ।

ਦੂਜਾ ਕਾਰਨ ਇਹ ਹੈ ਕਿ ਐਲਵਿਨ ਦੇ ਦੇਹਾਂਤ ਤੋਂ ਬਾਅਦ ਉਸ ਦੇ ਦਾਨਵੀਕਰਨ ਦਾ ਅਮਲ ਹਿੰਦੂ ਕੱਟੜਪੰਥੀਆਂ ਤੱਕ ਸੀਮਤ ਨਹੀਂ ਹੈ। ਇਹ ਕੰਮ ਹੁਣ ਅਸਾਮ ਦੇ ਮੁੱਖ ਮੰਤਰੀ ਅਤੇ ਉੱਤਰ-ਪੂਰਬ ਵਿੱਚ ਭਾਜਪਾ ਦੇ ਸੂਤਰਧਾਰ ਹਿਮੰਤਾ ਬਿਸਵਾ ਸਰਮਾ ਨੇ ਆਪਣੇ ਹੱਥੀਂ ਲਿਆ ਹੈ। ਤੀਜਾ ਕਾਰਨ ਇਹ ਹੈ ਕਿ ਸਿਰਫ਼ ਕੱਟੜਪੰਥੀ ਹਿੰਦੂਤਵ ਨੂੰ ਛੱਡ ਕੇ ਸਾਰੇ ਮੱਤਾਂ ਪ੍ਰਤੀ ਭਾਜਪਾ ਦੇ ਵੈਰ ਤੋਂ ਉਲਟ ਐਲਵਿਨ ਖ਼ੁਦ ਇੱਕ ਖੁੱਲ੍ਹਦਿਲਾ ਸ਼ਖ਼ਸ ਸੀ, ਜਿਸ ਨੇ ਕਬਾਇਲੀ ਸਭਿਆਚਾਰ ਨਾਲ ਤਿਹੁ ਕਰਕੇ ਆਪਣਾ ਇਸਾਈ ਧਰਮ ਵੀ ਤਿਆਗ ਦਿੱਤਾ ਸੀ।

ਇਸ ਤੋਂ ਪਹਿਲਾਂ ਕਿ ਐਲਵਿਨ ਖਿਲਾਫ਼ ਸਰਮਾ ਦੇ ਦੋਸ਼ਾਂ ਦੀ ਚਰਚਾ ਕਰੀਏ, ਜਿਨ੍ਹਾਂ ਨੇ ਮੇਰੇ ਵੱਲੋਂ ਲਿਖੀ ਐਲਵਿਨ ਦੀ ਜੀਵਨੀ (ਸੈਵੇਜਿੰਗ ਦਿ ਸਿਵਿਲਾਈਜ਼ਡ: ਵੇਰੀਅਰ ਐਲਵਿਨ, ਹਿਜ਼ ਟ੍ਰਾਈਬਲਜ਼ ਐਂਡ ਇੰਡੀਆ, ਜਿਸ ਦਾ ਦੂਜਾ ਤੇ ਸੋਧਿਆ ਹੋਇਆ ਸੰਸਕਰਨ 2011 ਵਿੱਚ ਪ੍ਰਕਾਸ਼ਿਤ ਹੋਇਆ ਸੀ) ਨਹੀਂ ਪੜ੍ਹੀ, ਮੈਂ ਉਨ੍ਹਾਂ ਵਾਸਤੇ ਐਲਵਿਨ ਦੀ ਸ਼ਖ਼ਸੀਅਤ ਦਾ ਸੰਖੇਪ ਵੇਰਵਾ ਦੇਣਾ ਚਾਹੁੰਦਾ ਹਾਂ। ਵੇਰੀਅਰ ਐਲਵਿਨ ਦਾ ਜਨਮ 1902 ਵਿੱਚ ਹੋਇਆ ਸੀ ਅਤੇ ਉਹ ਔਕਸਫੋਰਡ ਦੀ ਪੜ੍ਹਾਈ ਤੋਂ ਬਾਅਦ 1927 ਵਿੱਚ ਭਾਰਤ ਆ ਗਿਆ ਅਤੇ ਉਹ ਇਸਾਈਅਤ ਦਾ ਭਾਰਤੀਕਰਨ ਕਰਨਾ ਚਾਹੁੰਦਾ ਸੀ। ਮਹਾਤਮਾ ਗਾਂਧੀ ਅਤੇ ਉਨ੍ਹਾਂ ਦੇ ਖੇਮੇ ਤੋਂ ਪ੍ਰੇਰਿਤ ਹੋ ਕੇ ਉਸ ਨੇ ਚਰਚ ਛੱਡ ਦਿੱਤਾ ਅਤੇ ਮੱਧ ਭਾਰਤ ਵਿੱਚ ਆਦਿਵਾਸੀਆਂ ਨਾਲ ਰਹਿ ਕੇ ਕੰਮ ਕਰਨ ਲੱਗਿਆ। 1930ਵਿਆਂ ਅਤੇ 1940ਵਿਆਂ ਵਿੱਚ ਉਸ ਨੇ ਕਬਾਇਲੀ ਜੀਵਨ, ਲੋਕਧਾਰਾ ਅਤੇ ਕਲਾ ਬਾਰੇ ਬਹੁਤ ਸਾਰੀਆਂ ਪਹਿਲ ਪਲੇਠੀਆਂ ਰਚਨਾਵਾਂ ਦਿੱਤੀਆਂ।

ਆਜ਼ਾਦੀ ਤੋਂ ਬਾਅਦ ਐਲਵਿਨ ਭਾਰਤੀ ਨਾਗਰਿਕ ਬਣ ਗਿਆ। 1954 ਵਿੱਚ ਉਸ ਨੂੰ ਉੱਤਰ ਪੂਰਬੀ ਫਰੰਟੀਅਰ ਸੂਬੇ ਜਾਂ ਨੇਫਾ (ਅਰੁਣਾਚਲ ਪ੍ਰਦੇਸ਼) ਲਈ ਮਾਨਵ-ਵਿਗਿਆਨਕ ਸਲਾਹਕਾਰ ਨਿਯੁਕਤ ਕੀਤਾ ਗਿਆ। ਇਹ ਇਲਾਕਾ ਭਾਰਤ ਅਤੇ ਚੀਨ ਦੀ ਸਰਹੱਦ ’ਤੇ ਸਥਿਤ ਹੈ ਅਤੇ ਇਸ ਦਾ ਨਾ ਕੋਈ ਨਕਸ਼ਾ ਸੀ ਤੇ ਨਾ ਹੀ ਇਹ ਕਿਸੇ ਪ੍ਰਸ਼ਾਸਨ ਅਧੀਨ ਆਉਂਦਾ ਸੀ। ਬਰਤਾਨਵੀ ਰਾਜ ਦਾ ਉੱਥੇ ਕੋਈ ਨਾਮੋ-ਨਿਸ਼ਾਨ ਨਹੀਂ ਸੀ। ਉਮੀਦ ਕੀਤੀ ਜਾਂਦੀ ਸੀ ਕਿ ਐਲਵਿਨ ਦੀ ਮਾਨਵ-ਵਿਗਿਆਨਕ ਮੁਹਾਰਤ ਨਾਲ ਪ੍ਰਸ਼ਾਸਨ ਨੂੰ ਉੱਥੇ ਰਹਿੰਦੇ ਵੱਖੋ-ਵੱਖਰੇ ਕਬਾਇਲੀ ਭਾਈਚਾਰਿਆਂ ਨਾਲ ਪੁਲ ਉਸਾਰਨ ਵਿੱਚ ਮਦਦ ਮਿਲੇਗੀ। ਕਾਫ਼ੀ ਹੱਦ ਤੀਕ ਮਦਦ ਮਿਲੀ ਵੀ ਸੀ। ਉੱਤਰ-ਪੂਰਬ ਦੇ ਹੋਰਨਾਂ ਸੂਬਿਆਂ ਦੀ ਬਜਾਏ ਅਰੁਣਾਚਲ ਪ੍ਰਦੇਸ਼ ਵਿੱਚ ਕੋਈ ਵੱਡੀ ਬਗ਼ਾਵਤ ਦੇਖਣ ਨੂੰ ਨਾ ਮਿਲਣ ਦਾ ਇੱਕ ਕਾਰਨ ਇਹ ਸੀ ਕਿ ਐਲਵਿਨ ਅਤੇ ਉਸ ਦੇ ਸਾਥੀਆਂ ਨੇ ਜ਼ਮੀਨ ਤੇ ਜੰਗਲਾਂ ਵਿੱਚ ਕਬਾਇਲੀ ਹੱਕਾਂ ਦੀ ਰਾਖੀ, ਹਿੰਦੀ ਨੂੰ ਵੱਖੋ-ਵੱਖਰੇ ਕਬੀਲਿਆਂ ਦਰਮਿਆਨ ਸੰਪਰਕ ਭਾਸ਼ਾ ਵਜੋਂ ਪ੍ਰਫੁੱਲਤ ਕਰਨ ਅਤੇ ਹਿੰਦੂ ਤੇ ਇਸਾਈ ਮਿਸ਼ਨਰੀਆਂ ਨੂੰ ਪਰ੍ਹੇ ਰੱਖਣ ਲਈ ਨਿੱਠ ਕੇ ਕੰਮ ਕੀਤਾ।

ਨਹਿਰੂ ਦੇ ਦੇਹਾਂਤ ਤੋਂ ਕੁਝ ਮਹੀਨੇ ਪਹਿਲਾਂ ਫਰਵਰੀ 1964 ਵਿੱਚ ਵੇਰੀਅਰ ਐਲਵਿਨ ਚੱਲ ਵਸਿਆ। ਇਸ ਤੋਂ ਕਰੀਬ ਛੇ ਦਹਾਕੇ ਬਾਅਦ 11 ਅਗਸਤ 2023 ਨੂੰ ਅਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਦੇ ਨਾਂ ਹੇਠ ਨਵੀਂ ਦਿੱਲੀ ਤੋਂ ਛਪਦੇ ਇੱਕ ਅਖ਼ਬਾਰ ਵਿੱਚ ਪ੍ਰਕਾਸ਼ਿਤ ਕੀਤੇ ਗਏ ਲੇਖ ਵਿੱਚ ਦਾਅਵਾ ਕੀਤਾ ਗਿਆ ਕਿ “ਪੰਡਿਤ ਨਹਿਰੂ ਨੇ ਯੂਰਪ ਦੇ ਜੰਮਪਲ ਇੱਕ ਵਿਅਕਤੀ ਨੂੰ ਉੱਤਰ-ਪੂਰਬ ਦਾ ਪਹਿਲਾ ਸਲਾਹਕਾਰ ਨਿਯੁਕਤ ਕੀਤਾ ਸੀ। ਕੀ ਇਹ ਉਸੇ ਦੀ ਸਲਾਹ ਕਰਕੇ ਸੀ, ਜਿਸ ਕਰਕੇ ਅਸਾਮ ਵਿੱਚ ਤੇਲ ਮਿਲਣ ਦੇ ਬਾਵਜੂਦ ਇੱਥੇ ਤੇਲ ਸੋਧਕ ਕਾਰਖਾਨਾ ਨਹੀਂ ਲੱਗ ਸਕਿਆ ਸੀ? ਕੀ ਉਸੇ ਦੀ ਸਲਾਹ ਕਰਕੇ ਹੀ ਗੋਪੀਨਾਥ ਬੋਰਦੋਲੋਈ ਨੂੰ ‘ਭਾਰਤ ਰਤਨ’ ਨਹੀਂ ਦਿੱਤਾ ਗਿਆ?” ਲੇਖ ਵਿੱਚ ਯੂਰਪ ਦੇ ਜੰਮਪਲ ਦਾ ਨਾਂ ਨਹੀਂ ਦਿੱਤਾ ਗਿਆ। ਇਸ ਤੋਂ ਤਿੰਨ ਦਨਿ ਪਹਿਲਾਂ ਅਸਾਮ ਦੇ ਮੁੱਖ ਮੰਤਰੀ ਦੇ ਟਵਿੱਟਰ ਹੈਂਡਲ ਵਿੱਚ ਸਾਫ਼ ਤੌਰ ’ਤੇ ਲਿਖਿਆ ਗਿਆ ਸੀ: ‘ਪੰਡਿਤ ਨਹਿਰੂ ਨੇ ਯੂਰਪ ਦੇ ਜੰਮਪਲ ਸ੍ਰੀ ਵੇਰੀਅਰ ਐਲਵਿਨ ਨੂੰ ਉੱਤਰ-ਪੂਰਬ ਦੇ ਮਾਮਲਿਆਂ ਬਾਰੇ ਸਲਾਹ ਦੇਣ ਲਈ ਨਿਯੁਕਤ ਕੀਤਾ ਸੀ। ਕਾਂਗਰਸ ਦੀਆਂ ਬੱਜਰ ਗ਼ਲਤੀਆਂ ਦੀ ਸ਼ੁਰੂਆਤ ਉੱਥੋਂ ਹੋਈ ਸੀ।”

ਇੱਥੇ ਤੱਥਾਂ ਦੀ ਪੁਣ-ਛਾਣ ਕਰਨੀ ਜ਼ਰੂਰੀ ਹੈ। ਸੱਚਾਈ ਇਹ ਹੈ ਕਿ ਵੇਰੀਅਰ ਐਲਵਿਨ ਸਿਰਫ਼ ਨੇਫਾ ਦਾ ਸਲਾਹਕਾਰ ਸੀ; ਉੱਤਰ-ਪੂਰਬ ਦੇ ਕਿਸੇ ਹੋਰ ਹਿੱਸੇ ਦੇ ਪ੍ਰਸ਼ਾਸਨ ਵਿੱਚ ਉਸ ਦੀ ਕੋਈ ਭੂਮਿਕਾ ਨਹੀਂ ਸੀ। ਨਾ ਨਾਗਾਲੈਂਡ, ਨਾ ਮਨੀਪੁਰ ਅਤੇ ਅਸਾਮ ਵਿੱਚ ਤਾਂ ਬਿਲਕੁਲ ਵੀ ਨਹੀਂ। ਅਸਾਮ ਦੇ ਮੁੱਖ ਮੰਤਰੀ ਵੱਲੋਂ ਸ਼ਰ੍ਹੇਆਮ ਦਾਅਵਾ ਕੀਤਾ ਜਾ ਰਿਹਾ ਹੈ ਕਿ ਐਲਵਿਨ ਨੇ ਅਸਾਮ ਵਿੱਚ ਤੇਲ ਸੋਧਕ ਕਾਰਖਾਨਾ ਨਹੀਂ ਲੱਗਣ ਦਿੱਤਾ ਸੀ ਅਤੇ ਗੋਪੀਨਾਥ ਬੋਰਦੋਲੋਈ ਨੂੰ ‘ਭਾਰਤ ਰਤਨ’ ਪੁਰਸਕਾਰ ਨਹੀਂ ਦੇਣ ਦਿੱਤਾ ਸੀ; ਤੇ ਇਹ ਵੀ ਕਿ ਉੱਤਰ-ਪੂਰਬ ਵਿੱਚ ਭਾਜਪਾ ਵੱਲੋਂ ਕਾਂਗਰਸ ’ਤੇ ਜੋ ਵੀ ਬੁਰਾਈਆਂ ਦੇ ਦੋਸ਼ ਲਾਏ ਜਾਂਦੇ ਹਨ, ਉਨ੍ਹਾਂ ਦੀ ਜੜ੍ਹ ਐਲਵਿਨ ਸੀ।

ਤੱਥਾਂ ਦੀ ਪੜਤਾਲ ਜ਼ਰੂਰੀ ਹੋ ਸਕਦੀ ਹੈ, ਪਰ ਸੰਦਰਭ ਸਥਾਪਤ ਕਰਨਾ ਹੋਰ ਵੀ ਅਹਿਮ ਹੋ ਸਕਦਾ ਹੈ। ਅਸਾਮ ਦੇ ਮੁੱਖ ਮੰਤਰੀ ਜਾਂ ਕੱਟੜਪੰਥੀਆਂ ਦਾ ਇਹ ਵਟਸਐਪ ਬਿਰਤਾਂਤ ਨਾ ਕੇਵਲ ਖੁਣਸੀ ਹੈ, ਸਗੋਂ ਮਾੜੀ ਭਾਵਨਾ ਨਾਲ ਭਰਿਆ ਹੋਇਆ ਹੈ। ਇਸ ਦਾ ਮਕਸਦ ਹੈ ਕਿ ਲੋਕਾਂ ਦਾ ਧਿਆਨ ਉੱਤਰ-ਪੂਰਬ ਦੇ ਮੌਜੂਦਾ ਹਾਲਾਤ ਤੋਂ ਭਟਕਾ ਕੇ ਅਤੀਤ ਵੱਲ ਲਿਜਾਇਆ ਜਾਵੇ। ਮਨੀਪੁਰ ਪਿਛਲੇ ਤਿੰਨ ਮਹੀਨਿਆਂ ਤੋਂ ਅੱਗ ਵਿੱਚ ਸੜ ਰਿਹਾ ਹੈ। ਇਸ ਦੇ ਨਸਲੀ ਟਕਰਾਅ ਦਾ ਕੋਈ ਹੱਲ ਦਿਖਾਈ ਨਹੀਂ ਦੇ ਰਿਹਾ; ਇਸ ਦੌਰਾਨ ਨਵੀਂ ਚਿੰਤਾ ਦਾ ਵਿਸ਼ਾ ਇਹ ਹੈ ਕਿ ਇਨ੍ਹਾਂ ਘਟਨਾਵਾਂ ਦਾ ਮਿਜ਼ੋਰਮ, ਨਾਗਾਲੈਂਡ ਅਤੇ ਮੇਘਾਲਿਆ ਵਿੱਚ ਵੀ ਅਸਰ ਪੈ ਰਿਹਾ ਹੈ। ਮਨੀਪੁਰ ਵਿੱਚ ਹੋ ਰਹੀ ਹਿੰਸਾ ਤੇ ਸੰਤਾਪ ਅਤੇ ਸਮੁੱਚੇ ਤੌਰ ’ਤੇ ਉੱਤਰ-ਪੂਰਬ ਵਿੱਚ ਬਣ ਰਹੀ ਨਾਜ਼ੁਕ ਸਥਿਤੀ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ‘ਡਬਲ ਇੰਜਣ ਸਰਕਾਰ’ ਦੀ ਬਣਦੀ ਹੈ। ਪਿਛਲੇ ਕਈ ਸਾਲਾਂ ਤੋਂ ਭਾਜਪਾ ਸੂਬੇ ਅਤੇ ਕੇਂਦਰ ਦੀ ਸੱਤਾ ਵਿੱਚ ਹੈ, ਨਾ ਕਿ ਕਾਂਗਰਸ। ਇਸ ਖ਼ੂਨੀ ਸੰਘਰਸ਼ ਨੂੰ ਰੋਕਣ ਤੋਂ ਨਾਕਾਮੀ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਤਿੰਨ ਬੰਦਿਆਂ ਦੀ ਹੈ, ਜਿਨ੍ਹਾਂ ਵਿੱਚ ਮਨੀਪੁਰ ਦਾ ਮੁੱਖ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਸ਼ਾਮਲ ਹਨ; ਹਾਲਾਂਕਿ ਇਸ ਖਿੱਤੇ ਲਈ ਸੱਤਾਧਾਰੀ ਪਾਰਟੀ ਦੇ ‘ਸੰਕਟਮੋਚਕ’ ਵਜੋਂ ਵਿਚਰਦੇ ਰਹੇ ਅਸਾਮ ਦੇ ਮੁੱਖ ਮੰਤਰੀ ਵੀ ਇਸ ਤੋਂ ਬਚ ਨਹੀਂ ਸਕਦੇ।

ਆਪਣੇ ਆਪ ਅਤੇ ਆਪਣੀ ਪਾਰਟੀ ਨੂੰ ਮਨੀਪੁਰ ਦੀ ਤ੍ਰਾਸਦੀ ਤੋਂ ਬਚਾਉਣ ਦੇ ਮਕਸਦ ਨਾਲ ਅਸਾਮ ਦੇ ਮੁੱਖ ਮੰਤਰੀ ਹੁਣ ਕਈ ਦਹਾਕੇ ਪਹਿਲਾਂ ਇਸ ਦੁਨੀਆ ਤੋਂ ਰੁਖ਼ਸਤ ਹੋ ਚੁੱਕੇ ਬੰਦਿਆਂ ਬਾਰੇ ਚਰਚਾ ਕਰਨੀ ਚਾਹੁੰਦੇ ਹਨ। ਇਸ ਮਾਮਲੇ ਵਿੱਚ ਉਹ ਮਹਿਜ਼ ਆਪਣੇ ‘ਆਕਾਵਾਂ’ ਦੀ ਨਕਲ ਮਾਰ ਰਹੇ ਹਨ, ਜੋ ਹਰ ਵਕਤ ਇਹੋ ਜਿਹੀ ਦੂਸ਼ਣਬਾਜ਼ੀ ਕਰਦੇ ਰਹਿੰਦੇ ਹਨ। ਜਦੋਂ ਉਨ੍ਹਾਂ ਦੀ ਸਰਕਾਰ ਵੱਲੋਂ ਨਾਗਰਿਕ ਆਜ਼ਾਦੀਆਂ ਨੂੰ ਕੁਚਲਣ ਦੇ ਸਬੂਤ ਸਾਹਮਣੇ ਰੱਖੇ ਜਾਂਦੇ ਹਨ ਤਾਂ ਉਹ ਇੰਦਰਾ ਗਾਂਧੀ ਅਤੇ 1975 ਦੀ ਐਮਰਜੈਂਸੀ ਦੀ ਦੁਹਾਈ ਦੇਣ ਲੱਗਦੇ ਹਨ। ਜਦੋਂ ਭਾਰਤ ਦੇ ਖੇਤਰ ਵਿੱਚ ਚੀਨ ਦੀ ਘੁਸਪੈਠ ਦੇ ਠੋਸ ਸਬੂਤ ਸਾਹਮਣੇ ਲਿਆਂਦੇ ਜਾਂਦੇ ਹਨ ਤਾਂ ਉਹ ਜਵਾਹਰ ਲਾਲ ਨਹਿਰੂ ਅਤੇ 1962 ਦੀ ਜੰਗ ਦੇ ਹਵਾਲੇ ਦੇਣ ਲੱਗਦੇ ਹਨ।

ਮੈਂ ਕੋਈ ਕਾਂਗਰਸੀ ਨਹੀਂ ਹਾਂ ਅਤੇ ਅਤੀਤ ਦੇ ਪਾਰਟੀ ਦੇ ਪ੍ਰਧਾਨ ਮੰਤਰੀਆਂ ਬਾਰੇ ਨਿੱਜੀ ਤੌਰ ’ਤੇ ਕੋਈ ਜਾਣਕਾਰੀ ਨਹੀਂ ਰੱਖਦਾ, ਪਰ ਮੈਂ ਵੇਰੀਅਰ ਐਲਵਿਨ ਦਾ ਜੀਵਨੀਕਾਰ ਹਾਂ ਅਤੇ ਉਸ ’ਤੇ ਅਜਿਹੇ ਲੋਕਾਂ ਦੀ ਚਿੱਕੜ ਉਛਾਲੀ ਨੂੰ ਚੁੱਪ ਕਰ ਕੇ ਨਹੀਂ ਸੁਣ ਸਕਦਾ, ਜੋ ਆਪਣੀ ਫ਼ਿਰਕਾਪ੍ਰਸਤ ਸੋਚ ਕਰਕੇ ਉਸ ਨੂੰ ਸਮਝਣ ਤੋਂ ਲਾਚਾਰ ਹਨ ਕਿ ਕਿਵੇਂ ਕੋਈ ਇਸਾਈ ਆਪਣਾ ਚਰਚ ਛੱਡ ਕੇ ਧਾਰਮਿਕ ਬਹੁਵਾਦ ਨੂੰ ਅਪਨਾ ਸਕਦਾ ਹੈ ਜਾਂ ਕਿਵੇਂ ਕਿਸੇ ਹੋਰ ਮੁਲਕ ਵਿੱਚ ਜੰਮਿਆ ਕੋਈ ਸ਼ਖ਼ਸ ਇਸ ਮੁਲਕ ਵਿੱਚ ਆ ਕੇ ਅਤੇ ਇਸ ਨੂੰ ਅਪਨਾ ਕੇ ਇੰਨਾ ਯੋਗਦਾਨ ਦੇ ਸਕਦਾ ਹੈ।

ਯਕੀਨਨ, ਵੇਰੀਅਰ ਐਲਵਿਨ ਵਿੱਚ ਵੀ ਨੁਕਸ ਹੋਣਗੇ। ਉਹ ਆਪਣੇ ਵਿਸ਼ਿਆਂ ਪ੍ਰਤੀ ਬਹੁਤ ਜ਼ਿਆਦਾ ਰੁਮਾਂਟਿਕ ਹੋ ਜਾਂਦੇ ਸਨ। ਉਹ ਇੱਕ ਗੋਂਡ ਔਰਤ ਨਾਲ ਆਪਣੀ ਪਹਿਲੀ ਸ਼ਾਦੀ ਦੀ ਨਾਕਾਮੀ ਲਈ ਜ਼ਿੰਮੇਵਾਰ ਹੋ ਸਕਦਾ ਹੈ (ਉਸ ਦੀ ਦੂਜੀ ਸ਼ਾਦੀ ਵੀ ਇੱਕ ਆਦਿਵਾਸੀ ਔਰਤ ਨਾਲ ਹੋਈ, ਜੋ ਜ਼ਿਆਦਾ ਸਫ਼ਲ ਸਾਬਿਤ ਹੋਈ)। ਫਿਰ ਵੀ ਉਸ ਦੇ ਕਾਰਜ ਅਤੇ ਦੇਣ ਦਾ ਮਹੱਤਵ ਘਟਦਾ ਨਹੀਂ। ਮੱਧ ਭਾਰਤ ਵਿੱਚ ਕਬਾਇਲੀ ਜੀਵਨ ਬਾਰੇ ਉਸ ਦਾ ਅਧਿਐਨ ਵਾਕੱਈ ਬਾਕਮਾਲ ਹੈ। ਉਸ ਦੀ ਕਿਤਾਬ ‘ਏ ਫਿਲਾਸਫੀ ਫਾਰ ਨੇਫਾ’ ਕਬਾਇਲੀ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਤੋਂ ਉਜਾੜੇ ਅਤੇ ਉਨ੍ਹਾਂ ਦੇ ਸਭਿਆਚਾਰ ਨੂੰ ਸ਼ਰਮਿੰਦਾ ਕੀਤੇ ਬਗ਼ੈਰ ਉਨ੍ਹਾਂ ਦੇ ਭੌਤਿਕ ਉਥਾਨ ਲਈ ਸੇਧਗਾਰ ਮੰਨੀ ਜਾਂਦੀ ਹੈ।

ਜਿਨ੍ਹਾਂ ਲੋਕਾਂ ਕੋਲ ਵਟਸਐਪ ਸੰਦੇਸ਼ ਫਾਰਵਰਡ ਕਰਨ ਤੋਂ ਇਲਾਵਾ ਕਿਤਾਬਾਂ ਪੜ੍ਹਨ ਦਾ ਸਮਾਂ ਹੈ, ਉਹ ਮੇਰੀ ਲਿਖੀ ਜੀਵਨੀ ਜਾਂ ਐਲਵਿਨ ਦੀਆਂ ਆਪਣੀਆਂ ਲਿਖਤਾਂ ਪੜ੍ਹ ਕੇ ਇੱਕ ਅਜਿਹੇ ਵਿਦਵਾਨ ਅਤੇ ਜਨ ਸੇਵਕ ਦੀ ਭਾਰਤ ਨਾਲ ਪ੍ਰਤੀਬੱਧਤਾ ਬਾਰੇ ਹੋਰ ਜ਼ਿਆਦਾ ਜਾਣ ਸਕਦੇ ਹਨ, ਜਿਸ ਨੂੰ ਕੱਟੜਪੰਥੀ ਵਿਚਾਰਧਾਰਾ ਵਾਲਿਆਂ ਵੱਲੋਂ ਬਦਨਾਮ ਕੀਤਾ ਜਾ ਰਿਹਾ ਹੈ। ਮੈਂ ਇਸ ਕਾਲਮ ਦਾ ਅੰਤ ਐਲਵਿਨ ਬਾਰੇ ਉਸ ਦੇ ਸਮਕਾਲੀਆਂ ਵੱਲੋਂ ਦਿੱਤੇ ਗਏ ਤਿੰਨ ਫ਼ਤਵਿਆਂ ਨਾਲ ਕਰ ਰਿਹਾ ਹਾਂ। ਉੱਘੇ ਮਾਨਵ-ਵਿਗਿਆਨੀ ਐੱਸ.ਸੀ. ਦੂਬੇ ਲਿਖਦੇ ਹਨ ਕਿ ‘ਐਲਵਿਨ ਕੋਈ ਖੁਸ਼ਕ ਕਿਸਮ ਦਾ ਤਕਨੀਸ਼ਨ ਨਹੀਂ ਸੀ; ਉਹ ਇੱਕ ਕਵੀ ਸੀ, ਕਲਾਕਾਰ ਸੀ ਅਤੇ ਇੱਕ ਫਿਲਾਸਫ਼ਰ ਸੀ’ ਜਿਸ ਨੇ ਆਪਣੇ ਨਿੱਜੀ ਯਤਨਾਂ ਸਦਕਾ ਦੇਸ਼ ਅੰਦਰ ਮੌਜੂਦ ਭਾਰੀ ਭਰਕਮ ਸਟਾਫ ਵਾਲੇ ਵੱਡੇ ਖੋਜ ਅਦਾਰਿਆਂ ਨਾਲੋਂ ਵਧੇਰੇ ਅਤੇ ਉਮਦਾ ਕੰਮ ਕੀਤਾ। ਐਲਵਿਨ ਦੇ ਦੇਹਾਂਤ ’ਤੇ ‘ਅੰਮ੍ਰਿਤਾ ਬਾਜ਼ਾਰ ਪੱਤ੍ਰਿਕਾ’ ਵਿੱਚ ਛਪੇ ਇੱਕ ਸੰਪਾਦਕੀ ਵਿੱਚ ਕਿਹਾ ਗਿਆ ਸੀ ਕਿ ਦੇਸ਼ ਨੇ ਨਾ ਕੇਵਲ ਇੱਕ ਸਭ ਤੋਂ ਵੱਧ ਨਾਮਵਰ ਮਾਨਵ-ਵਿਗਿਆਨੀ ਨੂੰ ਸਗੋਂ ਭਾਰਤ ਨੂੰ ਆਪਣਾ ਘਰ ਬਣਾਉਣ ਵਾਲੇ ਅਤੇ ਇਸ ਦੇ ਲੋਕਾਂ ਨਾਲ ਰਚ-ਮਿਚ ਜਾਣ ਵਾਲੇ ਸ਼ਾਇਦ ਆਖ਼ਰੀ ਉਦਾਰਚਿੱਤ ਅੰਗਰੇਜ਼ ਨੂੰ ਵੀ ਗੁਆ ਲਿਆ ਹੈ। ਕਲਕੱਤੇ ਤੋਂ ਛਪਦੇ ਇਸ ਅਖ਼ਬਾਰ ਦੇ ਉਸੇ ਅੰਕ ਵਿੱਚ ਇੱਕ ਉੱਘੀ ਬੰਗਾਲੀ ਸਟੇਜ ਕੰਪਨੀ ਲਿਟਲ ਥੀਏਟਰ ਗਰੁੱਪ ਵੱਲੋਂ ਇੱਕ ਸ਼ਰਧਾਂਜਲੀ ਸੰਦੇਸ਼ ਦਿੱਤਾ ਗਿਆ, ਜੋ ਇੰਝ ਸੀ: ‘ਡਾ. ਵੇਰੀਅਰ ਐਲਵਿਨ, ਇੱਕ ਬਿਹਤਰੀਨ ਭਾਰਤੀ।’

***(‘ਪੰਜਾਬੀ ਟ੍ਰਿਬਿਊਨ’ ਵਿੱਚੋਂ ਧੰਨਵਾਦ ਸਹਿਤ)***

# ਡੇਰੇਦਾਰਾਂ ਨੂੰ ਕੌਣ ਅਤੇ ਕਿੱਥੋਂ ਲੈ ਕੇ ਆਇਆ?

## ਅਖੌਤੀ ਸੰਤ, ਬਾਬੇ ਸਿੱਖੀ ਲਈ ਚਿੱਟੀ ਸਿਉਂਕ ਬਣੇ

**ਪੰਜਾਬ ਜਿਸ ਕਦਰ ਡੇਰਾਵਾਦ ਦੀ ਜਕੜ ਵਿੱਚ ਆਇਆ ਹੋਇਆ ਹੈ, ਉਸ ਤੋਂ ਅੰਨ੍ਹੀ ਸ਼ਰਧਾ ਦੇ ਪ੍ਰਭਾਵ ਹੇਠ ਆਏ ਬਹੁ-ਗਿਣਤੀ ਲੋਕਾਂ ਦੀ ਮਾਨਸਿਕਤਾ ਦਾ ਅੰਦਾਜ਼ਾ ਲੱਗ ਸਕਦਾ ਹੈ। ਉਤੋਂ ਤ੍ਰਾਸਦੀ ਇਹ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਆਪਣੇ ਵੋਟ-ਬੈਂਕ ਲਈ ਇਨ੍ਹਾਂ ਨੂੰ ਉਤਸ਼ਾਹਿਤ ਕੀਤਾ ਅਤੇ ਸਰਕਾਰੀ ਮਸ਼ੀਨਰੀ ਮੁਹੱਈਆ ਕਰਵਾਈ। ਅਸਲ ਵਿੱਚ ਸੱਤਾ ਦੀ ਲਲਕ ਨੇ ਗੰਦੀ ਸਿਆਸਤ ਨੂੰ ਸਿਰ ਚੜ੍ਹਾਅ ਲਿਆ ਹੈ, ਪਰ ਇਸ ਦੀ ਆੜ ਹੇਠ ਧਾਰਮਿਕ ਅਦਾਰਿਆਂ ਨੂੰ ਕਠਪੁਤਲੀ ਵੀ ਬਣਾ ਲਿਆ ਹੈ। ਇਸ ਸਭ ਰੌਲ-ਘਚੋਲੇ ਵਿੱਚ ਬਹੁਤੇ ਥਾਂਈਂ ਗੁਰੂ ਸਾਹਿਬਾਨ ਦਾ ਸੰਦੇਸ਼ ਪਿੱਛੇ ਰਹਿ ਗਿਆ ਹੈ ਅਤੇ ਡੇਰਿਆਂ ਦੀ ਮਰਿਆਦਾ ਲੋਕਾਂ ਉੱਤੇ ਵਧੇਰੇ ਹਾਵੀ ਹੋ ਗਈ ਹੈ। ਸਪਸ਼ਟ ਕਰ ਦਈਏ ਕਿ ਇਹ ਲੇਖ ਛਾਪਣ ਦਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਸੱਟ ਮਾਰਨੀ ਜਾਂ ਭੜਕਾਉਣਾ ਨਹੀਂ, ਪਰ ਜਿਸ ਪੱਧਰ ਉੱਤੇ ਡੇਰਾਵਾਦ ਨੇ ਸਿੱਖੀ ਸਿਧਾਂਤਾਂ ਨੂੰ ਸਿੱਧਿਆਂ-ਅਸਿੱਧਿਆਂ ਢਾਹ ਲਾਈ ਹੈ, ਉਸ ਨੂੰ ਗੰਭੀਰਤਾ ਨਾਲ ਵਿਚਾਰੇ ਜਾਣ ਦੀ ਲੋੜ ਹੈ।**

### ਗਹਿਰ-ਗੰਭੀਰ



**ਗੈਰੀ ਢਿੱਲੋਂ, ਕੈਲਗਰੀ (ਕੈਨੇਡਾ)**

ਠੀਕ ਉਵੇਂ ਹੀ, ਜਿਵੇਂ ਭਗਵਾ ਸਰਕਾਰ ਨੌਰੰਗੀ ਖਟਮਲਾਂ ਨੂੰ ਸਿਕਿਉਰਿਟੀ ਤੇ ਅਹੁਦੇ ਬਖ਼ਸ਼ ਰਹੀ ਹੈ, ਅੰਗਰੇਜ਼ਾਂ ਵੱਲੋਂ ਫੌਜ ਵਿੱਚ ਵਫਾਦਾਰੀ ਨਾਲ ਸਰਕਾਰੀ ਡਿਊਟੀ ਕਰਨ ਵਾਲੇ ਕੁੱਝ ਵਿਅਕਤੀਆਂ ਨੂੰ ਵਿਸ਼ੇਸ਼ ਮਕਸਦ, ਪਾੜੋ ਅਤੇ ਰਾਜ ਕਰੋ ਦੀ ਪੂਰਤੀ ਵਾਸਤੇ, ਵਿਸ਼ੇਸ਼ ਸਿਖਿਆ ਦੇ ਕੇ "ਸੰਤਗੀਰੀ" ਦਾ ਰੁਤਬਾ ਦੇ ਕੇ ਫੌਜ ਵਿੱਚੋਂ ਪੰਜਾਬ ਦੇ ਵੱਖੋ ਵੱਖਰੇ ਇਲਾਕਿਆਂ ਵਿੱਚ ਨਿਯੁਕਤ ਕੀਤਾ ਗਿਆ।

ਰਾਧਾ ਸੁਆਮੀ ਡੇਰੇ ਵਾਲਿਆਂ ਦਾ ਪਹਿਲਾ ਮੁਖੀ ਜੈਮਲ ਸਿੰਘ ਫੌਜੀ ਸੀ। ਨਾਮਧਾਰੀਆਂ ਦਾ ਪਹਿਲਾ ਮੁਖੀ ਰਾਮ ਸਿੰਘ (ਕੂਕਾ) ਫੌਜੀ ਸੀ। ਮੱਘਰ ਸਿੰਘ ਰਾਮਗੜ੍ਹ ਭੁੱਲਰ ਵਾਲਾ ਵੀ ਫੌਜੀ ਰਿਹਾ। ਮਸਤੂਆਣੇ ਡੇਰੇ ਦਾ ਪਹਿਲਾ ਮੁਖੀ ਭਾਈ ਅਤਰ ਸਿੰਘ ਫੌਜੀ ਸੀ। ਇਸ ਦੇ ਨਾਲ ਅਤਰ ਸਿੰਘ ਅਤਲੇ ਵਾਲਾ, ਅਤਰ ਸਿੰਘ ਰੇਰੂਵਾਲਾ ਤੇ ਅਤਰ ਸਿੰਘ ਘੁੰਨਸਵਾਲਾ ਸਾਰੇ ਫ਼ੌਜ ਵਿੱਚ ਤਾਇਨਾਤ ਸਨ।

ਇਸੇ ਤਰ੍ਹਾਂ ਪ੍ਰਸਿੱਧ ਹੋਏ ਨਕਲੀ ਤੇ ਢੌਂਗੀ "ਸੰਤ" ਲਗਭਗ ਸਾਰੇ ਫੌਜ ਵਿਚੋਂ ਲਿਆ ਕੇ ਫਿੱਟ ਕੀਤੇ ਗਏ ਸਨ। ਇਨ੍ਹਾਂ "ਸਰਕਾਰੀ ਸੰਦਾਂ" ਨੇ ਥੋੜ੍ਹੇ ਹੀ ਸਮੇਂ ਵਿੱਚ ਚੰਗਾ ਨਾਮ ਕਮਾ ਲਿਆ। ਲੋਕੀਂ ਵਹੀਰਾਂ ਘੱਤ ਕੇ ਇਨ੍ਹਾਂ ਦੇ "ਪਰਵਚਨ" ਸੁਣਨ ਲਈ ਡੇਰਿਆਂ ਦੀ ਸ਼ੋਭਾ ਵਧਾਉਣ ਲੱਗੇ। ਸਮੇਂ ਸਮੇਂ ਅੰਗਰੇਜ਼ ਅਫ਼ਸਰ ਅਤੇ ਵੱਡੇ ਫੌਜੀ ਜਰਨੈਲ ਵੀ ਇਨ੍ਹਾਂ "ਸਰਕਾਰੀ ਸੰਤਾਂ" ਦੇ ਦਰਸ਼ਨ ਕਰਨ ਆ ਜਾਂਦੇ ਤੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਦੇ। ਇਨ੍ਹਾਂ "ਸਰਕਾਰੀ ਮਹਾਪੁਰਖਾਂ" ਨੇ ਲੋਕਾਂ ਦੇ ਕਲਿਆਣ ਲਈ (ਅਸਲ ਵਿੱਚ ਬੇਵਕੂਫ ਬਣਾਉਣ ਲਈ) ਬਹੁਤ ਸਾਰੇ ਨਵੇਂ ਫਾਰਮੂਲੇ (ਤਜਰਬੇ) ਈਜਾਦ ਕੀਤੇ। ਇਨ੍ਹਾਂ ਵਿੱਚੋਂ ਕੁੱਝ ਕੁ ਇਉਂ ਹਨ:

1. ਆਪਣੇ ਅਧੀਨ ਚੱਲਣ ਵਾਲੇ ਅਦਾਰਿਆਂ ਦੇ ਨਾਮ ਗੁਰਦਵਾਰੇ ਨਾ ਰੱਖ ਕੇ ਡੇਰੇ, ਠਾਠ, ਭੋਰੇ ਅਤੇ ਟਿਕਾਣੇ ਨਾਮ ਪ੍ਰਚਲਤ ਕਰਨੇ।
2. ਇਨ੍ਹਾਂ ਥਾਂਵਾਂ ਵਿੱਚ ਨਿਸ਼ਾਨ (ਝੰਡਾ), ਨਗਾਰਾ, ਹਥਿਆਰ (ਸ਼ਸਤਰ) ਨਾ ਰੱਖਣੇ।
3. ਇਨ੍ਹਾਂ ਡੇਰਿਆਂ ਵਿਚਲੇ ਸਾਰੇ ਵਿਅਕਤੀਆਂ ਵੱਲੋਂ ਨੀਲੇ ਪਹਿਰਾਵੇ ਤਿਆਗ ਕੇ ਸਫੈਦ ਭਾਵ ਸ਼ਾਤੀ ਦੇ ਪ੍ਰਤੀਕ ਵਸਤਰ ਧਾਰਨ ਕਰਨੇ।
4. ਸਿਰ 'ਤੇ ਵੱਡੀਆਂ ਦਸਤਾਰਾਂ ਦੀ ਥਾਂ, ਨਿੱਕੇ-ਨਿੱਕੇ ਪਟਕੇ ਬੰਨ੍ਹਣੇ।
5. ਪੈਰਾਂ ਵਿੱਚ ਜੁੱਤੀ ਪਾਉਣ ਦੀ ਥਾਂ ਖੜਾਵਾਂ ਪਹਿਨਣੀਆਂ ਜਾਂ ਨੰਗੇ ਪੈਰੀਂ ਵਿਚਰਨਾ।
6. ਕਿਰਪਾਨ, ਖੰਡਾ ਜਾਂ ਹੋਰ ਰਵਾਇਤੀ ਸਿੱਖ ਸ਼ਸਤਰਾਂ ਦਾ ਵਿਰੋਧ ਕਰਨਾ।
7. ਤਿੰਨ ਫੁਟੀ ਕਿਰਪਾਨ ਦੀ ਬਜਾਏ ਗਾਤਰੇ ਵਾਲੀ ਛੋਟੀ ਜਾਂ ਤਵੀਤ ਨੁਮਾ ਗਲ ਵਿੱਚ ਕਿਰਪਾਨ ਪਾਉਣੀ।
8. ਗੁਰਬਾਣੀ ਦਾ ਸਹੀ ਗਿਆਨ ਦੇਣ ਦੀ ਥਾਂਵੇਂ ਮੰਤਰ ਪਾਠ, ਅਖੰਡ ਪਾਠ, ਸੰਪਟ ਪਾਠ ਅਤੇ ਹੋਰ ਕਈ ਤਰ੍ਹਾਂ ਦੇ ਪਾਠ ਪ੍ਰਚਲਤ ਕਰਨਾ।
9. ਗੁਰਬਾਣੀ ਦੇ ਅਰਥ ਗਲਤ ਕਰਨੇ।
10. ਕਿਸੇ ਵੀ ਮੁਸ਼ਕਲ ਵਕਤ ਚੰਗੀ ਸਲਾਹ ਨਾ ਦੇ ਕੇ, ਕਿਸੇ ਤਰ੍ਹਾਂ ਦੇ ਮੰਤਰ ਪਾਠ ਦੇ ਰਾਹ ਪਾਉਣਾ।
11. ਕਿਰਤੀ ਸਿੱਖਾਂ ਦੀ ਕਮਾਈ ਡਕਾਰਨ ਵਾਲਾ, ਨਵਾਂ ਪੁਜਾਰੀ ਤਬਕਾ ਪੈਦਾ ਕਰਨਾ, ਜੋ ਲੋਕਾਂ ਦੀ ਕਮਾਈ ਨਾਲ ਗੁਲਛੱਰੇ ਉਡਾਵੇ।
12. ਵਿਆਹ ਨਾ ਕਰਵਾ ਕੇ ਗ੍ਰਹਿਸਤ ਮਾਰਗ ਦਾ ਤ੍ਰਿਸਕਾਰ ਕਰਨਾ ਤੇ ਡੇਰਿਆਂ ਵਿੱਚ ਅਨੈਤਿਕ (ਇਸਤਰੀ ਸ਼ੋਸ਼ਣ ਤੇ ਮੁੰਡੇਬਾਜੀ) ਕੰਮਾਂ ਨੂੰ ਵਧਾਉਣਾ।
13. ਡੇਰਿਆਂ ਨੂੰ ਆਪਣੀ ਨਿੱਜੀ ਮਾਲਕੀ ਬਣਾ ਲੈਣਾ।
14. ਚੜ੍ਹਤ ਦੇ ਪੈਸੇ ਨੂੰ ਪੰਥਕ ਹਿਤਾਂ ਵਿੱਚ ਨਾ ਵਰਤ ਕੇ, ਐਸ਼ਪ੍ਰਸਤੀ ਵਿੱਚ ਰੋਹੜ ਦੇਣਾ।
15. ਗ਼ੈਰਤਮੰਦ ਨੌਜੁਆਨ ਤਿਆਰ ਕਰਨ ਦੀ ਥਾਂਵੇਂ, ਗੁਲਾਮ ਜ਼ਹਿਨੀਅਤ ਵਾਲੇ, ਜੀ ਹਜ਼ੂਰੀਏ ਟੁੱਕੜਬੋਚ, ਗਿਆਨ ਤੋਂ ਕੋਰੇ, ਵਿਹਲੜਾਂ ਦੀਆਂ ਧਾੜਾਂ ਖੜੀਆਂ ਕਰਨੀਆਂ, ਗੁੰਬੀ ਥਾਪਣੇ।
16. ਪੁੱਤਰ ਦੇਣ ਦੇ ਦੁਸ਼ਟ ਕਰਮ ਰਾਹੀਂ ਲੋਕਾਂ ਦੀਆਂ ਨਾ ਸਮਝ, ਨੂੰਹਾਂ-ਧੀਆਂ ਨੂੰ ਡੇਰਿਆਂ ਵਿੱਚ ਬੁਲਾ ਕੇ ਸਰੀਰਕ ਸ਼ੋਸ਼ਣ ਕਰਨਾ।
17. ਸਿੱਖਾਂ ਅੰਦਰੋਂ ਸਵੈਮਾਣ ਭਰਿਆ ਅਣਖੀਲਾ ਤੇ ਜੁਝਾਰੂ ਸੁਭਾਅ ਖ਼ਤਮ ਕਰ ਕੇ ਗੁਲਾਮ ਮਾਨਸਿਕਤਾ ਵਾਲੇ ਬਣਾਉਣਾ।
18. ਗੁਰਬਾਣੀ ਵੱਲੋਂ ਰੱਦ ਕੀਤੇ ਗਏ ਬ੍ਰਾਹਮਣੀ ਕਰਮਕਾਂਡਾਂ ਨੂੰ ਸਿੱਖ ਸਮਾਜ ਵਿੱਚ ਜ਼ੋਰ-ਸ਼ੋਰ ਨਾਲ ਚਾਲੂ ਕਰਨਾ।
19. ਗੁਰੂ ਗ੍ਰੰਥ ਸਾਹਿਬ ਦੀ ਮੂਰਤੀਆਂ ਵਾਂਗ ਜਾਂ ਵਿਅਕਤੀਆਂ ਵਾਂਗ ਪੂਜਾ ਕਰਵਾਉਣੀ।
20. ਅਣਖੀਲੇ ਸਿੱਖ ਗੱਭਰੂਆਂ ਦਾ ਅਪਮਾਨ ਕਰਨਾ ਜਾਂ ਉਨ੍ਹਾਂ ਨੂੰ "ਮੰਤਰ ਜਾਪ" ਦੇ ਰਾਹ ਤੋਰ ਦੇਣ ਲਈ ਕੋਸ਼ਿਸ਼ ਕਰਨੀ।
21. ਸਰਕਾਰ ਦੀ ਕਿਸੇ ਵਧੀਕੀ ਵਿਰੁੱਧ ਨਾ ਕਦੇ ਖ਼ੁਦ ਜ਼ਬਾਨ ਖੋਲ੍ਹਣੀ, ਨਾ ਆਪਣੇ ਚੇਲਿਆਂ ਨੂੰ ਇਸ ਪਾਸੇ ਸੋਚਣ ਦੇਣਾ।
22. ਗੁਰਬਾਣੀ ਦੀ ਥਾਂਵੇਂ ਆਪਣੀਆਂ "ਕਵਿਤਾਵਾਂ ਦਾ ਕੀਰਤਨ" (ਧਾਰਨਾਵਾਂ) ਪ੍ਰਚਲਤ ਕਰਨਾ।
23. ਸੂਰਮਗਤੀ ਵਾਲਾ ਇਤਿਹਾਸ ਨਾ ਸੁਣਾ ਕੇ, ਮਨ ਘੜਤ ਝੂਠੀਆਂ ਕਹਾਣੀਆਂ ਚਾਲੂ ਕਰਨੀਆਂ।
24. ਮਾਸ ਦਾ ਬੇਲੋੜਾ ਵਿਰੋਧ ਕਰ ਕੇ ਸਿੱਖਾਂ ਨੂੰ ਕਾਇਰਤਾ ਵਾਲੇ ਰਾਹ ਤੋਰਨਾ।
25. ਨਗਾਰਾ ਨਾ ਵਜਾ ਕੇ ਸੰਖ ਤੇ ਟੱਲੀਆਂ ਖੜਕਾਉਣੀਆਂ।
26. ਰਾਜ ਕਰੇਗਾ ਖਾਲਸਾ ਵਾਲਾ ਦੋਹਿਰਾ ਬੰਦ ਕਰਾਉਣਾ।
27. ਦਰਬਾਰ ਸਾਹਿਬ ਅੰਦਰ ਅਰਦਾਸ ਮਗਰੋਂ ਜੋ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਵਾਲਾ ਜੈਕਾਰਾ ਬੰਦ ਕਰਾਉਣਾ।
28. ਸਿੰਘ ਤੇ ਖਾਲਸਾ ਸ਼ਬਦ ਦੀ ਥਾਂ ਸੰਤ, ਬ੍ਰਹਮ ਗਿਆਨੀ, ਉਦਾਸੀ ਨਿਰਮਲੇ ਸੇਵਾ ਪੰਥੀ ਨਾਮ ਪ੍ਰਚਲਤ ਕਰਨੇ।

ਇਹ ਸਨ ਕੁੱਝ ਵਿਸ਼ੇਸ਼ ਨੁਕਤੇ, ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਫੌਜ ਵਿੱਚੋਂ ਤਿਆਰ ਕਰ ਕੇ ਭੇਜਿਆ ਸੀ ਅਤੇ "ਸਰਕਾਰੀ ਸੰਤਾਂ" ਨੇ ਪੰਜਾਬ ਵਿੱਚ ਲਾਗੂ ਕਰਨ ਦੀ "ਤਨੋਂ ਮਨੋਂ ਸੇਵਾ" ਕੀਤੀ। ਅੰਗਰੇਜ਼ ਸਰਕਾਰ ਵੱਲੋਂ, ਇਨ੍ਹਾਂ ਡੇਰਿਆਂ ਨੂੰ ਜ਼ਮੀਨਾਂ ਵੀ ਦਿੱਤੀਆਂ ਗਈਆਂ ਤੇ ਹਰ ਤਰ੍ਹਾਂ ਦੀ ਸੁਰੱਖਿਆ ਛਤਰੀ ਵੀ ਦਿੱਤੀ ਗਈ। ਫੌਜ ਵਿੱਚੋਂ ਚਲੇ ਜਾਣ ਦੇ ਬਾਵਜੂਦ ਕਈ ਸਾਰੇ "ਸੰਤਾਂ" ਦੀ ਹਾਜ਼ਰੀ ਫੌਜ ਦੇ ਰਜਿਸਟਰਾਂ ਵਿੱਚ ਉਸੇ ਤਰ੍ਹਾਂ ਲੱਗਦੀ ਰਹੀ, ਤਨਖਾਹ ਘਰ ਪੁੱਜਦੀ ਰਹੀ।

ਆਪਣੇ ਆਪ ਨੂੰ ਪੰਥਕ ਕਹਾਉਂਦੀ ਲੋਟੂ ਸਰਕਾਰ ਨੇ ਡੇਰਾ ਬਿਆਸ ਨੂੰ ਮੋਹਾਲੀ ਹੁਣ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਲੱਖਾਂ ਰੁਪਏ ਗਜ਼ ਵਾਲੀ ਜ਼ਮੀਨ ਇੱਕ ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਦੋ ਸੌ ਏਕੜ ਤੋਂ ਜ਼ਿਆਦਾ ਦਿੱਤੀ ਸੀ। ਨਿਰੰਕਾਰੀਆਂ ਤੇ ਡੇਰਾ ਸੱਚਾ ਸੌਦਾ ਸਾਧ ਨੂੰ ਮੁੱਖ ਸੜਕ 'ਤੇ ਕੌਡੀਆਂ ਦੇ ਭਾਅ ਸਰਕਾਰੀ ਜ਼ਮੀਨਾਂ ਦਿੱਤੀਆਂ ਗਈਆਂ। ਸਮੇਂ ਦੀਆਂ ਸਰਕਾਰਾਂ ਤੇ ਉਨ੍ਹਾਂ ਦੇ ਮੁਖੀ ਡੇਰਿਆਂ ਦੀਆਂ ਵੋਟਾਂ ਦੇ ਲਾਲਚ ਵਿੱਚ ਇਨ੍ਹਾਂ ਪਾਖੰਡੀ ਸਾਧਾਂ ਦੇ ਪੈਰੀਂ ਲਿਟਦੀਆਂ ਰਹੀਆਂ ਤੇ ਖਾਸਾ ਮਿਹਰਬਾਨ ਰਹੀਆਂ। ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਕਰਵਾਉਣ ਵਿੱਚ ਵੀ ਇਨ੍ਹਾਂ ਦਾ ਸਿੱਧਾ ਹੱਥ ਰਿਹਾ ਹੈ।

ਸਿੱਖ ਕੌਮ ਦੀ ਤ੍ਰਾਸਦੀ ਰਹੀ ਹੈ ਕਿ ਆਜਾਦੀ ਤੋਂ ਪਹਿਲਾਂ ਤੇ ਬਾਅਦ ਵਿੱਚ ਸਿੱਖ ਲੀਡਰ ਇਨ੍ਹਾਂ ਦੇ ਸਰਪ੍ਰਸਤ, ਹਮਾਇਤੀ ਜਾਂ ਤਲਵੇ ਚੱਟਦੇ ਰਹੇ ਹਨ।

# ਕੁਦਰਤ ਦੇ ਹੰਝੂ ਤੇ ਗੁੱਸੇ ਦਾ ਝੱਖੜ

## ਰਿਜ਼ਕ ਭਿੱਜੇ, ਫਸਲਾਂ ਵਿਛੀਆਂ

**ਜੇ. ਐਸ. ਮਾਂਗਟ**



ਮੌਸਮੀ ਤਬਦੀਲੀਆਂ ਦੀ ਮਾਰ ਖੇਤੀ/ਫਸਲਾਂ 'ਤੇ ਲਗਾਤਾਰ ਭਾਰੀ ਪੈ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਝੋਨੇ ਅਤੇ ਕਣਕ ਦੀ ਵਾਢੀ ਵੇਲੇ ਹੱਦੋਂ ਭਾਰੇ ਮੀਂਹ ਪੈ ਜਾਣ ਜਾਂ ਪੱਕਣ 'ਤੇ ਆਈ ਫਸਲ ਵੇਲੇ ਸੋਕਾ ਲੱਗ ਜਾਣ ਕਾਰਨ ਫਸਲਾਂ ਦੇ ਝਾੜ/ਮਿਆਰ ਪ੍ਰਭਾਵਤ ਹੁੰਦੇ ਰਹੇ ਹਨ। ਇਸ ਬੀਤੇ ਸਤੰਬਰ ਦੇ ਆਖਰੀ ਹਫਤੇ ਜਦੋਂ ਮੌਨਸੂਨ ਨੇ ਆਪਣਾ ਪੱਲਾ ਸਮੇਟਿਆ ਤਾਂ ਪੰਜਾਬ ਵਿੱਚ ਦਿਨ ਧੁਪੀਲੇ ਹੋਣ ਲੱਗੇ। ਸਾਫ ਸੁਥਰੇ ਦਿਨਾਂ, ਡੂੰਘੇ ਨੀਲੇ ਆਸਮਾਨ ਹੇਠ ਜ਼ਿੰਦਗੀ ਅਲਸਾਉਣ ਲੱਗੀ। ਇੱਕ ਪਾਸੇ ਤਾਂ ਧੁੱਪ ਦੀ ਸਖਤੀ ਘਟ ਗਈ ਸੀ, ਦੂਜੇ ਪਾਸੇ ਸਵੇਰੇ ਸ਼ਾਮ ਥੋੜ੍ਹੀ-ਥੋੜ੍ਹੀ ਠੰਡ ਹੋਣ ਲੱਗੀ। ਪਿੰਡੇ ਨੂੰ ਨਾ ਪਸੀਨਾ ਸਤਾਉਂਦਾ, ਨਾ ਹੁੰਮਸ, ਨਾ ਸਰਦੀ। ਦਿਲ ਕਰਦਾ ਮੌਸਮ ਬੱਸ ਇਥੇ ਹੀ ਠਹਿਰ ਜਾਵੇ। ਏਅਰ ਕੰਡੀਸ਼ਨਾਂ ਦੀ ਗੂੰਜ ਬੰਦ ਹੋਣ ਲੱਗੀ। ਗੂੜ੍ਹਤੇ ਨੀਲੇ ਅੰਬਰ ਨੂੰ ਵੇਖ ਕੇ ਚਿੱਤ ਉਡਣ ਨੂੰ ਕਰਦਾ, ਡਰ ਵੀ ਲਗਦਾ ਕਿ ਕੁਦਰਤ ਦਾ ਇਹ ਨੀਲਾ ਹੁਸਨ ਕੁਝ ਹੀ ਦਿਨਾਂ ਵਿੱਚ ਗੁਆਚਣ ਵਾਲਾ ਹੈ। ਝੋਨੇ ਨੂੰ ਵਾਢੀ ਪੈਣ ਵਾਲੀ ਹੈ ਅਤੇ ਖੇਤਾਂ ਨੂੰ ਅੱਗ ਵੀ।

ਹਾਲੇ ਕੁਝ ਮਹੀਨੇ ਪਹਿਲਾਂ ਪੰਜਾਬ ਸਮੇਤ ਉਤਰੀ ਭਾਰਤ ਨੂੰ ਪਾਣੀ ਦੀ ਪਰਲੋ ਸਤਾ ਕੇ ਹਟੀ ਹੈ। ਦਰਿਆਵਾਂ ਦੇ ਨੇੜਲੇ ਇਲਾਕਿਆਂ ਵਿੱਚ ਆਏ ਹੜ੍ਹ ਨੇ ਕਿਸਾਨਾਂ ਨੂੰ ਝੋਨਾ ਦੂਜੀ/ਤੀਜੀ ਵਾਰ ਲਾਉਣ ਲਈ ਮਜਬੂਰ ਕੀਤਾ।

ਮਾਝੇ ਵਿੱਚ ਇਸ ਵਾਰ ਝੋਨੇ ਨੂੰ ਵਾਢੀ ਅਗੇਤੀ ਪੈ ਗਈ, ਖਾਸ ਕਰਕੇ ਅੰਮ੍ਰਿਤਸਰ ਅਤੇ ਤਰਨਤਾਰਨ ਵਿਚ। ਉਹੀ ਹੋਇਆ ਜੋ ਹਰ ਸਾਲ ਹੁੰਦਾ ਹੈ। ਖੇਤਾਂ ਵਿੱਚ ਬਚੀ ਝੋਨੇ ਦੀ ਰਹਿੰਦ-ਖੂੰਹਦ ਨੂੰ ਤੀਲੀ ਲੱਗਣ ਲੱਗੀ। ਰਿਮੋਟ ਸੈਂਸਿੰਗ ਵਲੋਂ ਜਾਰੀ ਡੈਟੇ ਅਨੁਸਾਰ ਬੀਤੀ 26 ਸਤੰਬਰ ਨੂੰ 3 ਖੇਤਾਂ ਨੂੰ ਅੱਗ ਲੱਗੀ। ਫਿਰ ਹਰ ਆਏ ਦਿਨ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਧਣ ਲੱਗੀਆਂ। ਉਪਰੋਕਤ ਦੋਨੋਂ ਜ਼ਿਲ੍ਹੇ ਸਭ ਤੋਂ ਅੱਗੇ ਸਨ। ਕਰਨ ਲੱਭਣ 'ਤੇ ਪਤਾ ਲੱਗਾ ਕਿ ਇਸ ਇਲਾਕੇ ਵਿੱਚ ਝੋਨਾ ਵੱਢ ਕੇ ਸਬਜੀਆਂ ਬੀਜੀਆਂ ਜਾਂਦੀਆਂ ਹਨ। ਇਸ ਲਈ ਘੱਟ ਸਮੇਂ ਵਿੱਚ ਪੱਕਣ ਵਾਲੀ ਝੋਨੇ ਦੀਆਂ ਕਿਸਮਾਂ ਬੀਜੀਆਂ ਗਈਆਂ, ਸੋ ਵਾਢੀ ਜਲਦੀ ਪੈ ਗਈ।

ਅਕਤੂਬਰ ਦੇ ਪਹਿਲੇ ਹਫਤੇ ਵਿੱਚ ਖੇਤਾਂ ਨੂੰ ਅੱਗ ਦੀਆਂ ਘਟਨਾਵਾਂ ਤੇਜ਼ੀ ਨਾਲ ਵਧੀਆਂ। ਸੂਰਜ ਛਿਪਣ ਵੇਲੇ ਪੱਛਮ ਵੱਲ ਧੁੰਦਲਕਾ ਜਿਹਾ ਛਾ ਜਾਂਦਾ। ਮੌਸਮ ਪ੍ਰਤੀ ਗਹਿਰੀ ਤਰ੍ਹਾਂ ਸੰਵੇਦਨ ਬੰਦੇ ਨੂੰ ਸਮਝ ਆਉਣ ਲੱਗਾ ਕਿ ਪੰਜਾਬ ਦੇ ਪੱਛਮੀ ਜ਼ਿਲ੍ਹਿਆਂ ਵੱਲ ਕੁਝ ਧੁਖ ਰਿਹਾ ਹੈ। ਸ਼ਾਮ ਨੂੰ ਧੁਆਂਖ ਚੜ੍ਹ ਰਹੀ ਹੈ। ਫਿਰ ਖੇਤ ਮੱਚਣ ਦੀਆਂ ਖਬਰਾਂ ਅਖਬਾਰਾਂ ਵਿੱਚ ਛਪਣ ਲੱਗੀਆਂ। ਝੋਨੇ ਦੇ ਨਾੜ ਦਾ ਅੰਤਿਮ ਸਸਕਾਰ ਹੋਣ ਲੱਗ ਪਿਆ ਸੀ। ਫਸਲ ਪੱਕੀ ਤਾਂ ਅੱਗ/ਧੁਆਂਖ/ਸੁਆਹ ਤੇਜ਼ੀ ਨਾਲ ਪੰਜਾਬ ਦੇ ਆਸਮਾਨ ਵਿੱਚ ਫੈਲਣ ਲੱਗੀ। ਅਖਬਾਰਾਂ ਦੀਆਂ ਖ਼ਬਰਾਂ ਵੱਡੀਆਂ ਹੋਣ ਲੱਗੀਆਂ। ਆਸਮਾਨੀ ਗਹਿਰ ਵਧਣ ਲੱਗੀ। ਆਸਮਾਨ ਦੀ ਨੀਲਤਣ ਪਤਿਤ ਹੋਣ ਲੱਗੀ। ਅਕਤੂਬਰ ਦਾ ਪਹਿਲਾ ਹਫਤਾ ਲੰਘਣ ਤੱਕ ਧੁਪ ਦੋ-ਢਾਈ ਵਜੇ ਹੀ ਮਰੀਅਲ ਜਿਹੀ ਹੋ ਜਾਂਦੀ। ਗਹਿਰੀ ਭੂਰੀ ਪਰਤ (ਹੇਜ) ਆਸਮਾਨ ਨੂੰ ਢਕਣ ਲੱਗੀ। ਸ਼ਾਮ ਦੇ ਜੋਤੇ ਪਸੀਨਾ ਫਿਰ ਕੱਪੜੇ ਭਿਉਣ ਲੱਗਾ। ਇਕ-ਅੱਧੇ ਦਿਨ ਵਿੱਚ ਹੀ ਸਵੇਰਿਆਂ ਨੂੰ ਵੀ ਗਹਿਰ ਚੜਨ ਲੱਗੀ।

ਐਤਵਾਰ ਨੂੰ ਲੁਧਿਆਣੇ ਤੋਂ ਸਰਹਿੰਦ ਵੱਲ ਜਾਣ ਦਾ ਮੌਕਾ ਮਿਲਿਆ। ਲੁਧਿਆਣੇ ਤੋਂ ਅੱਗੇ ਸਾਰਾ ਵਾਤਾਵਰਣ ਗਹਿਰੀ ਤਰ੍ਹਾਂ ਧੁਆਂਖਿਆ ਗਿਆ ਸੀ। ਸੋਮਵਾਰ ਨੂੰ ਆਸਮਾਨ ਵਿੱਚ ਬੱਦਲ ਦਿਸੇ। ਅਗਲੇ ਦਿਨ ਗਹਿਰੇ ਹੋ ਗਏ ਸ਼ਾਮ ਵੇਲੇ ਗਰਮੀ ਦੀ ਤਲਖੀ ਵੀ ਸਤਾਉਣ ਲੱਗੀ। ਅੱਧੀ ਰਾਤ ਤੋਂ ਬਾਅਦ ਝੱਖੜ ਝੁੱਲਣ ਲੱਗਾ, ਨਾਲ ਬਾਰਸ਼ ਵੀ। ਝੋਨਾ ਭਾਵੇਂ ਸਾਡਾ ਲਹੂ ਪੀ ਕੇ ਜਵਾਨ ਹੁੰਦਾ, ਪਰ ਪੱਕੀ ਫਸਲ ਇੰਨੀ ਸੋਹਣੀ ਲੱਗਦੀ ਕਿ ਮੂੰਹ ਆਪ ਮੁਹਾਰੇ ਉਪਰ ਨੂੰ ਉਠਦਾ ਤੇ ਆਖਦਾ, "ਹੇ ਰੱਬ ਸੱਚਿਆ! ਇਸ ਵਾਰ ਮੀਂਹ ਪਾਣੀ ਵੱਲੋਂ ਖੈਰ ਕਰੀਂ, ਕਿੰਨੀ ਸੋਹਣੀ ਫਸਲ ਹੋਈ ਏ।" ਪਰ ਸੋਮਵਾਰ ਦੀ ਰਾਤ ਸੁੱਕੀ ਨਾ ਗਈ, ਮੀਂਹ ਵੀ ਪਿਆ ਤੇ ਝੱਖੜ ਵੀ; ਆਖੇ ਮੈਂ ਥੋੜਾ ਰਹਿਣ ਕੱਖ ਨ੍ਹੀਂ ਦੇਣਾ!

ਕਈ ਖਿੱਤਿਆਂ 'ਚ ਖਾਸ ਕਰਕੇ ਮਾਝੇ ਤੇ ਫਤਹਿਗੜ੍ਹ ਸਾਹਿਬ ਦੇ ਖੇਤਰ ਵਿੱਚ ਮੀਂਹ ਵੀ ਕਾਫੀ ਪਿਆ ਤੇ ਹਵਾ ਵੀ ਤੇਜ਼ ਵਗੀ। ਫਸਲਾਂ ਵਿਛ ਗਈਆਂ, ਮਾਝੇ 'ਚ, ਪੁਆਧ ਤੇ ਮਾਲਵੇ ਦੇ ਕੁਸ਼ ਹਿੱਸਿਆਂ ਵਿੱਚ। ਅਖਬਾਰਾਂ ਛਪੀਆਂ। ਵੱਠੀਆਂ ਫਸਲਾਂ ਦੇ ਸਿਰ੍ਹਾਣੇ ਜੱਟ 'ਮਸੋਸੇ ਜਿਹੇ ਬੈਠੇ ਸਨ। ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ, ਕਿਸਾਨ ਯੂਨੀਅਨਾਂ ਵਾਲੇ ਵੀ ਨਹੀਂ ਦੱਸਦੇ, ਬਈ ਖੇਤ ਜਦੋਂ ਸੜਦੇ ਹਨ ਤਾਂ ਕੁਦਰਤ ਦੁਖੀ ਹੁੰਦੀ ਹੈ। ਇਸ ਦੁੱਖ ਕਾਰਨ ਹੀ ਗੁੱਸੇ ਵਾਲਾ ਝੱਖੜ ਝੁੱਲਦਾ ਹੈ। ਹੰਝੂਆਂ ਦਾ ਮੀਂਹ ਵਰ੍ਹਦਾ ਹੈ। ਮੈਲੀ ਹੋਈ ਫਿਜ਼ਾ ਨੂੰ ਧੋਣ ਦਾ ਕੁਦਰਤ ਦਾ ਇਹੋ ਤਰੀਕਾ ਹੈ! ਮੀਂਹ ਨੇ ਖੇਤਾਂ ਦੇ ਸੜ 'ਤੇ ਇੱਕ ਦਮ ਫੁੱਲ ਸਟਾਪ ਲਾ ਦਿੱਤਾ। ਬੁੱਧਵਾਰ ਦਾ ਸਵੇਰਾ ਗਹਿਰਾ ਅਤੇ ਧੁਆਂਖਿਆ ਹੋਇਆ ਨਹੀਂ ਸੀ। ਦੁਪਹਿਰੇ ਕੋਠੇ ਚੜ੍ਹ ਕੇ ਵੇਖਿਆ ਆਸਮਾਨ ਡੂੰਘੀ ਨੀਲਤਣ ਨਾਲ ਭਰਿਆ ਪਿਆ ਸੀ। ਹਵਾ ਤਾਜ਼ੀ ਸੀ ਅਤੇ ਸ਼ਾਮ ਤਲਖ ਨਹੀਂ ਸੀ। ਅੰਗਰੇਜ਼ੀ ਦੇ ਅਖਬਾਰ ਨੇ ਸੁਰਖੀ ਦਿੱਤੀ, 'ਸ਼ਾਰਪ ਡਿੱਪ ਇਨ ਸਟਬਲ ਬਰਨਿੰਗ, ਏਅਰ ਕੁਆਲਟੀ ਸੈਟਿਸਫੈਕਟਰੀ।' ਪਰ ਜੱਟਾਂ ਨੇ ਵੀ ਬਾਜ਼ ਤੇ ਆਉਣਾ ਨ੍ਹੀਂ, ਹਫਤੇ ਕੁ ਵਿੱਚ ਜਦੋਂ ਆਸਮਾਨ ਫਿਰ ਧੁਆਂਖਿਆ ਗਿਆ, ਕੁਦਰਤ ਨੇ ਰੋਅ ਪੈਣਾ। ਮੰਡੀਆਂ ਵਿੱਚ ਫਿਰ ਰਿਜ਼ਕ ਭਿੱਜੇਗਾ? ਸੋਚ ਕੇ ਡਰ ਲਗਦਾ।

## ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਇੰਡੀਅਨਐਪੋਲਿਸ ਵਿੱਚ ਸਜਿਆ ਮਹਾਨ ਨਗਰ ਕੀਰਤਨ

**ਇੰਡੀਅਨਐਪੋਲਿਸ, ਇੰਡੀਆਨਾ (ਪੰਜਾਬੀ ਪਰਵਾਜ਼ ਬਿਊਰੋ):** ਸਿੱਖ ਸੁਸਾਇਟੀ ਆਫ ਇੰਡੀਆਨਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨੌਂਵਾਂ ਸਾਲਾਨਾ ਮਹਾਨ ਨਗਰ ਕੀਰਤਨ ਲੰਘੀ 7 ਅਕਤੂਬਰ ਨੂੰ ਸਜਾਇਆ ਗਿਆ, ਜਿਸ ਵਿੱਚ ਮਿਡਵੈਸਟ ਦੀਆਂ ਸੰਗਤਾਂ ਹੁੰਮਹੁਮਾ ਕੇ ਸ਼ਾਮਲ ਹੋਈਆਂ।



ਨਗਰ ਕੀਰਤਨ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਤੇ ਸ਼ੈਰਿਫ ਡਿਪਾਰਟਮੈਂਟ ਦੇ ਸਹਿਯੋਗ ਨਾਲ ਅਰੰਭ ਹੋਇਆ। ਮਹਾਰਾਜ ਦੇ ਸਰੂਪ ਨੂੰ ਡਾਊਨ ਟਾਊਨ ਦੇ ਵਾਰ ਮੈਮੋਰੀਅਲ ਪਾਰਕ ਵਿੱਚ ਲਿਜਾਇਆ ਗਿਆ ਸੀ। ਪਹਿਲੇ ਫਲੋਟ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸੁਸ਼ੋਭਿਤ ਸੀ ਅਤੇ ਦੂਜੇ ਫਲੋਟ ਵਿੱਚ ਸਾਂਝੀਵਾਲਤਾ ਦੇ ਸੁਨੇਹੇ ਸਮੇਤ ਗੁਰਬਾਣੀ ਦੀਆਂ ਪੰਕਤੀਆਂ ਲਿਖੀਆਂ ਹੋਈਆਂ ਸਨ। ਤੀਜੇ ਫਲੋਟ ਵਿੱਚ ਸਿੱਖ ਕੌਮ ਦੇ ਮਹਾਨ ਜਰਨੈਲ ਹਰੀ ਸਿੰਘ ਨਲੂਆ ਤੇ ਮਹਾਨ ਜਰਨੈਲ ਜ਼ੋਰਾਵਰ ਸਿੰਘ ਬਾਰੇ ਤਸਵੀਰਾਂ ਤੇ ਉਨ੍ਹਾਂ ਦਾ ਜੀਵਨ-ਵੇਰਵਾ ਲਿਖਿਆ ਹੋਇਆ ਸੀ। ਚੌਥਾ ਫਲੋਟ ਸਿੱਖ ਪੰਥ ਦੇ ਸ਼ਹੀਦਾਂ ਬਾਰੇ ਸੀ ਅਤੇ ਇੱਕ ਫਲੋਟ ਸਿੱਖ ਰਾਜ ਦੀ ਮੰਗ ਭਾਵ ਖਾਲਿਸਤਾਨ ਬਾਰੇ ਵੀ ਸੀ। ਰਸਤੇ ਵਿੱਚ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਸ਼ਰਧਾ ਭਾਵਨਾ ਨਾਲ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਦੇ ਪਿੱਛੇ ਪਿੱਛੇ ਚੱਲ ਰਹੀਆਂ ਸਨ।




ਸਿੰਘਾਂ ਨੇ ਗਤਕੇ ਦੇ ਜੌਹਰ ਵੀ ਦਿਖਾਏ। ਇਸ ਤੋਂ ਇਲਾਵਾ ਪਾਰਕ ਵਿੱਚ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ, ਬਾਬਾ ਬੰਦਾ ਸਿੰਘ ਬਹਾਦਰ ਤੇ ਹੋਰਨਾਂ ਸ਼ਹੀਦਾਂ ਦੇ ਬੁੱਤ ਲਾਏ ਗਏ ਸਨ ਅਤੇ ਸੰਗਤ ਨੂੰ ਸਬੰਧਤ ਸਿੱਖ ਇਤਿਹਾਸ ਬਾਰੇ ਦੱਸਿਆ ਗਿਆ। ਬੁੱਤਾਂ ਦੇ ਨਾਲ ਸੰਖੇਪ ਵਿੱਚ ਸ਼ਹੀਦ ਸਿੰਘਾਂ ਦਾ ਵੇਰਵਾ ਵੀ ਦਿੱਤਾ ਗਿਆ ਸੀ। ਸੰਗਤ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਬਹੁਤੇ ਸੰਗਤ ਮੈਂਬਰਾਂ ਦਾ ਕਹਿਣਾ ਸੀ ਕਿ ਸਿੱਖ ਕੌਮ ਦੇ ਇਤਿਹਾਸ ਬਾਰੇ ਸਾਨੂੰ ਆਪ ਵੀ ਪਤਾ ਹੋਣਾ ਚਾਹੀਦਾ ਹੈ ਅਤੇ ਨਵੀਂ ਪੀੜ੍ਹੀ ਨੂੰ ਵੀ ਇਸ ਬਾਰੇ ਜਾਣਕਾਰੀ ਜ਼ਰੂਰ ਦੇਣੀ ਚਾਹੀਦੀ ਹੈ।

ਕਰੀਬ ਤਿੰਨ ਵਜੇ ਨਗਰ ਕੀਰਤਨ ਪਾਰਕ ਵਿੱਚ ਪਹੁੰਚਿਆ। ਇੱਥੇ ਇੰਡੀਅਨਐਪੋਲਿਸ ਦੇ ਮੇਅਰ ਜੋਅ ਹੌਗਸੈਟ ਨੇ ਸੰਗਤ ਨੂੰ ਵਧਾਈ ਦਿੰਦਿਆਂ ਆਪਣੇ ਤਰਫੋਂ ਕਿਸੇ ਵੀ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਮੇਅਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੈਂ ਇੱਥੇ ਕਿਸੇ ਲੀਡਰ ਦੀ ਹੈਸੀਅਤ ਨਾਲ ਨਹੀਂ, ਬਲਕਿ ਤੁਹਾਡਾ ਭਰਾ ਬਣ ਕੇ ਆਇਆ ਹਾਂ। ਜੇ ਤੁਹਾਨੂੰ (ਸਿੱਖ ਭਾਈਚਾਰੇ ਨੂੰ) ਕੋਈ ਵੀ ਸਮੱਸਿਆ ਆਉਂਦੀ ਹੈ, ਤਾਂ ਉਹ ਉਸ ਦੇ ਹੱਲ ਲਈ ਪਹਿਲ ਦੇ ਆਧਾਰ 'ਤੇ ਯਤਨ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਮੇਅਰ ਦਾ ਸਨਮਾਨ ਕਰਦਿਆਂ ਉਸ ਨੂੰ ਇੱਕ ਤੋਹਫਾ ਭੇਟ ਕੀਤਾ, ਜਿਸ ਵਿੱਚ ਦਰਬਾਰ ਸਾਹਿਬ ਬਣਿਆ ਹੋਇਆ ਸੀ।

ਮੇਅਰ ਨਾਲ ਆਏ ਪਬਲਿਕ ਅਟਾਰਨੀ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ। ਜਥੇਦਾਰ ਤਾਰਾ ਸਿੰਘ ਨੇ ਗੁਰਬਾਣੀ ਦੇ ਹਵਾਲੇ ਨਾਲ ਤਕਰੀਰ ਕੀਤੀ। ਸ਼ੈਰਿਫ ਡਿਪਾਰਟਮੈਂਟ ਦੇ ਦੋ ਡਿਪਟੀ ਚੀਫ ਵੀ ਆਏ ਹੋਏ ਸਨ, ਉਨ੍ਹਾਂ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ।

ਅਖੀਰ ਵਿੱਚ ਸਿੱਖ ਸੁਸਾਇਟੀ ਦੇ ਬੁਲਾਰੇ ਨੇ ਸੰਗਤਾਂ ਅਤੇ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸੁਸਾਇਟੀ ਦਾ ਅਗਲਾ ਨਗਰ ਕੀਰਤਨ ਆਉਂਦੀ ਵਿਸਾਖੀ ਤੋਂ ਅਗਲੇ ਹਫਤੇ ਯਾਨਿ 20 ਅਪਰੈਲ ਨੂੰ ਸਜਾਇਆ ਜਾਵੇਗਾ।

ਨਗਰ ਕੀਰਤਨ ਦੌਰਾਨ ਸੰਗਤ ਲਈ ਲੰਗਰ ਦਾ ਪ੍ਰਬੰਧ ਸੀ। ਜਲੇਬੀਆਂ ਦਾ ਵੱਖਰੇ ਤੌਰ 'ਤੇ ਲੰਗਰ ਚੱਲ ਰਿਹਾ ਸੀ। ਇਸ ਤੋਂ ਇਲਾਵਾ ਵੱਖ ਵੱਖ ਖਾਣ-ਪਦਾਰਥ ਵੀ ਸੰਗਤਾਂ ਦੀ ਸੇਵਾ ਵਿੱਚ ਹਾਜ਼ਰ ਸਨ।

ਇਸ ਤੋਂ ਪਹਿਲਾਂ 6 ਅਕਤੂਬਰ ਨੂੰ ਸਵੇਰੇ ਕਰੀਬ ਗਿਆਰਾਂ ਵਜੇ ਖੁੱਲ੍ਹੇ ਪਾਠ ਦੇ ਭੋਗ ਪਾਏ ਗਏ ਅਤੇ ਸ਼ਾਮ ਨੂੰ 5 ਵਜੇ ਤੋਂ 8 ਵਜੇ ਤੱਕ ਕੀਰਤਨ ਦਰਬਾਰ ਸਜਿਆ। ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਵਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਭਾਈ ਕੁਲਵੰਤ ਸਿੰਘ ਪੰਡੋਰੀ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਦਾ ਗਾਇਨ ਕੀਤਾ ਅਤੇ ਭਾਈ ਬਲਜੀਤ ਸਿੰਘ ਨੇ ਕਥਾ ਵਿਆਖਿਆ ਰਾਹੀਂ ਸੰਗਤ ਨੂੰ ਗੁਰ-ਸ਼ਬਦ ਨਾਲ ਜੁੜਨ ਦਾ ਸੁਨੇਹਾ ਦਿੱਤਾ। ਪੰਜਾਬੀ ਫਿਲਮ "ਬੈਟਲ ਆਫ ਅੰਮ੍ਰਿਤਸਰ" ਵੀ ਸੰਗਤ ਨੂੰ ਦਿਖਾਈ ਗਈ।



ਨਗਰ ਕੀਰਤਨ ਨਾਲ ਸਬੰਧਤ ਪ੍ਰਬੰਧਾਂ ਵਿੱਚ ਵਿਸ਼ੇਸ਼ ਕਰ ਕੇ ਭਾਈ ਜਗਜੀਤ ਸਿੰਘ, ਭਾਈ ਤਰਲੋਕ ਸਿੰਘ, ਭਾਈ ਪਲਵਿੰਦਰ ਸਿੰਘ, ਭਾਈ ਜਰਨੈਲ ਸਿੰਘ, ਭਾਈ ਰਜਿੰਦਰ ਸਿੰਘ ਤੇ ਭਾਈ ਧਰਮ ਸਿੰਘ ਅਤੇ ਹੋਰਨਾਂ ਸੰਗਤ ਮੈਂਬਰਾਂ ਨੇ ਉਚੇਚੀ ਸੇਵਾ ਨਿਭਾਈ। ਪ੍ਰਬੰਧਕਾਂ ਅਨੁਸਾਰ ਇਹ ਨਗਰ ਕੀਰਤਨ ਮਿਡਵੈਸਟ ਦੀਆਂ ਸਮੂਹ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਮੂਹ ਪ੍ਰਬੰਧਕ ਜਥੇਬੰਦੀਆਂ ਦੇ ਸਹਿਯੋਗ ਨਾਲ ਸਜਾਇਆ ਗਿਆ।

















**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
Email: Preetisingh@ffig.com

FUTURITY FIRST
Retirement | Life | Health

**Futurity First Insurance Group**



BUY | SELL | RENT
FOR ALL YOUR REAL ESTATE NEEDS

COLDWELL BANKER REALTY
VENKAT TALARI
REALTOR
847-372-9986
venkat@cbrealty.com



The Best Investmenton EARTH is
REAL ESTATE

An Illinois Residential Mortgage Lincensee
MORTGAGE LOAN OFFICER
KRISHNA KAIRAMKONDA
NMLS#2239754



FIND OUT MORE FOR LOW INTEREST RATES & QUALITY SERVICE
Contact :
210-862-0139
krishna@hmsiloans.com
For more information
www.hmsiloans.com/krishna



Let's Build Wealth Together
ACCELERATE GROWTH MINIMIZE RISK
Rajesh Ravikumar
Licensed Financial Professional
Financial Independence begins with Proper Financial Education
210-859-9042 // 630-245-3435
www.MyFortuneCreators.com
FINANCIAL SERVICES
WEALTH STRATGIES | RETIREMENT STRATGIES
COLLEGE PLANNING | LIVING WILL & TRUST
LIFE INSURANCE | TAX GUIDELINES
401K ROLLOVER | MANAGED GROWTH





DYNASTY HOME CARE

## ਮੁਫ਼ਤ ਦੇਖਭਾਲ ਸੇਵਾਵਾਂ

-ਪ੍ਰੋਗਰਾਮ IDoA (ਇਲੀਨਾਏ ਡਿਪਾਰਟਮੈਂਟ ਆਨ ਏਜਿੰਗ) ਦੁਆਰਾ ਫੰਡ ਕੀਤਾ ਗਿਆ, ਤੁਹਾਡੇ ਲਈ ਕੋਈ ਵੀ ਕੀਮਤ ਨਹੀਂ!

-ਸਾਡੇ ਪਰਿਵਾਰ ਤੋਂ ਤੁਹਾਡੇ ਲਈ ਵਧੀਆ ਨਿੱਜੀ ਦੇਖਭਾਲ

ਕਮਿਊਨਿਟੀ ਕੇਅਰ ਪ੍ਰੋਗਰਾਮ (ਸੀ.ਸੀ.ਪੀ.) ਬਜ਼ੁਰਗ ਬਾਲਗਾਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਸਹਾਇਤਾ ਕਰਕੇ ਸੇਵਾਵਾਂ ਪ੍ਰਦਾਨ ਕਰਦਾ ਹੈ, ਜੋ ਉਨ੍ਹਾਂ ਨੂੰ ਨਰਸਿੰਗ ਹੋਮ ਵਿੱਚ ਜਾਣ ਤੋਂ ਰੋਕਦੀਆਂ ਹਨ।

### ਕੌਣ ਯੋਗ ਹੋ ਸਕਦਾ ਹੈ:

*60 ਸਾਲ ਜਾਂ ਇਸ ਤੋਂ ਵੱਧ ਉਮਰ ਦੇ
*ਇੱਕ ਕਾਨੂੰਨੀ ਸਥਾਈ ਨਿਵਾਸੀ ਜਾਂ ਯੂ.ਐਸ. ਨਾਗਰਿਕ
*ਇੱਕ ਨਿਰਧਾਰਤ ਰਕਮ ਤੋਂ ਘੱਟ ਮਹੀਨਾਵਾਰ ਆਮਦਨ ਅਤੇ ਸੰਪਤੀਆਂ
*ਸੀਮਤ ਸਰੀਰਕ ਗਤੀਵਿਧੀਆਂ

## ਅਸੀਂ ਤੁਹਾਡੇ ਲਈ ਕੀ ਕਰ ਸਕਦੇ ਹਾਂ

ਰੋਜ਼ਾਨਾ ਦੇ ਕੰਮਾਂ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਹੋਮਮੇਕਰ ਤੁਹਾਡੇ ਘਰ ਆਵੇਗਾ, ਜਿਸ ਵਿੱਚ ਨਿੱਜੀ ਦੇਖਭਾਲ ਜਿਵੇਂ ਕਿ ਇਨ੍ਹਾਂ ਨਾਲ ਸਹਾਇਤਾ ਸ਼ਾਮਲ ਹੈ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹੈ:
-ਭੋਜਨ ਤਿਆਰ ਕਰਨਾ
-ਇਸ਼ਨਾਨ
-ਘਰ ਦੇ ਛੋਟੇ-ਮੋਟੇ ਕੰਮ
-ਖਰੀਦਦਾਰੀ (ਚੱਲਦੇ ਕੰਮ)

ਦੇਖਭਾਲ ਕਰਨ ਵਾਲਿਆਂ ਨੂੰ ਕਿਵੇਂ ਭਰਤੀ ਕਰਨਾ
ਪ੍ਰਤੀਯੋਗੀ ਤਨਖਾਹ ਅਤੇ ਲਚਕਦਾਰ ਸਮਾਂ-ਸੂਚੀ

### ਅਰਜ਼ੀ ਕਿਵੇਂ ਦੇਣੀ ਹੈ?

ਸਾਨੂੰ ਹੁਣੇ ਕਾਲ ਕਰੋ 847-534-7500

Email: info@dynastyhomecareinc.com
www.dynastyhomecareinc.com

1401 E. Oakton St, Suite# 14
Des Plaines, IL 60018

## ਪੇਸ਼ ਸੇਵਾਵਾਂ

-ਮੈਡੀਕੇਡ ਤੇ ਮੈਡੀਕੇਅਰ / QMB ਬੀਮਾ
-ਲਿੰਕ ਕਾਰਡ ਅਤੇ ਸਨੈਪ
-ਬਜ਼ੁਰਗਾਂ ਲਈ ਮੁਫ਼ਤ ਫ਼ੋਨ

*CEDA/LIHEAP/ਊਰਜਾ ਸਹਾਇਤਾ ਪ੍ਰੋਗਰਾਮ
*SSA ਅਤੇ SSI
*ਹੈਲਥ ਕੇਅਰ ਮਾਰਕੀਟ ਪਲੇਸ/ਏਸੀਏ ਓਬਾਮਾ ਕੇਅਰ ਵਜੋਂ ਜਾਣਿਆ ਜਾਂਦਾ ਹੈ
*ਦੰਦ ਅਤੇ ਨਜ਼ਰ
*OCI ਕਾਰਡ
*ਸਿਟੀਜ਼ਨਸ਼ਿਪ ਤੇ ਇਮੀਗ੍ਰੇਸ਼ਨ ਸਹਾਇਤਾ
*ਹੋਰ ਵੀ ਸੇਵਾਵਾਂ ਪ੍ਰਦਾਨ ਕਰਦੇ ਹਾਂ

**ਜੇਕਰ ਤੁਹਾਨੂੰ ਜਾਂ ਤੁਹਾਡੇ ਪਰਿਵਾਰਕ ਮੈਂਬਰ ਨੂੰ ਸਮਾਜਿਕ ਸੇਵਾਵਾਂ ਦੇ ਲਾਭਾਂ ਲਈ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਾਲ ਕਰੋ,**
**ਚਿਰਾਗ ਸ਼ਾਹ**
**ਫੋਨ: 847-372-5423**

*ਸਾਡੇ ਕੋਆਰਡੀਨੇਟਰ ਬਹੁਤ ਸਾਰੀਆਂ ਸੰਘੀ, ਰਾਜ ਅਤੇ ਸਥਾਨਕ ਸਰਕਾਰੀ ਸਹਾਇਤਾ ਏਜੰਸੀਆਂ ਅਤੇ ਲਾਭਾਂ ਲਈ ਕਮਿਊਨਿਟੀ ਸੇਵਾਵਾਂ ਨੂੰ ਨੈਵੀਗੇਟ ਕਰਨ ਵਿੱਚ ਮਦਦ ਕਰਨਗੇ, ਜੋ ਤੁਹਾਡੇ ਬੀਮੇ ਅਤੇ ਲਾਭ ਦੀ ਯੋਗਤਾ 'ਤੇ ਨਿਰਭਰ ਕਰਦਾ ਹੈ।

## ਸ਼ਬਦੋ ਵਣਜਾਰਿਓ

**ਪਰਮਜੀਤ ਢੀਂਗਰਾ**
ਫੋਨ: +91-9417358120



# ਨੀਲ ਦਾ ਵਿਸਥਾਰ



ਰੰਗਾਂ ਦਾ ਸੰਸਾਰ ਬੜਾ ਅਦਭੁੱਤ ਹੈ। ਮੂਲ ਰੂਪ ਵਿੱਚ ਸੱਤ ਰੰਗ ਮੰਨੇ ਗਏ ਹਨ, ਪਰ ਕਈ ਭਾਸ਼ਾਵਾਂ ਵਿੱਚ ਇਨ੍ਹਾਂ ਦੀ ਗਿਣਤੀ ਪੰਜ ਜਾਂ ਛੇ ਵੀ ਹੈ। ਅੱਜ ਦੇ ਡਿਜੀਟਲ ਜੁੱਗ ਨੇ ਸੱਤਾਂ ਰੰਗਾਂ ਦੇ ਹਜ਼ਾਰਾਂ ਰੰਗ ਬਣਾ ਦਿੱਤੇ ਹਨ। ਇਸ ਲਈ ਕਈ ਵਾਰ ਕਿਸੇ ਖਾਸ ਰੰਗ ਨੂੰ ਚੁਣਨਾ ਬੜਾ ਮੁਸ਼ਕਲ ਹੋ ਜਾਂਦਾ ਹੈ। ਜੇ ਕੁਦਰਤ ਦੀ ਗੱਲ ਕਰੀਏ ਤਾਂ ਇਸ ਵਿੱਚ ਦੋ ਰੰਗਾਂ ਦਾ ਸਭ ਤੋਂ ਵੱਧ ਪਾਸਾਰਾ ਹੈ। ਇੱਕ ਹੈ ਹਰਾ ਰੰਗ, ਜੋ ਬਨਸਪਤੀ ਦਾ ਹੈ ਅਤੇ ਦੂਜਾ ਨੀਲਾ, ਜੋ ਸਮੁੰਦਰਾਂ ਤੇ ਅਕਾਸ਼ ਦਾ ਹੈ। ਨੀਲਾ ਰੰਗ ਬਣਿਆ ਹੈ ਨੀਲ ਤੋਂ। ਇਸ ਦੀ ਧਾਤੂ ਹੈ-ਨੀਲ੍। ਨੀਲਾ ਰੰਗ ਭਾਵੇਂ ਜਿੰਨਾ ਮਰਜੀ ਖੁਸ਼ਨੁਮਾ ਹੋਵੇ, ਪਰ ਨੀਲ ਦੇ ਅਰਥ ਦੇ ਨਾਲ ਨਾਲ ਇਹਦਾ ਇੱਕ ਨਾਂ ਕਾਲਾ ਜਾਂ ਸੁਰਮਈ ਵੀ ਹੈ। ਇਸੇ ਲਈ ਸੰਸਕ੍ਰਿਤ ਵਿੱਚ ਸੁਰਮੇ ਲਈ ਨੀਲਾਂਜਨਮ੍ ਜਾਂ ਨੀਲਾਂਜਨਾ ਨਾਂ ਵੀ ਵਰਤੇ ਜਾਂਦੇ ਹਨ। ਸੰਸਕ੍ਰਿਤ ਵਿੱਚ ਬੱਦਲ ਨੂੰ ਅਭਰ ਕਿਹਾ ਜਾਂਦਾ ਹੈ। ਇਹੀ ਅਭਰ ਫਾਰਸੀ ਵਿੱਚ ਅਬਰ ਭਾਵ ਨੀਲਾ ਹੋ ਜਾਂਦਾ ਹੈ। ਸਿਆਹ ਕਾਲੇ ਬੱਦਲਾਂ ਨੂੰ ਸੰਸਕ੍ਰਿਤ ਵਿੱਚ ਨੀਲਾਭਰ ਕਿਹਾ ਜਾਂਦਾ ਹੈ। ਇੱਥੇ ਨੀਲੇ ਦਾ ਅਰਥ ਕਾਲਾ ਹੀ ਹੈ। ਕਾਲੇ ਨਮਕ ਲਈ ਵੀ ਨੀਲਕਮ੍ ਸ਼ਬਦ ਦੀ ਵਰਤੋਂ ਹੁੰਦੀ ਹੈ।

ਨੀਲ, ਅਸਲ ਵਿੱਚ ਇੱਕ ਪੌਦੇ ਵਿਚੋਂ ਨਿਕਲਣ ਵਾਲਾ ਪਦਾਰਥ। ਪੁਰਾਣੇ ਸਮਿਆਂ ਵਿੱਚ ਨੀਲੇ ਰੰਗ ਲਈ ਨੀਲ ਦੇ ਪੌਦੇ ਦੀ ਵਰਤੋਂ ਹੁੰਦੀ ਸੀ। ਸੰਸਕ੍ਰਿਤ ਵਿੱਚ ਨੀਲ ਦੇ ਪੌਦੇ ਨੂੰ ਨੀਲਿਕਾ ਜਾਂ ਨੀਲੀ ਕਿਹਾ ਜਾਂਦਾ ਹੈ। ਭਾਰਤ ਵਿੱਚ ਨੀਲ ਦੀ ਪੈਦਾਵਾਰ ਪੂਰਬੀ ਪ੍ਰਦੇਸ਼ਾਂ ਖਾਸ ਕਰਕੇ ਬਿਹਾਰ, ਬੰਗਾਲ ਤੇ ਉੜੀਸਾ ਵਿੱਚ ਹੁੰਦੀ ਹੈ। ਅਰਬੀ ਵਪਾਰੀ ਭਾਰਤ ਵਿੱਚ ਕਿਸੇ ਸਮੇਂ ਨੀਲ ਖਰੀਦਣ ਲਈ ਆਉਂਦੇ ਸਨ ਤੇ ਉਹ ਅੱਗੋਂ ਯੂਰਪੀ ਮੁਲਕਾਂ ਨੂੰ ਵੇਚਦੇ ਸਨ। ਭਾਰਤੀ ਮਸਾਲਿਆਂ ਤੇ ਮਲਮਲ ਵਾਂਗ ਨੀਲ ਵੀ ਪੱਛਮੀ ਮੁਲਕਾਂ ਵਿੱਚ ਮਸ਼ਹੂਰ ਸੀ। ਅੰਗਰੇਜ਼ਾਂ ਨੇ ਜਦੋਂ ਕਲਕੱਤੇ ਵਿੱਚ ਕੋਠੀਆਂ ਬਣਵਾਈਆਂ, ਤਦੋਂ ਈਸਟ ਇੰਡੀਆ ਕੰਪਨੀ ਮੁੱਖ ਰੂਪ ਵਿੱਚ ਨੀਲ ਦਾ ਵਪਾਰ ਹੀ ਕਰਦੀ ਸੀ। ਇਸੇ ਲਈ ਅੰਗਰੇਜ਼ਾਂ ਨੂੰ ਨਿਲਹੇ ਸਾਹਿਬ ਕਿਹਾ ਜਾਂਦਾ ਸੀ। ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਨੀਲ ਦਾ ਬੜਾ ਮਹੱਤਵਪੂਰਨ ਸਥਾਨ ਹੈ। ਬਿਹਾਰ ਦੇ ਨੇਪਾਲ ਨਾਲ ਲਗਵੇਂ ਜ਼ਿਲ੍ਹੇ ਚੰਪਾਰਨ ਵਿੱਚ ਨੀਲ ਦੀ ਭਰਪੂਰ ਕਾਸ਼ਤ ਹੁੰਦੀ ਸੀ। ਇਸ ਸਥਾਨ ਦਾ ਨਾਂ ਚੰਪਕ ਦੇ ਰੁੱਖਾਂ ਦੀ ਬਹੁਤਾਤ ਕਰਕੇ ਚੰਪਕ+ਅਰਣਯ= ਚੰਪਕਾਰਨਯ ਪਿਆ, ਜੋ ਘਸਦਾ ਘਸਦਾ ਚੰਪਾਰਨ ਹੋ ਗਿਆ। ਚੰਪਕ ਜਾਂ ਚੰਪਾ ਦੇ ਰੁੱਖਾਂ ਨੂੰ ਪੀਲੇ ਰੰਗ ਦੇ ਸੁਗੰਧਿਤ ਫੁੱਲ ਲਗਦੇ ਹਨ, ਜੋ ਵਾਲਾਂ ਨੂੰ ਸ਼ਿੰਗਾਰਨ ਲਈ ਵਰਤੇ ਜਾਂਦੇ ਹਨ। ਇਹ ਵੀ ਦਿਲਚਸਪ ਤੱਥ ਹੈ ਕਿ ਪੁਰਾਤਨ ਸਮਿਆਂ ਵਿੱਚ ਚੰਪਾ ਦੇ ਪੀਲੇ ਫੁੱਲਾਂ ਦੀ ਬਜਾਏ ਪ੍ਰਸਿੱਧ ਚੰਪਾਰਨ ਆਧੁਨਿਕ ਸਮਿਆਂ ਵਿੱਚ ਨੀਲ ਦੇ ਫੁੱਲਾਂ ਕਰਕੇ ਮਸ਼ਹੂਰ ਹੋ ਗਿਆ।

ਦੱਖਣੀ ਅਫਰੀਕਾ ਦੀ ਯਾਤਰਾ ਤੋਂ ਪਰਤਣ 'ਤੇ ਜਦੋਂ ਮਹਾਤਮਾ ਗਾਂਧੀ ਨੇ ਨੀਲ ਦੇ ਕਾਸ਼ਤਕਾਰਾਂ 'ਤੇ ਨਿਲਹੇ ਸਾਹਿਬਾਂ ਦੇ ਜ਼ੁਲਮਾਂ ਬਾਰੇ ਸੁਣਿਆ ਤਾਂ ਉਨ੍ਹਾਂ ਨੇ ਚੰਪਾਰਨ ਦੀ ਯਾਤਰਾ ਕੀਤੀ ਤੇ ਅੰਗਰੇਜ਼ੀ ਹਕੂਮਤ ਦੇ ਜ਼ੁਲਮਾਂ ਖਿਲਾਫ਼ ਆਵਾਜ਼ ਬੁਲੰਦ ਕੀਤੀ। ਇਹ ਮੁਹਿੰਮ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਇੱਕ ਮੀਲ ਪੱਥਰ ਸਾਬਤ ਹੋਈ। ਨੀਲ ਨੂੰ ਅੰਗਰੇਜ਼ੀ ਵਿੱਚ ਇੰਡੀਗੋ ਕਹਿੰਦੇ ਹਨ। ਇਕ ਪ੍ਰਸਿੱਧ ਭਾਰਤੀ ਏਅਰ ਲਾਈਨ ਦਾ ਨਾਂ ਵੀ ਇੰਡੀਗੋ ਹੈ। ਇਹਦਾ ਸਬੰਧ ਇੰਡੀਆ ਭਾਵ ਭਾਰਤ ਨਾਲ ਹੈ। ਅੱਜ ਕੱਲ੍ਹ ਇੰਡੀਆ ਤੇ ਭਾਰਤ ਨਾਂਵਾਂ ਵਿੱਚ ਬੜਾ ਵਾਦ-ਵਿਵਾਦ ਚੱਲ ਰਿਹਾ ਹੈ। ਜਿਹੜੇ ਕਹਿ ਰਹੇ ਹਨ ਕਿ ਇੰਡੀਆ ਦਾ ਕੋਈ ਅਰਥ ਨਹੀਂ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ। ਇੰਡੀਗੋ ਬਣਿਆ ਹੈ ਗਰੀਕ ਭਾਸ਼ਾ ਦੇ ਸ਼ਬਦ ਇੰਡੀਕੋਨ ਅਥਵਾ ਇੰਡੀਕੋਸ ਤੋਂ, ਜਿਸ ਦਾ ਅਰਥ ਹੈ ਨੀਲ ਦਾ ਪੌਦਾ। ਇੱਥੋਂ ਹੀ ਇੰਡੀਆ ਬਣਿਆ ਹੈ।

ਇੰਡੀਆ ਦੀ ਇੱਕ ਹੋਰ ਵਿਓਤਪਤੀ ਗਰੀਕ ਦੇ ਇੰਡਸ ਤੋਂ ਵੀ ਮੰਨੀ ਜਾਂਦੀ ਹੈ। ਅਸਲ ਵਿੱਚ ਸਿੰਧ ਦਰਿਆ ਦਾ ਗਰੀਕ ਉਚਾਰਨ ਇੰਡਸ ਹੈ। ਸਪੈਨਿਸ਼ ਤੇ ਡੱਚ ਜ਼ਬਾਨਾਂ ਵਿੱਚ ਇੰਡੀਕੋਨ ਤੋਂ ਇੰਡੀਗੋ ਬਣਿਆ। ਅੰਗਰੇਜ਼ਾਂ ਤੋਂ ਪਹਿਲਾਂ ਪੁਰਤਗਾਲੀ ਕਲਕੱਤੇ ਵਿੱਚ ਕੋਠੀਆਂ ਬਣਾ ਚੁੱਕੇ ਸਨ। ਡੱਚ ਭਾਸ਼ਾ ਤੋਂ ਹੀ ਪੁਰਤਗਾਲੀ ਵਿੱਚ ਇਹ ਇੰਡੀਗੋ ਸ਼ਬਦ ਗਿਆ ਤੇ ਫਿਰ ਅੰਗਰੇਜ਼ੀ ਵਿੱਚ ਸਮਾਅ ਗਿਆ। ਸੰਸਕ੍ਰਿਤ ਨੀਲ ਹੀ ਉਰਦੂ-ਫਾਰਸੀ ਵਿੱਚ ਵੀ ਪ੍ਰਚਲਤ ਹੈ। ਵਿਓਤਪਤੀ ਕੋਸ਼ ਅਨੁਸਾਰ ਨੀਲ ਇੱਕ ਤਰ੍ਹਾਂ ਦਾ ਨੀਲਾ ਰੰਗ, ਜੋ ਇੱਕ ਪੌਦੇ ਤੋਂ ਪ੍ਰਾਪਤ ਹੁੰਦਾ ਹੈ; ਸੱਟ ਨਾਲ ਸਰੀਰ 'ਤੇ ਪਿਆ ਦਾਗ, ਅਨੀਲ; ਨਿਲੰਬਰੀ; ਲਿਲਾਰੀ, ਨੀਲੋਫਰ-ਨੀਲ ਕਮਲ, ਨੀਲੋਫਰੀ-ਨੀਲੇ ਰੰਗ ਦਾ, ਪੰਜਾਬੀ ਕੋਸ਼ ਅਨੁਸਾਰ-ਨੀਲ; ਮਿਸਰ ਦਾ ਇੱਕ ਪ੍ਰਸਿੱਧ ਦਰਿਆ, ਰਾਮਚੰਦਰ ਜੀ ਦੀ ਸੈਨਾ ਦਾ ਇੱਕ ਬੰਦਰ; ਪੁਰਾਣਾਂ ਅਨੁਸਾਰ ਇਲਾਵ੍ਰਿਤ ਖੰਡ ਦਾ ਇੱਕ ਪਹਾੜ, ਜੋ ਰਮਯਕ ਵਰਸ ਦੀ ਹੱਦ ਉਪਰ ਹੈ; ਨੌਂ ਨਿਧੀਆਂ ਵਿੱਚੋਂ ਇੱਕ, ਨੀਲੇ ਰੰਗ ਦਾ ਇੱਕ ਰਤਨ ਭਾਵ ਨੀਲਮ, ਹਜ਼ਾਰ ਅਰਬ ਸੰਖਿਆ, ਵਿਸ਼, ਜ਼ਹਿਰ, ਵੱਟ, ਬਰੋਟਾ ਆਦਿ। ਇਸ ਦੇ ਕੁਨਬੇ ਦੇ ਕਈ ਹੋਰ ਸ਼ਬਦ ਮਿਲਦੇ ਹਨ-ਨੀਲਸਬੰਦ-ਨੀਲਘਿਰੀਆ ਨਾਂ ਦਾ ਪੌਦਾ, ਨੀਲਹਾਰਾ-ਲਿਲਾਰੀ, ਨੀਲਕਮਲ, ਨੀਲ ਕੰਵਲ, ਨੀਲ ਕੀਲ-ਨੀਲਕੰਠ ਨਾਂ ਦਾ ਪੰਛੀ (ਨੀਲਕੰਠ ਭਾਰਤੀ ਸੰਦਰਭ ਵਿੱਚ ਇੱਕ ਪੰਛੀ ਨਹੀਂ ਹੈ, ਇਹ ਇੱਕ ਭਾਵਨਾ ਹੈ, ਵਿਸ਼ਵਾਸ ਦਾ ਪ੍ਰਤੀਕ ਹੈ। ਖੁੱਲ੍ਹੇ ਅਸਮਾਨ ਦੇ ਹੇਠਾਂ ਉਡਾਣ ਭਰਦੇ ਹੋਏ ਇਸਦੀ ਸੁੰਦਰਤਾ ਅਤੇ ਅਜ਼ੂਰਦਾਰ ਚਮਕ, ਇਸਦੇ ਖੰਭਾਂ ਦੀ ਪੇਸ਼ਕਸ਼ ਇੱਕ ਬਹੁਤ ਹੀ ਰੂਹਾਨੀ ਦ੍ਰਿਸ਼ ਹੈ); ਨੀਲਗਰ-ਰੰਗਰੇਜ, ਨੀਲਗੂੰ-ਨੀਲ ਵਰਗਾ, ਨੀਲੱਤਣ-ਨੀਲੀ ਭਾ, ਨੀਲ ਨੈਣੀ-ਨੀਲੀਆਂ ਜਾਂ ਬਿੱਲੀਆਂ ਅੱਖਾਂ ਵਾਲੀ; ਨੀਲ ਬਸਤਰ-"ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥" (ਰਾਗ ਆਸਾ)

ਨੀਲ ਬਸਨ, ਨੀਲੰਬਰ-ਨੀਲੇ ਕੱਪੜਿਆਂ ਵਾਲਾ, ਨੀਲ ਬੜੀ-ਫੋੜਿਆਂ ਲਈ ਵਰਤੀ ਜਾਣ ਵਾਲੀ ਨੀਲ ਤੋਂ ਬਣੀ ਦਵਾਈ, ਨੀਲ ਵਲਾਇਤੀ, ਨੀਲਕ-ਇੱਕ ਪ੍ਰਕਾਰ ਦਾ ਨੀਲੇ ਰੰਗ ਦਾ ਚੋਗਾ, ਨੀਲ ਕੰਠ-ਸ਼ਿਵ ਜੀ ਦਾ ਇੱਕ ਨਾਂ; ਨੀਲਕੰਠੀ-ਇੱਕ ਬੂਟੀ ਜੋ ਦਵਾਈਆਂ ਬਣਾਉਣ ਦੇ ਕੰਮ ਆਉਂਦੀ ਹੈ; ਨੀਲਕੰਠ-ਇੱਕ ਪੌਦਾ ਜੋ ਹਿਮਾਲਿਆ ਦੀਆਂ ਢਲਾਨਾਂ 'ਤੇ ਹੁੰਦਾ, ਜਿਸਨੂੰ ਨੀਲੇ ਫੁੱਲ ਲੱਗਦੇ ਹਨ ਤੇ ਇਸ ਦੀਆਂ ਜੜ੍ਹਾਂ ਤੋਂ ਦਵਾਈਆਂ ਬਣਦੀਆਂ ਹਨ; ਨੀਲ ਕੰਤੋਈ-ਗਿੱਦੜ ਤਮਾਕੂ; ਨੀਲ ਕਨਤੇ-ਇੱਕ ਪੌਦਾ ਜਿਸਦੀ ਲੱਕੜ ਬਾਲਣ ਦੇ ਕੰਮ ਆਉਂਦੀ ਹੈ, ਨੀਲ ਕਰਾਈ-ਇੱਕ ਬੂਟੀ ਜੋ ਦਵਾਈ ਬਣਾਉਣ ਦੇ ਕੰਮ ਆਉਂਦੀ ਹੈ, ਨੀਲਗਿਰੀ-ਦੱਖਣ ਦੇ ਪਹਾੜ ਦਾ ਨਾਂ, ਨੀਲ ਗਾਂ-ਗਾਂ ਵਰਗਾ ਇੱਕ ਜੰਗਲੀ ਪਸ਼ੂ, ਨੀਲਪੰਖੀ-ਇੱਕ ਜੰਗਲੀ ਝਾੜ ਜਾਂ ਪੁਟ ਕੰਡਾ, ਨੀਲ ਬੁਲਾਈ-ਦਰਿਆ ਕੰਢੇ ਰਹਿਣ ਵਾਲਾ ਇੱਕ ਪੰਛੀ, ਨੀਲਮ ਪਰੀ-ਇੰਦਰ ਸਭਾ ਦੀ ਇੱਕ ਪਰੀ, ਨੀਲਵਰੀ-ਇੱਕ ਪ੍ਰਕਾਰ ਦਾ ਨੀਲ, ਨੀਲੜਾ, ਨੀਲੜੀ-ਮਿਰਜ਼ੇ ਦੀ ਘੋੜੀ ਦਾ ਨਾਂ-"ਉਪਰ ਨੀਲੜੀ ਸੁੱਟ ਕੇ ਜੀਨ ਕਾਠੀ ਆਵੀਂ ਕਰ ਅਸਵਾਰੀਆਂ।"

ਨੀਲਾ-ਹਰਾ ਚਾਰਾ, ਨੀਰਾ, ਕਾਲਾ ਹਰਨ; ਨੀਲਾ ਸਰਵ-ਬਹੁਤ ਨੀਲਾ, ਨੀਲਾਹਟ-ਨਿਲੱਤਣ, ਨੀਲਾਘੀਰੀਆ- ਇੱਕ ਠੰਡਾ ਪੌਦਾ ਜੋ ਦਵਾਈ ਬਣਾਉਣ ਦੇ ਕੰਮ ਆਉਂਦਾ ਹੈ; ਨੀਲਾ ਡੋਰਾ, ਨੀਲਾ ਥਾਰੀ-ਇੱਕ ਪੌਦਾ ਜੋ ਖਾਸ ਤਰ੍ਹਾਂ ਦੀ ਹਵਾੜ ਛੱਡਦਾ ਹੈ, ਬੱਕਰੀਆਂ ਇਹਨੂੰ ਖਾਂਦੀਆਂ ਹਨ। ਨੀਲਾ ਥੋਥਾ-ਇੱਕ ਤਰ੍ਹਾਂ ਦੀ ਜ਼ਹਿਰ, ਨੀਲਾ ਧਾਗਾ, ਨੀਲਾ ਲਾਜਵਰਦ, ਨੀਲੋ ਨੀਲ, ਨੀਲੀ ਛੱਤਰੀ, ਨੀਲੀ ਬਾਰ। ਇਸ ਨਾਲ ਜੁੜੇ ਕਈ ਮੁਹਾਵਰੇ ਵੀ ਮਿਲਦੇ ਹਨ-ਨੀਲਾ ਕਰ ਦੇਣਾ, ਨੀਲਾ ਕਾਲਾ ਹੋਣਾ, ਨੀਲਾ ਪੀਲਾ ਹੋਣਾ, ਨੀਲੀਆਂ ਪੀਲੀਆਂ ਅੱਖਾਂ ਵਿਖਾਉਣਾ। ਨੀਲਾਮ, ਨੀਲਾਮੀ, ਨੀਲਾਮਿਖਾਸ, ਨੀਲਾਰਨੀ, ਨੀਲਾਰਨ ਆਦਿ।

ਫਾਰਸੀ ਕੋਸ਼ਾਂ ਵਿੱਚ ਵੀ ਨੀਲ ਨਾਲ ਜੁੜੇ ਕਈ ਸ਼ਬਦ ਮਿਲਦੇ ਹਨ-ਨੀਲਪਰ, ਨੀਲ-ਏ-ਚਸ਼ਮ-ਏ-ਬਦ ਭਾਵ ਬੱਚਿਆਂ ਨੂੰ ਭੈੜੀ ਨਜ਼ਰ ਤੋਂ ਬਚਾਉਣ ਲਈ ਕਾਲਾ ਟਿੱਕਾ ਲਾਉਣਾ, ਨੀਲ-ਏ-ਖਮ ਏ-ਅਸਮਾਨ: ਅਸਮਾਨੀ ਨਹਖਸਤ; ਨੀਲ ਦਾਗ਼: ਨੀਲਾ ਦਾਗ਼ ਜੋ ਦਾਗਣ ਕਰਕੇ ਰਹਿੰਦਾ ਹੈ; ਨੀਲ ਰਾਮ-ਮੀਂਹ, ਬਰਫ, ਗੜ੍ਹਿਆਂ ਦਾ ਫਰਿਸ਼ਤਾ, ਨੀਲ ਕਸ਼ੀਦਨ-ਤੱਤੇਲੇ ਕਢਵਾਉਣਾ, ਸਰੀਰ ਨੂੰ ਦਾਗਣਾ, ਨੀਲੋਬਰਗ, ਨੀਲੋਫਲ-ਕੌਲ ਫੁੱਲ, ਨੀਲੀ ਪਰਦਾਹ, ਨੀਲੀ ਹਿਸਾਰ, ਨੀਲੀ ਹੁੱਕਾ, ਨੀਲੀ ਦਵਾਇਰ ਆਦਿ। ਅਜਿਹੇ ਸ਼ਬਦ ਅਰਬੀ ਫਾਰਸੀ ਕੋਸ਼ਾਂ ਵਿੱਚ ਮਿਲਦੇ ਹਨ।

ਨਵੇਂ ਮਹਾਨ ਕੋਸ਼ ਅਨੁਸਾਰ: ਨੀਲਕਮ-ਨੀਲਾ ਥੋਥਾ, ਨੀਲਗ੍ਰੀਵ-ਨੀਲ ਕੰਠ, ਨੀਲਪੰਕ-ਹਨੇਰਾ, ਅੰਧਕਾਰ, ਨੀਲਭ-ਚੰਦਰਮਾ, ਬੱਦਲ, ਮੇਘ, ਝੜ, ਭੌਰਾ, ਭੰਵਰਾ, ਨੀਲਮੀਲਿਕਾ-ਜੁਗਨੂੰ, ਨੀਲਾਂਜਨਾ-ਬਿਜਲੀ, ਦਾਮਨੀ, ਨੀਲਾ ਨਿਸ਼ਾਨ ਸਾਹਿਬ, ਨੀਲਾਂਬੁਜ-ਨੀਲਕਮਲ, ਨੀਲਿਕਾ-ਅੱਖਾਂ ਤੇ ਪੇਟ ਦਾ ਇੱਕ ਰੋਗ, ਨੀਲਿਮਾ-ਨੀਲਾਪਣ, ਸਾਂਵਲਾਪਣ, ਨੀਲੋਤਪਲ-ਨੀਲੇ ਰੰਗ ਦਾ ਉਤਪਲ ਆਦਿ। ਇਸ ਤਰ੍ਹਾਂ ਨੀਲ ਦਾ ਵਿਸਥਾਰ ਦੇਖ ਕੇ ਯਕੀਨ ਨਹੀਂ ਆਉਂਦਾ ਕਿ ਇੱਕ ਪੌਦੇ ਤੋਂ ਸਾਡੀਆਂ ਭਾਸ਼ਾਵਾਂ ਨੇ ਨੀਲਾ ਰੰਗ ਲੈ ਕੇ ਉਹਨੂੰ ਇੰਨੀਆਂ ਦਿਸ਼ਾਵਾਂ ਤੇ ਅਰਥ ਪ੍ਰਦਾਨ ਕਰ ਦਿੱਤੇ ਹਨ ਕਿ ਨੀਲ ਤੇ ਨੀਲਾ ਰੰਗ ਰੰਗਾਂ ਦੇ ਸਰਦਾਰ ਬਣ ਗਏ ਹਨ।



**ਭਾਰਤੀ ਰੋਲਰ, ਜਿਸਨੂੰ ਆਮ ਤੌਰ 'ਤੇ ਨੀਲਕੰਠ ਕਿਹਾ ਜਾਂਦਾ ਹੈ, ਭਾਰਤੀ ਸੰਦਰਭ ਵਿੱਚ ਇੱਕ ਪੰਛੀ ਨਹੀਂ ਹੈ, ਇਹ ਇੱਕ ਭਾਵਨਾ ਹੈ, ਵਿਸ਼ਵਾਸ ਦਾ ਪ੍ਰਤੀਕ ਹੈ। ਖੁੱਲ੍ਹੇ ਅਸਮਾਨ ਦੇ ਹੇਠਾਂ ਉਡਾਣ ਭਰਦੇ ਹੋਏ ਇਸਦੀ ਸੁੰਦਰਤਾ ਅਤੇ ਅਜ਼ੂਰਦਾਰ ਚਮਕ, ਇਸਦੇ ਖੰਭਾਂ ਦੀ ਪੇਸ਼ਕਸ਼ ਇੱਕ ਬਹੁਤ ਹੀ ਰੂਹਾਨੀ ਦ੍ਰਿਸ਼ ਹੈ।**



**ਸਿੰਧ (ਇੰਡਸ ਰਿਵਰ) ਏਸ਼ੀਆ ਦਾ ਇੱਕ ਸਰਹੱਦਾਂ ਪਾਰ ਕਰਦਾ ਅਤੇ ਦੱਖਣੀ ਤੇ ਮੱਧ ਏਸ਼ੀਆ ਦਾ ਇੱਕ ਪਾਰ-ਹਿਮਾਲਿਅਨ ਦਰਿਆ ਹੈ-ਕਰੀਬ 3,120 ਕਿਲੋਮੀਟਰ (1,940 ਮੀਲ)। ਇਹ ਦਰਿਆ ਪੱਛਮੀ ਤਿੱਬਤ ਵਿੱਚ ਕੈਲਾਸ਼ ਪਰਬਤ ਦੇ ਉੱਤਰ-ਪੂਰਬ ਵਿੱਚ ਪਹਾੜੀ ਚਸ਼ਮੇ ਵਿੱਚ ਉੱਠਦਾ ਹੈ, ਕਸ਼ਮੀਰ ਦੇ ਵਿਵਾਦਿਤ ਖੇਤਰ ਵਿੱਚੋਂ ਉੱਤਰ ਪੱਛਮ ਵੱਲ ਵਹਿੰਦਾ ਹੈ ਅਤੇ ਨੰਗਾ ਪਰਬਤ ਦੇ ਪੁੰਜ ਤੋਂ ਬਾਅਦ ਖੱਬੇ ਪਾਸੇ ਤੇਜ਼ੀ ਨਾਲ ਵਗਦਾ ਹੈ।**

# ਪ੍ਰੀਖਿਆ-ਕੇਂਦਰ, ਭੂਤ-ਬੰਗਲਾ ਅਤੇ ਮੈਰਿਟ ਲਿਸਟ

**ਜ਼ਮਾਨਾ ਆਪਣੀ ਪੈੜ-ਚਾਲ ਬਦਲਦਾ ਰਹਿੰਦਾ ਹੈ ਅਤੇ ਅਸੀਂ ਬੀਤੇ ਦੀਆਂ ਚੰਗੀਆਂ ਗੱਲਾਂ ਨੂੰ ਯਾਦ ਕਰ ਕੇ ਖੁਸ਼ ਹੁੰਦੇ ਰਹਿੰਦੇ ਹਾਂ ਤੇ ਮਾੜੀਆਂ ਜਾਂ ਦੁੱਖ ਦੇਣ ਵਾਲੀਆਂ ਗੱਲਾਂ ਸਾਨੂੰ ਕ੍ਰਿਝਾਉਂਦੀਆਂ ਰਹਿੰਦੀਆਂ ਹਨ। ਇਸ ਲੇਖ ਵਿੱਚ ਬਜੁਰਗ ਲੇਖਕ ਡਾ. ਆਸਾ ਸਿੰਘ ਘੁੰਮਣ ਨੇ ਆਪਣੇ ਸਕੂਲ ਸਮੇਂ ਦੀਆਂ ਕੁਝ ਖੱਟੀਆਂ-ਮਿੱਠੀਆਂ ਯਾਦਾਂ ਫਰੋਲੀਆਂ ਹਨ; ਯਕੀਨਨ ਅਜਿਹੀਆਂ ਮਿਲਦੀਆਂ-ਜੁਲਦੀਆਂ ਯਾਦਾਂ ਸਭ ਦੀਆਂ ਹੀ ਹੁੰਦੀਆਂ ਹਨ, ਜੋ ਸਕੂਨ ਵੀ ਦਿੰਦੀਆਂ ਹਨ।**

**ਯਾਦ ਪਟਾਰੀ**

**ਡਾ. ਆਸਾ ਸਿੰਘ ਘੁੰਮਣ**
ਨਡਾਲਾ (ਕਪੂਰਥਲਾ)
ਫੋਨ: +91-9779853245



ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਸਕੂਲੀ ਬੱਚਿਆਂ ਦੀ ਪੜ੍ਹਾਈ ਵਿੱਚ ਜਾਂ ਉਨ੍ਹਾਂ ਦੀਆਂ ਪ੍ਰੀਖਿਆਵਾਂ ਵਿੱਚ ਪੇਂਡੂ-ਮਾਪਿਆਂ ਦਾ ਕੋਈ ਖਾਸ ਵਾਹ-ਵਾਸਤਾ ਨਹੀਂ ਸੀ ਹੁੰਦਾ। ਬੱਚੇ ਨੂੰ ਪੜ੍ਹਾਉਣ ਦਾ ਫੈਸਲਾ ਕਰ ਲੈਣਾ ਹੀ ਆਪਣੇ-ਆਪ ਵਿੱਚ ਵੱਡੀ ਗੱਲ ਸੀ। ਸਰਕਾਰਾਂ ਉਦੋਂ ਵੀ ਮੁਫਤ ਵਿਦਿਆ ਪ੍ਰਦਾਨ ਕਰਨ ਦੀਆਂ ਪਾਬੰਦ ਸਨ ਭਾਵੇਂ ਕਿ ਵਰਦੀਆਂ, ਮਿਡ-ਡੇਅ ਮੀਲ਼, ਸਾਈਕਲ, ਕਿਤਾਬਾਂ ਵਗੈਰਾ ਉਨ੍ਹਾਂ ਜ਼ਮਾਨਿਆਂ ਵਿੱਚ ਮੁਫਤ ਨਹੀਂ ਸਨ ਮਿਲਦੀਆਂ, ਪਰ ਫਿਰ ਵੀ ਘਰਦਿਆਂ ਲਈ ਏਨੀ ਸਹੂਲਤ ਹੀ ਬਹੁਤ ਵੱਡੀ ਸੀ ਕਿ ਪ੍ਰਾਇਮਰੀ ਤੱਕ ਕੋਈ ਫੀਸ ਨਹੀਂ ਸੀ ਦੇਣੀ ਪੈਂਦੀ। ਹਾਂ, ਪਾਊਡਰ-ਦੁੱਧ ਜ਼ਰੂਰ ਮਿਲਣ ਲੱਗ ਪਿਆ ਸੀ। ਚੰਗੇ ਮਾਸਟਰ ਅਕਸਰ ਗਿਲਾ ਕਰਦੇ ਸਨ ਕਿ ਪੇਂਡੂ ਮਾਪੇ ਬੱਚਿਆਂ ਦਾ ਓਨਾ ਖਿਆਲ ਨਹੀਂ ਸਨ ਕਰਦੇ, ਜਿੰਨਾ ਉਹ ਆਪਣੇ ਪਸ਼ੂਆਂ ਦਾ ਕਰਦੇ ਸਨ। ਫਿਰ ਵੀ ਪੰਜਵੀਂ, ਅੱਠਵੀਂ ਅਤੇ ਦਸਵੀਂ ਵਿੱਚ ਜਦੋਂ ਬੱਚੇ ਬੋਰਡ ਦੀ ਦਾਖਲਾ ਫੀਸ ਮੰਗਦੇ ਤਾਂ ਘਰਦਿਆਂ ਨੂੰ ਵੀ ਥੋੜ੍ਹਾ ਫਿਕਰ ਹੋਣ ਲੱਗਦਾ ਕਿ ਹੁਣ ਇਨ੍ਹਾਂ ਦਾ ਇਮਤਿਆਨ ਆਪਣੇ ਸਕੂਲੇ ਨਹੀਂ ਹੋਣਾ, ਇਨ੍ਹਾਂ ਦਾ ਸੈਂਟਰ ਕਿਤੇ ਬਾਹਰ ਬਣੇਗਾ। ਜ਼ਮਾਨੇ ਚੰਗੇ ਸਨ, ਵਿਦਿਅਕ ਮਿਆਰ ਉੱਚੇ ਸਨ। ਅਧਿਆਪਕ ਬੜੇ ਸੁਹਿਰਦ ਅਤੇ ਸਮਰਪਿਤ ਸਨ।

ਜਦੋਂ ਅਸੀਂ ਪ੍ਰਾਇਮਰੀ ਵਿੱਚ ਪੜ੍ਹ ਰਹੇ ਸਾਂ ਤਾਂ ਭਾਵੇਂ ਸਾਰੇ ਹੀ ਅਧਿਆਪਕ ਬਹੁਤ ਮਿਹਨਤ ਨਾਲ ਪੜ੍ਹਾ ਰਹੇ ਸਨ, ਪਰ ਜਦ ਪਤਾ ਲੱਗਾ ਕਿ ਸਾਡਾ ਪੰਜਵੀਂ ਦਾ ਸੈਂਟਰ ਬਦਲ ਕੇ ਕਿਸੇ ਹੋਰ ਸਕੂਲ ਵਿੱਚ ਚਲਾ ਗਿਆ ਹੈ, ਜਿਥੇ ਦਾ ਹੈੱਡ-ਮਾਸਟਰ ਬੜਾ ਸਖਤ ਸੀ ਤਾਂ ਸਾਡੇ ਮਾਸਟਰ ਗੁਰਦੀਪ ਸਿੰਘ ਜੀ ਨੂੰ ਬੜਾ ਫਿਕਰ ਪਿਆ। ਉਹ ਹੈ ਤਾਂ ਸਰਹਾਲੀ ਤੋਂ ਸਨ, ਪਰ ਰਹਿੰਦੇ ਲੋਕਲ ਹੀ ਸਨ। ਉਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਕਿਹਾ ਕਿ ਉਹ ਘਰਦਿਆਂ ਦੀ ਆਗਿਆ ਲੈ ਲੈਣ ਅਤੇ ਉਨ੍ਹਾਂ ਕੋਲ ਮੁਫਤ ਓਵਰ-ਟਾਈਮ ਲਾਉਣ ਲਈ ਰਾਤ ਉਨ੍ਹਾਂ ਦੇ ਘਰ ਹੀ ਠਹਿਰਿਆ ਕਰਨ। ਕੁੜੀਆਂ ਨੂੰ ਉਹ ਦਿਨੇ ਦਿਨੇ ਪੜ੍ਹਾ ਦਿੰਦੇ। ਲੋਕਲ ਬੱਚੇ ਰਾਤ ਕੁਝ ਸਮਾਂ ਪੜ੍ਹ ਕੇ ਆਪਣੇ ਆਪਣੇ ਘਰੀਂ ਚਲੇ ਜਾਂਦੇ, ਪਰ ਅਸੀਂ ਪੰਜ-ਚਾਰ ਜਣੇ ਰਾਤ ਵੀ ਉਨ੍ਹਾਂ ਕੋਲ ਹੀ ਠਹਿਰਦੇ। ਸਵੇਰ ਵੇਲੇ ਭੈਣ ਜੀ (ਉਨ੍ਹਾਂ ਦੇ ਪਤਨੀ) ਸਾਨੂੰ ਚਾਹ ਦਾ ਕੱਪ ਪਿਆ ਕੇ ਪਿੰਡ ਨੂੰ ਦੁੜਾ ਦਿੰਦੇ ਕਿ ਛੇਤੀ-ਛੇਤੀ ਤਿਆਰ ਹੋ ਕੇ ਮੁੜ ਸਕੂ਼ਲ ਪਹੁੰਚ ਜਾਓ। ਇਮਤਿਹਾਨਾਂ ਵਿੱਚ ਅਸੀਂ ਸਾਰੇ ਮਾਸਟਰ ਜੀ ਦੇ ਨਾਲ ਚਾਰ-ਪੰਜ ਮੀਲ ਤੁਰ ਕੇ ਬਣੇ ਪ੍ਰੀਖਿਆ ਕੇਂਦਰ ਵਿੱਚ ਰੋਜ਼ ਪੇਪਰ ਦੇਣ ਜਾਂਦੇ।

ਮੈਟਰਿਕ ਤੱਕ ਪਹੁੰਚਦਿਆਂ ਨੂੰ ਅਧਿਆਪਕ ਸਾਨੂੰ 'ਵੱਡੇ ਹੋ ਗਏ' ਸਮਝਣ ਲੱਗੇ ਸਨ। ਦਸਵੀਂ ਦਾ ਪ੍ਰੀਖਿਆ-ਕੇਂਦਰ ਸਾਡੇ ਸਕੂਲ ਤੋਂ ਕੋਈ ਦੱਸ ਕੁ ਕਿਲੋਮੀਟਰ ਦੂਰ ਸੀ, ਜਿੱਥੇ ਕੋਈ ਬੱਸ ਸਰਵਿਸ ਨਹੀਂ ਸੀ। ਇਹ ਸੈਂਟਰ ਸਕੂਲੋਂ ਤਾਂ ਦੂਰ ਹੈ ਹੀ ਸੀ, ਸਾਡੇ ਪਿੰਡੋਂ ਹੋਰ ਵੀ ਦੂਰ ਪੈਂਦਾ ਸੀ। ਅਸੀਂ ਇਮਤਿਹਾਨਾਂ ਦੇ ਦਿਨਾਂ ਵਿੱਚ ਕਿੱਥੇ ਰਹਿਣਾ ਸੀ, ਕਿਵੇਂ ਰਹਿਣਾ ਸੀ? ਨਾ ਘਰਦਿਆਂ ਨੂੰ ਫਿਕਰ ਸੀ, ਨਾ ਸਾਡੇ ਅਧਿਆਪਕਾਂ ਨੂੰ। ਫਿਕਰ ਤਾਂ ਸਾਨੂੰ ਹੀ ਕਰਨਾ ਪੈਣਾ ਸੀ! ਮੈਨੂੰ ਯਾਦ ਆਉਂਦੈ, ਇੱਕ ਕਾਨੂੰਨਗੋ ਦਾ ਮੁੰਡਾ ਹੀ ਸੀ, ਜਿਸਦੀ ਮਾਂ ਨੇ ਉਸਦੇ ਰੋਟੀ ਪਕਾਉਣ ਲਈ ਇੱਕ ਉਚੇਚੇ ਨੌਕਰ ਦਾ ਪ੍ਰਬੰਧ ਕੀਤਾ ਸੀ।

ਖੈ਼ਰ! ਅਸੀਂ ਏਧਰੋਂ-ਓਧਰੋਂ ਵਾਕਫੀਅਤਾਂ ਕੱਢਦੇ-ਕਢਾਉਂਦੇ, ਰਿਸ਼ਤੇਦਾਰੀਆਂ ਟਟੋਲਦੇ, ਇਮਤਿਹਾਨ ਤੋਂ ਕੁਝ ਦਿਨ ਪਹਿਲਾਂ ਸਾਈਕਲ ਚੁੱਕੇ ਤੇ ਮਕਾਨ ਕਿਰਾਏ 'ਤੇ ਲੱਭਣ ਲਈ ਤੁਰ ਪਏ। ਇੱਕ ਵਾਕਫਕਾਰ ਨੂੰ ਜਾ ਮਿਲੇ, ਜਿਸ ਦੱਸਿਆ ਕਿ ਇੱਕ ਮਕਾਨ ਤਾਂ ਹੈ, ਜਿਸ ਵਿੱਚ ਦੋ-ਤਿੰਨ ਕਮਰੇ, ਰਸੋਈ ਵਗੈਰਾ ਮਿਲ ਜਾਵੇਗੀ, ਪਰ ਮਕਾਨ ਕਾਫੀ ਸਮੇਂ ਤੋਂ ਬੰਦ ਹੈ ਅਤੇ ਪੁਰਾਣੇ ਸਮੇਂ ਤੋਂ ਬੰਦ ਪਏ ਹੋਣ ਕਰਕੇ ਉਸ ਨਾਲ ਐਵੇਂ ਕੈਵੇਂ ਦੇ ਫਜ਼ੂਲ ਵਹਿਮ-ਭਰਮ ਵੀ ਜੁੜੇ ਹੋਏ ਹਨ। ਅਸੀਂ ਚੜ੍ਹਦੀ ਜਵਾਨੀ ਵਿੱਚ ਸਾਂ, ਜਿਸ ਉਮਰ ਵਿੱਚ ਆਪਣੇ ਬਾਰੇ ਵੀ ਬੜੇ ਭਰਮ-ਭੁਲੇਖੇ ਹੁੰਦੇ ਹਨ ਅਤੇ ਦੂਜਿਆਂ ਬਾਰੇ ਵੀ। ਅਸੀਂ ਘਰੋਂ ਬਾਹਰ ਪਿਤਾਮੀ-ਬੰਦਿਸ਼ ਤੋਂ ਦੂਰ ਰਹਿਣ ਦੇ ਹੁਲਾਸ ਵਿੱਚ, ਨਵੇਂ ਤਜਰਬੇ ਲੈਣ ਦੇ ਕਿਆਸ ਵਿੱਚ ਅਤੇ ਅਣਦੇਖੇ-ਅਣਭਾਲੇ ਦੇ ਰਹੱਸ ਜਾਣਨ ਦੇ ਉਤਸ਼ਾਹ ਵਿੱਚ ਸਾਂ। ਅਸੀ ਵਹਿਮਾਂ-ਭਰਮਾਂ ਨੂੰ ਕੀ ਸਮਝਦੇ ਸਾਂ? ਅਸੀਂ ਬਹੁਤ ਦੇਰ ਤੋਂ ਬੰਦ ਪਈ ਇਸ ਕਿਲ੍ਹਾਨੁਮਾ ਵੱਡੀ ਸਾਰੀ ਇਮਾਰਤ ਦੀ ਦੂਸਰੀ ਮੰਜ਼ਲ 'ਤੇ ਦੋ ਕਮਰੇ ਲੈ ਲਏ। ਉੱਪਰ ਜਾਂਦੀਆਂ ਹਨੇਰੀਆਂ ਜਿਹੀਆਂ ਪੌੜੀਆਂ ਵਿੱਚ ਅਸੀਂ ਬੱਲਬ ਲੁਆ ਲਏ, ਪਰ ਜਦ ਬਿਜਲੀ ਨਾ ਹੁੰਦੀ ਤਾਂ ਸੱਚੀਂ ਮੁੱਚੀਂ ਸਹਿਮ ਜਿਹਾ ਲੱਗਣ ਲੱਗਦਾ। ਪੌੜੀਆਂ ਉੱਪਰ ਜਾ ਕੇ ਇੱਕ ਵੱਡੇ-ਲੰਬੇ ਬਰਾਂਡੇ ਵਿੱਚ ਖੁੱਲ੍ਹਦੀਆਂ ਜਿੱਥੇ ਬਰਾਂਡੇ ਵਿੱਚ ਖੁੱਲ੍ਹਦੇ ਦੋ ਕਮਰਿਆਂ ਵਿੱਚ ਅਸੀਂ ਤਿੰਨ-ਤਿੰਨ ਮੁੰਡਿਆਂ ਨੇ ਜਾ ਡੇਰੇ ਲਾਏ। ਸਾਹਮਣੀ ਦੀਵਾਰ 'ਤੇ "ਤੂੰ ਮੇਰਾ ਰਾਖਾ ਸਭਨੀਂ ਥਾਈਂ" ਕਹਿ ਕੇ ਅਸੀਂ ਗੁਰੂ ਨਾਨਕ ਦੇਵ ਜੀ ਦਾ ਅਸ਼ੀਰਵਾਦੀ-ਪੰਜੇ ਵਾਲਾ ਕਲੈਂਡਰ ਲਟਕਾ ਦਿੱਤਾ। ਇੱਕ ਭੂੰਡ ਜਿਹੇ ਟੈਂਪੂ 'ਤੇ ਪਿੰਡੋਂ ਕੱਪੜਾ-ਟਾਕੀ, ਬਿਸਤਰਾ-ਬੁਸਤਰਾ, ਭਾਂਡਾ-ਟੀਂਡਾ, ਇੱਕ ਪੀਪੇ ਵਿੱਚ ਆਟਾ ਅਤੇ ਮਿੱਟੀ ਦੇ ਤੇਲ ਵਾਲਾ ਸਟੋਵ ਰੱਖ ਕੇ ਅਸੀਂ ਡੇਰਾ-ਡੰਡਾ ਚੁੱਕਿਆ ਤੇ ਨਵੇਂ ਟਿਕਾਣੇ 'ਤੇ ਪਹੁੰਚ ਗਏ।



ਘਰ ਵਾਲੇ ਅਸਚਰਜਤਾ ਵਿੱਚ ਸਾਡੇ ਵੱਲ ਵੇਖੀ ਤਾਂ ਗਏ, ਪਰ ਉਨ੍ਹਾਂ ਕੋਈ ਬਹੁਤਾ ਫਿਕਰ-ਫਾਕਾ ਨਾ ਕੀਤਾ। ਬੱਸ-ਕਾਰ-ਮੋਟਰਸਾਈਕਲ ਨਾ ਹੋਣ ਦੇ ਬਾਵਜੂਦ ਉਨ੍ਹਾਂ ਦਿਨਾਂ ਦਾ ਪੰਜਾਬ 'ਜੁੜਤਾ ਪੰਜਾਬ' ਹੀ ਸੀ। ਕਈ ਦਿਨ ਤੱਕ ਨਵੇਂ ਡੇਰੇ 'ਤੇ ਵੀ "ਇਹ ਹਮਾਰਾ ਜੀਵਣਾ" ਵੇਖਣ ਲਈ ਕੋਈ ਘਰਦਾ ਨਾ ਬਹੁੜਿਆ ਅਤੇ ਨਾ ਹੀ ਸਾਨੂੰ ਉਨ੍ਹਾਂ ਦੇ ਬਹੁੜਨ ਦੀ ਕੋਈ ਉਡੀਕ ਸੀ, ਨਾ ਲੋੜ। ਅਸੀਂ ਆਪਣੀ ਰਸੋਈ ਸੈੱਟ-ਸੁੱਟ ਕੀਤੀ ਅਤੇ ਰੁਟੀਨ ਸ਼ੁਰੂ ਹੋ ਗਿਆ। ਸਵੇਰੇ ਉੱਠਦੇ ਹੀ ਅਸੀਂ ਪਿੰਡੋਂ ਦੂਰ ਜੰਗਲ-ਪਾਣੀ ਲਈ ਨਿਕਲ ਪੈਂਦੇ। ਕਈ ਸਾਡੀਆਂ ਕਲਾਸ ਫੈਲੋ ਵੀ ਓਧਰ ਹੀ ਨਿਕਲਦੀਆਂ, ਹਾਲਾਂਕਿ ਉਨ੍ਹਾਂ ਦਿਨਾਂ ਵਿੱਚ ਇੱਕ ਦੂਸਰੇ ਨਾਲ ਬੋਲਣ-ਚਾਲਣ ਦਾ ਰਿਵਾਜ਼ ਘੱਟ ਹੀ ਸੀ। ਵਾਪਸ ਆ ਕੇ ਅਸੀਂ ਰੋਟੀ-ਪਾਣੀ ਤਿਆਰ ਕਰਦੇ। ਪੇਪਰ ਵਾਲੇ ਦਿਨ ਗੱਤਾ-ਪੈੱਨ ਚੁੱਕਦੇ ਤੇ ਚਾਰ-ਪੰਜ ਸੌ ਗਜ਼ ਦੀ ਵਿੱਥ 'ਤੇ ਸੈਂਟਰ ਵਿਖੇ ਪਹੁੰਚ ਜਾਂਦੇ। ਬੈੱਲ ਹੋਣ ਤੱਕ ਪਾਸੇ ਬੈਠ ਰਿਵੀਜ਼ਨ ਕਰਦੇ ਰਹਿੰਦੇ।

ਪ੍ਰੀਖਿਆ-ਸੈਂਟਰ ਦਾ ਸਟਾਫ, ਖਾਸ ਤੌਰ 'ਤੇ ਸੁਪਰਡੈਂਟ ਬੜਾ ਸਖਤ ਸੀ। ਪਹਿਲੇ ਦਿਨ ਹੀ ਉਸ ਸਵੇਰ ਵੇਲੇ ਸਭ ਵਿਦਿਆਰਥੀਆਂ ਨੂੰ ਸਮੂਹਿਕ ਰੂਪ ਵਿੱਚ ਬੜਾ ਚੇਤਾਵਨੀ-ਭਰਿਆ ਲੈਕਚਰ ਦਿੱਤਾ ਅਤੇ ਸਖਤ ਤਾੜਨਾ ਕੀਤੀ ਕਿ ਖਬਰਦਾਰ ਕਿਸੇ ਨੇ ਅਣਉਚਿੱਤ ਸਾਧਨ ਵਰਤਣ ਦੀ ਜੁਅਰਤ ਕੀਤੀ। "ਮੈਂ ਇਨ੍ਹਾਂ ਮਾਮਲਿਆਂ ਵਿੱਚ ਬੜਾ ਬੁਰਾ ਜੇ" ਉਸ ਆਖਰੀ ਵਾਰਨਿੰਗ ਦਿੱਤੀ। ਮੈਨੂੰ ਕਾਹਦੀ ਚਿੰਤਾ ਸੀ ਉਹਦੇ ਸਖਤ ਹੋਣ ਦੀ! ਮੈਂ ਪੜ੍ਹਨ-ਲਿਖਣ ਵਿੱਚ ਚੰਗਾ ਸਾਂ। ਅੱਠਵੀਂ ਵਿੱਚੋਂ ਫਸਟ ਰਿਹਾ ਸਾਂ। ਇਹ ਗੱਲ ਵੱਖਰੀ ਹੈ ਕਿ ਨਾ ਕਦੀ ਘਰਦਿਆਂ ਹੀ ਖਾਸ ਉਤਸ਼ਾਹਿਤ ਕੀਤਾ ਸੀ ਅਤੇ ਨਾ ਹੀ ਕਦੀ ਅਧਿਆਪਕਾਂ ਨੇ ਕੋਈ ਖਾਸ ਹੱਲਾ-ਸ਼ੇਰੀ ਦਿੱਤੀ ਸੀ। ਬੱਸ, ਆਪੇ ਹੀ ਪੜ੍ਹਨ ਦਾ ਸ਼ੌਕ ਸੀ ਤੇ ਦਿਮਾਗ ਵੀ ਲੋੜ ਜੋਗਾ ਹੈ ਸੀ। ਗਾਈਡਾਂ ਵੀ ਜਲੰਧਰੋਂ ਜਾ ਕੇ ਆਪੇ ਲਿਆਂਦੀਆਂ ਸਨ। ਉਨ੍ਹਾਂ ਦਿਨਾਂ ਵਿੱਚ ਏਦਾਂ ਹੀ ਚੱਲਦਾ ਸੀ।

ਪਹਿਲੇ ਇੱਕ-ਦੋ ਪੇਪਰ ਵੀ ਠੀਕ ਹੋ ਗਏ ਅਤੇ ਮਕਾਨ ਵਿੱਚ ਵੀ ਪੰਜ-ਸੱਤ ਦਿਨ ਠੀਕ ਨਿਕਲ ਗਏ। ਅਸੀਂ ਹਰ ਪੇਪਰ ਦੇਣ ਤੋਂ ਬਾਅਦ ਘਰ ਜਾ ਕੇ ਕੁਝ ਬਣਾਉਂਦੇ, ਖਾਂਦੇ-ਪੀਂਦੇ ਅਤੇ ਅਗਲੇ ਪੇਪਰ ਦੀ ਤਿਆਰੀ ਲਈ ਕਿਤਾਬ ਫੜ ਚੁਬਾਰੇ 'ਤੇ ਜਾ ਚੜ੍ਹਦੇ। ਪੜ੍ਹਦੇ ਵੀ ਅਤੇ ਆਲੇ-ਦੁਆਲੇ ਵੀ ਝਾਕ ਰੱਖਦੇ। ਵੇਖਣ ਵਾਲੀਆਂ ਚੀਜ਼ਾਂ ਬੜੇ ਗਹੁ ਨਾਲ ਵੇਖਦੇ ਤੇ ਫਿਰ ਵੇਖੀ ਹੀ ਜਾਂਦੇ। ਇੱਕ ਦਿਨ ਨਾਲ ਲੱਗਦੇ ਚੁਬਾਰੇ ਦੀ ਮਾਲਕਣ ਮੇਰੇ ਨਾਲ ਗੱਲੀਂ ਪੈ ਗਈ। ਥੋੜ੍ਹੀ ਚਿੰਤਤ ਜਿਹੀ। ਜੁਆਨ ਧੀਆਂ ਦੀਆਂ ਮਾਂਵਾਂ ਦੇ ਚਿਹਰਿਆਂ 'ਤੇ ਚਿੰਤਾ ਦੇ ਪਰਛਾਵੇਂ ਅਕਸਰ ਨਜ਼ਰ ਆ ਜਾਂਦੇ ਹਨ। ਸਹਿਜੇ ਜਿਹੇ ਕਹਿਣ ਲੱਗੀ, "ਚੱਲ ਚੰਗਾ ਪੁੱਤ, ਲਾਗੇ ਰੌਣਕ ਹੋ ਗਈ ਏ ਤੁਹਾਡੇ ਆਉਣ ਨਾਲ। ਏਥੇ ਤਾਂ ਕਈ ਸਾਲਾਂ ਤੋਂ ਸੁੰਨ ਪਸਰੀ ਪਈ ਸੀ, ਪਤਾ ਨਹੀਂ ਮਾਲਕ ਨਾਲ ਕੀ ਅਣਹੋਣੀ ਹੋ ਗਈ ਸੀ, ਨਾ ਕਦੀ ਆਪ ਬਹੁੜਿਐ, ਨਾ ਕੋਈ ਇਹ ਮਕਾਨ ਕਿਰਾਏ 'ਤੇ ਹੀ ਲੈਂਦੈ। ਤੁਸੀਂ ਪੁੱਤਰ ਰਾਤ ਬੱਤੀ ਜਗਾ ਕੇ ਸਵਿਆਂ ਕਰੋ...।"

ਮੈਂ ਥੋੜ੍ਹਾ ਖਿੱਝ ਕੇ ਪਿਆ, "ਓਹ ਕਿਉਂ?" ..."ਚਲੋ ਪੁੱਤਰ, ਕੋਈ ਨਾ, ਚੰਗਾ ਚੰਗਾ ਪੜ੍ਹੋ।" ਬੜੀ ਚਲਾਕੀ ਨਾਲ ਉਹ ਪਰ੍ਹਾਂ ਨੂੰ ਹੋ ਤੁਰੀ। ਨਾਲੇ ਉੱਚੀ ਉੱਚੀ, ਮੈਨੂੰ ਸੁਣਾ ਕੇ ਅਰਦਾਸਾਂ ਕਰੀ ਜਾ ਰਹੀ ਸੀ, "ਰੱਬਾ! ਜਿਉਂਦੇ ਵੱਸਦੇ ਰਹਿਣ ਮਾਂਵਾਂ ਦੇ ਪੁੱਤਰ, ਤੱਤੀ ਵਾ ਨਾਂ ਲੱਗੇ...।" ਵਾਹਿਗੁਰੂ, ਵਾਹਿਗੁਰੂ ਕਰਦੀ ਉਹ ਥੱਲੇ ਨੂੰ ਉੱਤਰ ਗਈ। ਥੱਲੇ ਕਮਰੇ ਦੀ ਬਾਰੀ ਥਾਣੀਂ ਉਸਦੀ ਭਰ-ਜੁਆਨ ਧੀ ਗੱਲਾਂ ਸੁਣ ਰਹੀ ਲੱਗਦੀ ਸੀ।

ਮੈਂ ਨਾਲ ਦਿਆਂ ਨਾਲ ਗੱਲ ਸਾਂਝੀ ਕੀਤੀ ਤਾਂ ਸਾਰੇ ਚੁੱਪ ਜਿਹੇ ਹੋ ਸੋਚੀਂ ਪੈ ਗਏ। ਖੈਰ! ਥੋੜ੍ਹੀ ਚਿੰਤਾਜਨਕ ਉਤਸੁਕਤਾ ਬਾਅਦ ਅਸੀਂ ਸਾਰੇ ਛੇਤੀ ਹੀ ਰਜਾਈਆਂ ਵਿੱਚ ਮੂੰਹ ਲਕੋ ਕੇ ਸੌਂ ਗਏ। ਬੀਬੀ ਦੇ ਕਹਿਣ ਮੂਜ਼ਬ ਕਮਰੇ ਦੀ ਲਾਈਟ ਸਾਰੀ ਰਾਤ ਜਗਦੀ ਰਹੀ। ਸਵੇਰੇ ਅਸੀਂ ਆਮ ਵਾਂਗ ਉੱਠੇ, ਪਰ ਸਾਰੇ ਚੁੱਪ-ਚੁੱਪ ਸਨ। ਚਾਹ-ਪਾਣੀ ਪੀ ਕੇ ਅਸੀਂ ਪ੍ਰੀਖਿਆ ਕੇਂਦਰ ਨੂੰ ਚੱਲ ਪਏ। ਪੰਜਾਬੀ ਦਾ ਪੇਪਰ ਹੋਣ ਕਰਕੇ ਕੋਈ ਬਹੁਤੀ ਟੈਨਸ਼ਨ ਨਹੀਂ ਸੀ। ਪ੍ਰੀਖਿਆ-ਕੇਂਦਰ ਵਿੱਚ ਇਸ ਗੱਲ ਦਾ ਕੋਈ ਫਰਕ ਨਹੀਂ ਸੀ ਪੈਂਦਾ ਕਿ ਪੇਪਰ ਕਿਸ ਵਿਸ਼ੇ ਦਾ ਹੈ। ਸੁਪਰਡੈਂਟ ਆਮ ਵਾਂਗ ਕਮਰਿਆਂ ਵਿੱਚ ਫੂੰ-ਫੂੰ ਕਰਦਾ ਫਿਰਦਾ ਸੀ। ਪੰਜਾਬੀ ਵਿਸ਼ਾ ਉਨ੍ਹਾਂ ਦਿਨਾਂ ਵਿੱਚ ਵੀ ਅੱਜ ਵਾਂਗ ਸੰਜੀਦਗੀ ਨਾਲ ਨਹੀਂ ਸੀ ਪੜ੍ਹਿਆ-ਪੜ੍ਹਾਇਆ ਜਾਂਦਾ। ਸੌਖਾ ਵਿਸ਼ਾ ਹੋਣ ਕਰਕੇ ਨਾ ਅਧਿਆਪਕ ਵਿਸ਼ੇਸ਼ ਧਿਆਨ ਦਿੰਦੇ ਸਨ ਅਤੇ ਨਾ ਹੀ ਵਿਦਿਆਰਥੀ। ਵਿਆਕਰਣ ਦੇ ਸੁਆਲ ਮੈਂ ਆਪੇ ਸ਼ੌਕ ਨਾਲ ਤਿਆਰ ਕੀਤੇ ਸਨ, ਪਰ ਸੰਖੇਪ-ਰਚਨਾ ਦਾ ਕੰਮ ਕਦੀ ਨਹੀਂ ਸੀ ਕਰਾਇਆ ਗਿਆ। ਪ੍ਰਸ਼ਨ-ਪੱਤਰ ਵਿੱਚ "ਸੰਖੇਪ-ਰਚਨਾ ਕਰੋ" ਨੇ ਮੈਨੂੰ ਬੌਂਦਲਾ ਦਿੱਤਾ। ਮੈਂ ਸ਼ਾਇਦ "ਸੰਖੇਪ" ਲਫਜ਼ ਪਹਿਲੀ ਵਾਰੀ ਸੁਣਿਆ ਸੀ। ਸਮਝ ਨਹੀਂ ਸੀ ਲੱਗ ਰਹੀ ਕਿ ਇਸਦਾ ਕਰਨਾ ਕੀ ਹੈ? ਵਿਸਥਾਰ ਕਰਨਾ ਸੀ ਜਾਂ ਸਾਰ ਦੱਸਣਾ ਸੀ? ਮੈਨੂੰ ਪਤਾ ਨਹੀਂ ਕੀ ਸੁੱਝਿਆ ਕਿ ਮੈਂ ਖੜੇ ਹੋ ਕੇ ਲੰਘਦੇ ਜਾਂਦੇ ਸੁਪਰਡੈਂਟ ਤੋਂ ਪੁੱਛ ਬੈਠਾ ਕਿ ਇਸਦਾ ਕੀ ਕਰਨਾ ਹੈ? ਸੁਪਰਡੈਂਟ ਅੱਗ-ਭਬੂਕਾ ਹੋ ਉੱਠਿਆ। ਉਸ ਸਾਰੇ ਆਲੇ-ਦੁਆਲੇ ਨੂੰ ਸੰਬੋਧਿਤ ਹੁੰਦਿਆਂ ਲਫਜ਼ ਉੱਬਲੇ, " ਆਹ ਵੇਖੋ, ਇਹਦੀ ਜੁਰੱਅਤ, ਮੈਨੂੰ ਪੁੱਛ ਰਿਐ!" ਖੈਰ! ਮੈਂ ਸ਼ਰਮਿੰਦਾ ਜਿਹਾ ਹੋ ਕੇ ਬੈਠ ਗਿਆ ਅਤੇ ਉਹ ਸੁਆਲ ਉਵੇਂ ਹੀ ਛੱਡ ਦਿੱਤਾ।

ਸ਼ਾਮ ਨੂੰ ਘਰ ਪਹੁੰਚੇ। ਮੈਂ ਅੰਦਰੋਂ ਕਾਫੀ ਉਦਾਸ ਸਾਂ। ਇੱਕ-ਦੋ ਹੋਰ ਮੁੰਡਿਆਂ ਦੇ ਕੰਨੀਂ ਵੀ ਸਾਡੇ ਮਕਾਨ ਦੇ ਭੂਤ-ਬੰਗਲਾ ਹੋਣ ਬਾਰੇ ਘੁਰ-ਘੁਰ ਪੈ ਗਈ ਸੀ। ਅਸੀਂ ਉਸ ਰਾਤ ਪੌੜੀਆਂ ਵਾਲਾ ਬੱਲਬ ਵੀ ਜਗਾ ਰੱਖਿਆ ਅਤੇ ਬਾਹਰਲੇ ਬਰਾਂਡੇ ਦਾ ਵੀ। ਰਾਤ ਨੂੰ ਵੀ ਬਾਬੇ ਨਾਨਕ ਦੇ ਅੱਗੇ ਹੱਥ ਜੋੜ ਕੇ ਪਹਿਲਾਂ ਨਾਲੋਂ ਜਲਦੀ ਹੀ ਅਸੀਂ ਬਿਸਤਰਿਆਂ 'ਚ ਪੈ ਗਏ। ਕਮਰੇ ਦਾ ਬੱਲਬ ਵੀ ਜਗਦਾ ਰੱਖਿਆ। ਅਗਲੇ ਦਿਨ ਪੇਪਰ ਤੋਂ ਛੁੱਟੀ ਸੀ। ਰੋਟੀ-ਪਾਣੀ ਛਕ ਕੇ ਅਸੀਂ ਹੋਰ ਕਮਰੇ ਦੀ ਭਾਲ ਵਿੱਚ ਨਿਕਲ ਪਏ। ਸ਼ਾਮ ਤੱਕ ਅਸੀਂ ਭੂਤ-ਬੰਗਲੇ ਨੂੰ ਅਲਵਿਦਾ ਕਹਿ ਹੋਰ ਥਾਂਏਂ ਜਾ ਟਿਕੇ। ਸ਼ਹਿਰ ਵਿੱਚ ਇਹ ਆਮ ਗੱਲ ਉੱਡ ਗਈ ਸੀ ਕਿ ਮੁੰਡਿਆਂ ਨੂੰ ਰਾਤ ਭੂਤ ਨਜ਼ਰ ਆਏ ਸਨ। ਇਸ ਤਰ੍ਹਾਂ ਭੂਤ-ਬੰਗਲੇ ਦੇ ਭੂਤ-ਬੰਗਲਾ ਹੋਣ 'ਤੇ ਹੋਰ ਪੱਕੀ ਮੋਹਰ ਲੱਗ ਗਈ ਸੀ।

ਬਾਅਦ ਵਿੱਚ ਜਦ ਦਸਵੀਂ ਦਾ ਨਤੀਜਾ ਆਇਆ ਤਾਂ ਮੇਰੀ ਮੈਰਿਟ ਲਿਸਟ ਬਾਰਾਂ ਨੰਬਰਾਂ 'ਤੇ ਉੱਕ ਗਈ ਸੀ। ਮੈਨੂੰ ਅੱਜ ਤੱਕ ਸਮਝ ਨਹੀਂ ਪੈਂਦੀ ਕਿ ਮੈਂ ਇਸ ਲਈ ਕਿਸ ਨੂੰ ਦੋਸ਼ੀ ਠਹਿਰਾਵਾਂ? ਭੂਤ-ਬੰਗਲੇ ਨੂੰ ਕਿ ਭੂਤਾਂ ਵਰਗੇ ਸੈਂਟਰ-ਸੁਪਰਡੈਂਟ ਨੂੰ?



**ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫੇਰ ਲਹਿੰਦਾ ਪੰਜਾਬ। ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾਵੇਗੀ। ਹਥਲੇ ਲੇਖ ਵਿੱਚ ਲਹਿੰਦੇ ਪੰਜਾਬ ਦੇ ਅਥਲੀਟ 'ਪਰਿੰਦਾ-ਏ-ਏਸ਼ੀਆ' ਯਾਨਿ ਅਬਦੁਲ ਖ਼ਾਲਿਕ ਬਾਰੇ ਵੇਰਵਾ ਪੇਸ਼ ਹੈ। ਪਾਕਿਸਤਾਨ ਖੇਡ ਅੰਬਰ ਦਾ ਚਮਕਦਾ ਸਿਤਾਰਾ ਹੋਣ ਕਾਰਨ ਅਬਦੁਲ ਖ਼ਾਲਿਕ ਉਤੇ ਪੂਰੇ ਦੇਸ਼ ਨੂੰ ਮਾਣ ਰਿਹਾ।**

## ਖਿਡਾਰੀ ਪੰਜ-ਆਬ ਦੇ (2)

**ਨਵਦੀਪ ਸਿੰਘ ਗਿੱਲ**
ਫੋਨ: +91-9780036216



# 'ਫਲਾਈਂਗ ਬਰਡ ਆਫ਼ ਏਸ਼ੀਆ' ਅਬਦੁਲ ਖ਼ਾਲਿਕ


ਭਾਰਤ ਵਿੱਚ ਜੋ ਰੁਤਬਾ ਮਿਲਖਾ ਸਿੰਘ ਨੂੰ ਹਾਸਲ ਹੈ, ਉਹ ਪਾਕਿਸਤਾਨ ਵਿੱਚ ਅਬਦੁਲ ਖ਼ਾਲਿਕ ਨੂੰ ਹੈ। ਮਿਲਖਾ ਸਿੰਘ ਨੂੰ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਅਯੂਬ ਖਾਨ ਨੇ ਫਲਾਈਂਗ ਸਿੱਖ (ਉਡਣਾ ਸਿੱਖ) ਦਾ ਖਿਤਾਬ ਦਿੱਤਾ ਤਾਂ ਅਬਦੁਲ ਖ਼ਾਲਿਕ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ 'ਫਲਾਈਂਗ ਬਰਡ ਆਫ਼ ਏਸ਼ੀਆ' (ਪਰਿੰਦਾ-ਏ-ਏਸ਼ੀਆ) ਦਾ ਖਿਤਾਬ ਦਿੱਤਾ। ਮਿਲਖਾ ਸਿੰਘ ਦੇ ਜੀਵਨ ਉਪਰ ਬਣੀ ਫਿਲਮ 'ਭਾਗ ਮਿਲਖਾ ਭਾਗ' ਦਾ ਕਲਾਈਮੈਕਸ ਦ੍ਰਿਸ਼ ਦੋਵਾਂ ਮਹਾਨ ਅਥਲੀਟਾਂ ਵਿਚਾਲੇ ਪਾਕਿਸਤਾਨ ਵਿੱਚ ਹੋਈ ਹਿੰਦ-ਪਾਕਿ ਅਥਲੈਟਿਕਸ ਮੀਟ ਦੀ 200 ਮੀਟਰ ਦੌੜ ਫਿਲਮਾਇਆ ਗਿਆ। ਫਰਾਟਾ ਦੌੜਾਂ ਵਿੱਚ ਅਬਦੁਲ ਖ਼ਾਲਿਕ ਨੇ ਹੀ ਭਾਰਤੀ ਮਹਾਂਦੀਪ ਦੇ ਅਥਲੀਟਾਂ ਦਾ ਪਰਚਮ ਕੌਮਾਂਤਰੀ ਪੱਧਰ ਉਤੇ ਲਹਿਰਾਇਆ। ਖ਼ਾਲਿਕ ਜਦੋਂ ਟਰੈਕ ਉਤੇ ਦੌੜਦਾ ਸੀ ਤਾਂ ਵਾਵਰੋਲਾ ਹੀ ਬਣ ਜਾਂਦਾ ਸੀ। ਉਹ ਹਵਾ ਨੂੰ ਚੀਰਦਾ ਵਿਰੋਧੀ ਅਥਲੀਟਾਂ ਨੂੰ ਵੱਡੇ ਫਰਕ ਨਾਲ ਹਰਾਉਂਦਾ। ਉਹ ਇੱਕ ਦਹਾਕਾ ਅਥਲੈਟਿਕਸ ਟਰੈਕ ਉਤੇ ਛਾਇਆ ਰਿਹਾ। ਏਸ਼ਿਆਈ ਖੇਡਾਂ ਵਿੱਚ ਉਸ ਨੇ ਦੋ ਸੋਨੇ ਦੇ ਤਮਗ਼ਿਆਂ ਸਣੇ ਕੁੱਲ ਪੰਜ ਤਮਗ਼ੇ ਜਿੱਤੇ, ਜਦੋਂ ਕਿ ਆਪਣੇ ਖੇਡ ਕਰੀਅਰ ਵਿੱਚ ਕੁੱਲ 63 ਤਮਗ਼ੇ ਜਿੱਤੇ, ਜਿਨ੍ਹਾਂ ਵਿੱਚ 36 ਸੋਨੇ, 15 ਚਾਂਦੀ ਤੇ 12 ਕਾਂਸੀ ਦੇ ਤਮਗ਼ੇ ਸ਼ਾਮਲ ਹਨ।

ਅਬਦੁਲ ਖ਼ਾਲਿਕ ਦਾ ਜਨਮ 23 ਮਾਰਚ 1933 ਨੂੰ ਪਾਕਿਸਤਾਨ ਦੇ ਪੰਜਾਬ ਦੇ ਚਕਵਾਲ ਜ਼ਿਲੇ ਦੇ ਪਿੰਡ ਜੰਡ ਅਵਾਨ ਵਿਖੇ ਮਾਸਟਰ ਸਜਾਵਲ ਖਾਨ ਦੇ ਘਰ ਹੋਇਆ ਸੀ। ਠੀਕ ਉਸ ਦੇ ਜਨਮ ਵਾਲੇ ਦਿਨ ਤੋਂ ਦੋ ਸਾਲ ਪਹਿਲਾਂ 1931 ਵਿੱਚ 23 ਮਾਰਚ ਨੂੰ ਲਾਹੌਰ ਦੀ ਜੇਲ੍ਹ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਨੇ ਫਾਂਸੀ ਦਾ ਰੱਸਾ ਚੁੰਮਿਆ ਸੀ। ਅਬਦੁਲ ਨੇ ਆਪਣੀ ਮੁੱਢਲੀ ਪੜ੍ਹਾਈ ਸਰਕਾਰੀ ਮਿਡਲ ਸਕੂਲ ਹੰਸੋਲਾ ਵਿਖੇ ਹਾਸਲ ਕੀਤੀ। 1947 ਵਿੱਚ ਦੇਸ਼ ਦੀ ਵੰਡ ਹੋ ਗਈ ਅਤੇ ਰੈੱਡ ਕਲਿੱਫ ਦੀ ਖਿੱਚੀ ਲਾਈਨ ਨੇ ਦੇਸ਼ ਦੇ ਦੋ ਟੋਟੇ ਕਰ ਦਿੱਤੇ ਤੇ ਨਾਲ ਹੀ ਦੋ ਸੂਬਿਆਂ ਪੰਜਾਬ ਤੇ ਬੰਗਾਲ ਨੂੰ ਵੀ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਭਾਰਤ ਵਾਲੇ ਪੰਜਾਬ ਨੂੰ ਪੂਰਬੀ ਪੰਜਾਬ ਜਾਂ ਚੜ੍ਹਦਾ ਪੰਜਾਬ ਆਖਿਆ ਜਾਣ ਲੱਗਾ ਅਤੇ ਪਾਕਿਸਤਾਨ ਵਿਚਲੇ ਪੰਜਾਬ ਨੂੰ ਪੱਛਮੀ ਪੰਜਾਬ ਜਾਂ ਲਹਿੰਦਾ ਪੰਜਾਬ ਕਹਿਣ ਲੱਗੇ। ਅੱਗੇ ਜਾ ਕੇ ਭਾਰਤ ਦਾ ਵੱਡਾ ਅਥਲੀਟ ਬਣਿਆ ਲਹਿੰਦੇ ਪੰਜਾਬ ਤੋਂ ਉਜੜ ਕੇ ਚੜ੍ਹਦੇ ਪੰਜਾਬ ਵਿੱਚ ਗਿਆ।

1948 ਵਿੱਚ ਪਾਕਿਸਤਾਨ ਨੂੰ ਹੋਂਦ ਵਿੱਚ ਆਇਆਂ ਇੱਕ ਸਾਲ ਹੋਇਆ ਸੀ। ਨਵੀਆਂ ਪ੍ਰਤਿਭਾਵਾਂ ਦੀ ਤਲਾਸ਼ ਕਰਕੇ ਤਰਾਸ਼ੀਆਂ ਜਾ ਰਹੀਆਂ ਸਨ। ਦੋਵੇਂ ਪੰਜਾਬਾਂ ਦਾ ਸ਼ਾਇਦ ਹੀ ਕੋਈ ਅਜਿਹਾ ਬਾਸ਼ਿੰਦਾ ਹੋਵੇ, ਜਿਸ ਨੇ ਛੋਟੇ ਹੁੰਦਿਆਂ ਕਬੱਡੀ ਨਾ ਖੇਡੀ ਹੋਵੇ। 15 ਵਰ੍ਹਿਆਂ ਦਾ ਖ਼ਾਲਿਕ ਆਪਣੇ ਜੱਦੀ ਪਿੰਡ ਪੀਰ ਪੰਜਾਲ ਨੇੜੇ ਕਬੱਡੀ ਖੇਡ ਰਿਹਾ ਸੀ। ਪਾਕਿਸਤਾਨ ਸੈਨਾ ਦੇ ਬ੍ਰਿਗੇਡੀਅਰ ਸੀ.ਐਚ.ਐਮ. ਰੋਡਮ ਨੇ ਅਬਦੁਲ ਨੂੰ ਕਬੱਡੀ ਖੇਡਦਿਆਂ ਉਸ ਦੀ ਫੁਰਤੀ ਦੇਖ ਕੇ ਫੌਜ ਵਿੱਚ ਭਰਤੀ ਹੋਣ ਲਈ ਆਖਿਆ। ਇਹ ਕਹਾਣੀ ਵੀ ਉਸ ਦੀ ਮਿਲਖਾ ਸਿੰਘ ਨਾਲ ਮੇਚ ਖਾਂਦੀ ਹੈ। ਮਿਲਖਾ ਸਿੰਘ ਵੀ ਰੋਜ਼ੀ ਰੋਟੀ ਖਾਤਰ ਸਿਕੰਦਰਾਬਾਦ ਵਿਖੇ ਫੌਜ ਵਿੱਚ ਭਰਤੀ ਹੋਇਆ, ਜਿੱਥੋਂ ਉਸ ਦੇ ਜੀਵਨ ਨੂੰ ਨਵੀਂ ਦਿਸ਼ਾ ਮਿਲੀ। ਖ਼ਾਲਿਕ ਅਟਕ ਸੈਂਟਰ ਵਿੱਚ ਭਰਤੀ ਹੋ ਗਿਆ। ਉਸ ਨੇ ਹਾਈ ਸਕੂਲ ਦੀ ਸਿੱਖਿਆ ਫੌਜ ਦੀ ਨੌਕਰੀ ਦੌਰਾਨ ਕੀਤੀ। ਫੌਜ ਦੇ ਖੇਡ ਵਿਭਾਗ ਨੇ ਉਸ ਨੂੰ ਫਰਾਟਾ ਦੌੜਾਕ ਵਜੋਂ ਸ਼ਿੰਗਾਰਨਾ ਸ਼ੁਰੂ ਕੀਤਾ। ਫੌਜ ਦੀਆਂ ਖੇਡਾਂ ਤੋਂ ਕੌਮੀ ਖੇਡਾਂ ਤੱਕ ਆਪਣੀ ਛਾਪ ਛੱਡਦਿਆਂ ਉਸ ਨੇ ਪਾਕਿਸਤਾਨ ਦੀ ਅਥਲੈਟਿਕਸ ਟੀਮ ਵਿੱਚ ਜਗਾਹ ਬਣਾ ਲਈ।

21 ਵਰ੍ਹਿਆਂ ਦੀ ਉਮਰੇ ਅਬਦੁਲ ਖ਼ਾਲਿਕ 1954 ਵਿੱਚ ਮਨੀਲਾ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਹਿੱਸਾ ਲੈਣ ਗਿਆ। ਪਹਿਲੇ ਵੱਡੇ ਏਸ਼ੀਅਨ ਮੁਕਾਬਲੇ ਵਿੱਚ ਹੀ ਉਹ ਹਨੇਰੀ ਵਾਂਗ ਵਗਿਆ। 100 ਮੀਟਰ ਫਰਾਟਾ ਦੌੜ ਵਿੱਚ ਖ਼ਾਲਿਕ ਨੇ 10.6 ਸਕਿੰਟ ਦਾ ਸਮਾਂ ਕੱਢ ਕੇ ਨਵਾਂ ਏਸ਼ੀਅਨ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗ਼ਾ ਜਿੱਤਿਆ। ਏਸ਼ੀਆ ਦਾ ਸਭ ਤੋਂ ਤੇਜ਼ ਵਿਅਕਤੀ ਬਣਨ ਵਾਲੇ ਖ਼ਾਲਿਕ ਨੂੰ ਏਸ਼ੀਆ ਦਾ ਤੂਫ਼ਾਨ ਆਖਿਆ ਜਾਣ ਲੱਗਾ। ਉਸ ਦੀ ਬਦੌਲਤ ਪਾਕਿਸਤਾਨ ਦੀ 4 ਗੁਣਾਂ 100 ਮੀਟਰ ਰਿਲੇਅ ਦੌੜ ਵਿੱਚ ਵੀ ਚਾਂਦੀ ਦਾ ਤਮਗ਼ਾ ਜਿੱਤ ਲਿਆ। ਇਸੇ ਸਾਲ ਉਸ ਨੇ ਇੰਗਲੈਂਡ ਵਿਖੇ ਹੋਈ ਤਿਕੋਣੀ ਮੀਟ ਵਿੱਚ ਵੀ 100 ਮੀਟਰ ਦੀ ਦੌੜ ਜਿੱਤ ਲਈ। 1956 ਵਿੱਚ ਉਸ ਨੇ ਮੈਲਬਰਨ ਵਿਖੇ ਪਹਿਲੀ ਵਾਰ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਉਸ ਨੇ ਤਿੰਨ ਈਵੈਂਟਾਂ- 100 ਮੀਟਰ, 200 ਮੀਟਰ ਅਤੇ 4 ਗੁਣਾਂ 100 ਮੀਟਰ ਰਿਲੇਅ ਦੌੜ ਵਿੱਚ ਹਿੱਸਾ ਲਿਆ। ਓਲੰਪਿਕਸ ਦੇ ਮੰਚ ਉਤੇ ਉਸ ਨੇ 100 ਤੇ 200 ਮੀਟਰ- ਦੋਵੇਂ ਦੌੜਾਂ ਜਿੱਤ ਕੇ ਸੈਮੀ ਫ਼ਾਈਨਲ ਤੱਕ ਜਗਾਹ ਬਣਾਈ, ਜਿੱਥੇ ਉਹ ਦੋਵਾਂ ਦੌੜਾਂ ਵਿੱਚ ਚੌਥੇ ਸਥਾਨ ਉਤੇ ਰਿਹਾ। 4 ਗੁਣਾਂ 100 ਮੀਟਰ ਰਿਲੇਅ ਦੌੜ ਵਿੱਚ ਵੀ ਪਾਕਿਸਤਾਨ ਦੀ ਟੀਮ ਸੈਮੀ ਫ਼ਾਈਨਲ ਤੱਕ ਪੁੱਜੀ। ਮੈਲਬਰਨ ਓਲੰਪਿਕਸ ਵਿੱਚ ਅਬਦੁਲ ਖ਼ਾਲਿਕ ਸਮੇਂ ਦੇ ਹਿਸਾਬ ਨਾਲ ਸੱਤਵੇਂ ਨੰਬਰ ਉਤੇ ਸੀ।

ਸਾਲ 1956 ਵਿੱਚ ਦਿੱਲੀ ਵਿਖੇ ਭਾਰਤ-ਪਾਕਿਸਤਾਨ ਅਥਲੈਟਿਕਸ ਮੀਟ ਹੋਈ, ਜਿਸ ਵਿੱਚ ਅਬਦੁਲ ਖ਼ਾਲਿਕ ਫੇਰ ਹਨੇਰੀ ਵਾਂਗ ਵਗਿਆ ਕਿ 100 ਮੀਟਰ ਦੌੜ ਵਿੱਚ 10.4 ਸਕਿੰਟ ਦਾ ਸਮਾਂ ਕੱਢ ਕੇ ਆਪਣਾ ਪੁਰਾਣਾ ਰਿਕਾਰਡ ਤੋੜ ਕੇ ਨਵਾਂ ਏਸ਼ੀਅਨ ਰਿਕਾਰਡ ਕਾਇਮ ਕੀਤਾ। ਖ਼ਾਲਿਕ ਨੇ ਦੋਹਰੀ ਮੱਲ ਮਾਰਦਿਆਂ 200 ਮੀਟਰ ਦੌੜ ਵਿੱਚ ਵੀ 21.4 ਸਕਿੰਟ ਦਾ



■ ਲਹਿੰਦੇ ਪੰਜਾਬ ਦਾ ਚੜ੍ਹਦਾ ਖਿਡਾਰੀ

ਸਮਾਂ ਕੱਢ ਕੇ ਨਵੇਂ ਏਸ਼ੀਅਨ ਰਿਕਾਰਡ ਨਾਲ ਦੂਜਾ ਸੋਨ ਤਮਗ਼ਾ ਜਿੱਤਿਆ। 4 ਗੁਣਾਂ 100 ਮੀਟਰ ਰਿਲੇਅ ਦੌੜ ਵਿੱਚ ਪਾਕਿਸਤਾਨ ਟੀਮ ਨੇ ਚਾਂਦੀ ਦਾ ਤਮਗ਼ਾ ਜਿੱਤਿਆ। ਉਸ ਵੇਲੇ ਭਾਰਤ ਦੇ ਤੱਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਖ਼ਾਲਿਕ ਨੂੰ 'ਫਲਾਈਂਗ ਬਰਡ ਆਫ਼ ਏਸ਼ੀਆ' ਦਾ ਨਾਮ ਦਿੱਤਾ। ਖ਼ਾਲਿਕ ਦੀ ਏਸ਼ੀਆ ਵਿੱਚ ਪੂਰੀ ਚੜ੍ਹਤ ਹੋ ਗਈ ਅਤੇ ਹੁਣ ਵੇਲਾ ਸੀ ਏਸ਼ੀਆ ਤੋਂ ਬਾਹਰ ਨਾਮਣਾ ਖੱਟਣ ਦਾ। ਸਾਲ 1956 ਵਿੱਚ ਹੀ ਜਰਮਨੀ ਵਿਖੇ ਹੋਈ ਵਿਸ਼ਵ ਮਿਲਟਰੀ ਖੇਡਾਂ ਵਿੱਚ 100 ਤੇ 200 ਮੀਟਰ ਦੌੜ ਵਿੱਚ ਦੋ ਕਾਂਸੀ ਦੇ ਤਮਗ਼ੇ ਜਿੱਤੇ। ਇੰਗਲੈਂਡ ਵਿਖੇ ਹੋਏ ਤਿੰਨ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲੈਂਦਿਆਂ 100 ਮੀਟਰ ਦੌੜ ਵਿੱਚ ਦੋ ਵਾਰ ਸੋਨੇ ਅਤੇ ਇੱਕ ਚਾਂਦੀ ਦਾ ਤਮਗ਼ਾ ਜਿੱਤਿਆ। ਇਡਨਬਰਗ ਵਿਖੇ ਹੋਈਆਂ ਹਾਈਲੈਂਡ ਗੇਮਜ਼ ਵਿੱਚ ਵੀ 100 ਮੀਟਰ ਦੌੜ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। ਆਸਟਰੇਲੀਆ ਵਿੱਚ ਹੋਏ ਵੱਖ-ਵੱਖ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਦੋ ਸੋਨੇ, ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮਗ਼ਾ ਜਿੱਤਿਆ। ਸਾਲ 1957 ਵਿੱਚ ਇੰਗਲੈਂਡ ਵਿਖੇ ਹੋਈਆਂ ਸੱਤ ਵੱਖ-ਵੱਖ ਮੀਟਾਂ ਵਿੱਚ ਸੱਤ ਸੋਨ ਤਮਗ਼ੇ ਜਿੱਤੇ। ਤਹਿਰਾਨ ਵਿਖੇ ਹੋਈ ਪਾਕਿਸਤਾਨ-ਇਰਾਨ ਮੀਟ ਵਿੱਚ ਤਿੰਨ ਦੌੜਾਂ ਵਿੱਚ ਸੋਨ ਤਮਗ਼ੇ ਜਿੱਤ ਕੇ ਗੋਲਡਨ ਹੈਟਟ੍ਰਿਕ ਪੂਰੀ ਕੀਤੀ। ਏਥਨਜ਼ ਵਿਖੇ ਹੋਈਆਂ ਵਿਸ਼ਵ ਮਿਲਟਰੀ ਖੇਡਾਂ ਵਿੱਚ ਚਾਂਦੀ ਅਤੇ ਇਡਨਬਰਗ ਵਿਖੇ ਹੋਈਆਂ ਹਾਈਲੈਂਡ ਗੇਮਜ਼ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ।

ਅਬਦੁਲ ਖ਼ਾਲਿਕ 1958 ਵਿੱਚ ਟੋਕੀਓ ਵਿਖੇ ਹੋਈਆਂ ਤੀਜੀਆਂ ਏਸ਼ਿਆਈ ਖੇਡਾਂ ਵਿੱਚ ਬੁਲੰਦ ਹੌਸਲਿਆਂ ਨਾਲ ਨਿੱਤਰਿਆ ਅਤੇ 100 ਮੀਟਰ ਦੌੜ ਵਿੱਚ ਸੋਨ ਤਮਗ਼ਾ ਜਿੱਤ ਕੇ ਲਗਾਤਾਰ ਦੂਜੀ ਵਾਰ ਏਸ਼ੀਆ ਦਾ ਸਭ ਤੋਂ ਤੇਜ਼ ਦੌੜਾਕ ਬਣਿਆ। ਇੱਥੇ ਵੀ ਉਹ ਤੂਫ਼ਾਨ ਬਣ ਕੇ ਟਰੈਕ ਉਤੇ ਝੁਲਿਆ। 200 ਮੀਟਰ ਦੌੜ ਵਿੱਚ ਉਸ ਦਾ ਮੁਕਾਬਲਾ ਭਾਰਤ ਦੇ ਮਿਲਖਾ ਸਿੰਘ ਨਾਲ ਸੀ, ਜਿਸ ਨੇ 400 ਮੀਟਰ ਦੌੜ ਵਿੱਚ ਪਹਿਲਾਂ ਹੀ ਸੋਨ ਤਮਗ਼ਾ ਜਿੱਤ ਲਿਆ ਸੀ। ਹੁਣ 200 ਮੀਟਰ ਦੌੜ ਨੇ ਫੈਸਲੇ ਕਰਨਾ ਸੀ ਕਿ ਕਿਹੜਾ ਅਥਲੀਟ ਡਬਲ ਗੋਲਡ ਜਿੱਤ ਕੇ ਜਾਂਦਾ ਹੈ। ਦੋਵਾਂ ਵਿਚਕਾਰ ਬਹੁਤ ਫਸਵੀਂ ਟੱਕਰ ਵਾਲੀ ਦੌੜ ਹੋਈ ਕਿ ਦੋਵਾਂ ਨੇ ਇੱਕੋ ਵੇਲੇ ਫਿਨਿਸ਼ਿੰਗ ਲਾਈਨ ਪਾਰ ਕੀਤੀ। ਮਿਲਖਾ ਸਿੰਘ ਦੌੜ ਪੂਰੀ ਕਰਕੇ ਡਿੱਗ ਗਿਆ ਅਤੇ ਅਬਦੁਲ ਖ਼ਾਲਿਕ ਆਪਣੇ ਆਪ ਨੂੰ ਜੇਤੂ ਸਮਝ ਕੇ ਖੁਸ਼ ਹੋ ਰਿਹਾ ਸੀ। ਦੌੜ ਦਾ ਨਤੀਜਾ ਆਖਰ ਫੋਟੋ ਫਿਨਿਸ਼ ਰਾਹੀਂ ਕੱਢਿਆ ਅਤੇ ਸਕਿੰਟ ਦੇ 10ਵੇਂ ਹਿੱਸੇ ਨਾਲ ਮਿਲਖਾ ਸਿੰਘ ਜੇਤੂ ਰਿਹਾ। ਹਾਲਾਂਕਿ ਦੋਵਾਂ ਨੇ ਇੱਕੋ ਵੇਲੇ ਲਾਈਨ ਪਾਰ ਕੀਤੀ ਸੀ, ਪਰ ਮਿਲਖਾ ਸਿੰਘ ਦੇ ਸਰੀਰ ਦਾ ਇੱਕ ਹਿੱਸਾ ਅਬਦੁਲ ਨਾਲੋਂ ਪਹਿਲਾਂ ਲਾਈਨ ਨੂੰ ਛੂਹਿਆ ਸੀ। ਅਬਦੁਲ ਨੇ 4 ਗੁਣਾਂ 100 ਮੀਟਰ ਦੌੜ ਵਿੱਚ ਆਪਣੀ ਟੀਮ ਲਈ ਕਾਂਸੀ ਦਾ ਤਮਗ਼ਾ ਜਿੱਤਿਆ।

ਟੋਕੀਓ ਏਸ਼ਿਆਈ ਖੇਡਾਂ ਤੋਂ ਬਾਅਦ ਅਬਦੁਲ ਖ਼ਾਲਿਕ ਨੇ ਸਕਾਟਲੈਂਡ, ਇੰਗਲੈਂਡ, ਆਇਰਲੈਂਡ, ਸਵੀਡਨ, ਵੇਲਜ਼ ਆਦਿ ਮੁਲਕਾਂ ਵਿੱਚ ਹੋਈਆਂ ਵੱਖ-ਵੱਖ ਮੀਟਾਂ ਵਿੱਚ 8 ਸੋਨੇ, 7 ਚਾਂਦੀ ਤੇ 5 ਕਾਂਸੀ ਦੇ ਤਮਗ਼ੇ ਜਿੱਤੇ। 1960 ਵਿੱਚ ਅਬਦੁਲ ਖ਼ਾਲਿਕ ਤੇ ਉਸ ਦਾ ਭਰਾ ਅਬਦੁਲ ਮਲਿਕ ਵੀ ਪਾਕਿਸਤਾਨ ਅਥਲੈਟਿਕਸ ਟੀਮ ਦਾ ਹਿੱਸਾ ਸੀ। ਦੋਵੇਂ ਅਬਦੁਲ ਭਰਾਵਾਂ ਨੇ 4 ਗੁਣਾਂ 100 ਮੀਟਰ ਦੌੜ ਵਿੱਚ ਹਿੱਸਾ ਲਿਆ। ਖ਼ਾਲਿਕ ਨੇ 100 ਤੇ 200 ਮੀਟਰ ਦੌੜਾਂ ਵਿੱਚ ਵੀ ਹਿੱਸਾ ਲੈਂਦਿਆਂ ਦੂਜੀ ਹੀਟ ਤੱਕ ਸਫਰ ਤੈਅ ਕੀਤਾ। ਅਬਦੁਲ ਖ਼ਾਲਿਕ ਤੇ ਮਿਲਖਾ ਸਿੰਘ ਵਿਚਕਾਰ ਟੋਕੀਓ ਏਸ਼ਿਆਈ ਖੇਡਾਂ ਤੋਂ ਬਾਅਦ 1960 ਵਿੱਚ ਪਾਕਿਸਤਾਨ ਵਿਖੇ ਹੋਈ ਭਾਰਤ-ਪਾਕਿਸਤਾਨ ਅਥਲੈਟਿਕਸ ਮੀਟ ਦੇ 200 ਮੀਟਰ ਦੌੜ ਵਿੱਚ ਮੁਕਾਬਲਾ ਦੇਖਣ ਨੂੰ ਮਿਲਿਆ। ਇੱਥੇ ਵੀ ਅਬਦੁਲ ਨੇ 100 ਮੀਟਰ ਅਤੇ ਮਿਲਖਾ ਸਿੰਘ ਨੇ 400 ਮੀਟਰ ਦੌੜ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ ਸੀ। 200 ਮੀਟਰ ਦੌੜ ਵਿੱਚ ਦੋਵਾਂ ਦੇ ਮੁਕਾਬਲੇ ਨੂੰ ਬਹੁਤ ਪ੍ਰਚਾਰਿਆ ਗਿਆ ਸੀ। ਇਸੇ ਦੌੜ ਉਤੇ 'ਭਾਗ ਮਿਲਖਾ ਭਾਗ' ਫ਼ਿਲਮ ਦਾ ਕਲਾਈਮੈਕਸ ਦ੍ਰਿਸ਼ ਫ਼ਿਲਮਾਇਆ ਗਿਆ ਹੈ। ਮਿਲਖਾ ਸਿੰਘ ਅੱਗੇ ਏਸ਼ੀਆ ਦਾ ਤੂਫ਼ਾਨ ਕਹਿ ਕੇ ਅਬਦੁਲ ਖ਼ਾਲਿਕ ਨੂੰ ਵੱਡੀ ਚੁਣੌਤੀ ਦੱਸਿਆ ਜਾ ਰਿਹਾ ਸੀ। ਉਹ ਦੌੜ ਮਿਲਖਾ ਸਿੰਘ ਦੀ ਓਲੰਪਿਕਸ ਤੋਂ ਵੱਧ ਇਤਿਹਾਸਕ ਹੋ ਨਿਬੜੀ, ਜਦੋਂ ਉਸ ਨੇ ਵੱਡੇ ਫਰਕ ਨਾਲ ਅਬਦੁਲ ਖ਼ਾਲਿਕ ਨੂੰ ਹਰਾਇਆ। ਖ਼ਾਲਿਕ ਨੂੰ ਹਰਾਉਣਾ ਖਾਲਾ ਜੀ ਦਾ ਵਾੜਾ ਨਹੀਂ ਸੀ, ਇਸੇ ਲਈ ਉਸ ਵੇਲੇ ਸਟੇਡੀਅਮ ਵਿੱਚ ਮੌਜੂਦ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਅਯੂਬ ਖਾਨ ਨੇ ਮਿਲਖਾ ਸਿੰਘ ਨੂੰ ਆਖਿਆ ਸੀ ਕਿ ਉਸ ਨੇ ਦੌੜ ਨੂੰ ਦੌੜ ਕੇ ਨਹੀਂ, ਬਲਕਿ ਉੱਡ ਕੇ ਪੂਰਾ ਕੀਤਾ ਹੈ ਅਤੇ ਮਿਲਖਾ ਸਿੰਘ ਨੂੰ ਉਹ ਮਾਣ ਨਾਲ ਫਲਾਈਂਗ ਸਿੱਖ ਦਾ ਖਿਤਾਬ ਦਿੰਦੇ ਹਨ। ਇਸ ਤੋਂ ਬਾਅਦ ਅਬਦੁਲ ਖ਼ਾਲਿਕ ਨੇ ਇੰਗਲੈਂਡ ਮਿਸਰ, ਹਾਲੈਂਡ ਤੇ ਮਲੇਸ਼ੀਆ ਵਿਖੇ ਹੋਏ ਵੱਖ-ਵੱਖ ਮੁਕਾਬਲਿਆਂ ਵਿੱਚ ਚਾਰ ਸੋਨੇ, ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮਗ਼ਾ ਜਿੱਤਿਆ।

ਅਬਦੁਲ ਖ਼ਾਲਿਕ ਨੇ ਸਰਗਰਮ ਅਥਲੀਟ ਵਜੋਂ ਸੰਨਿਆਸ ਲੈਣ ਤੋਂ ਬਾਅਦ ਪੰਜ ਸਾਲ ਪਾਕਿਸਤਾਨੀ ਫੌਜ ਦੀ ਅਥਲੈਟਿਕਸ ਟੀਮ, ਦੋ ਸਾਲ ਪੰਜਾਬ ਦੀ ਟੀਮ ਅਤੇ ਪੰਜ ਸਾਲ ਪਾਕਿਸਤਾਨ ਸਪੋਰਟਸ ਟਰੱਸਟ ਦੀ ਟੀਮ ਦੇ ਕੋਚ ਵਜੋਂ ਸੇਵਾਵਾਂ ਨਿਭਾਈਆਂ। ਪਾਕਿਸਤਾਨ ਸਰਕਾਰ ਨੇ ਉਸ ਨੂੰ ਆਪਣੇ ਸਰਵਉੱਚ ਸਨਮਾਨ 'ਪਰਾਈਡ ਆਫ਼ ਪ੍ਰਫਾਰਮੈਂਸ' ਨਾਲ ਸਨਮਾਨਿਆ। ਪਾਕਿਸਤਾਨ ਫੌਜ ਵਿੱਚ ਸਰਵਿਸ ਕਰਦਿਆਂ 1971 ਭਾਰਤ-ਪਾਕਿਸਤਾਨ ਯੁੱਧ ਵੇਲੇ ਜਦੋਂ ਜਨਰਲ ਏ।ਏ। ਨਿਆਜ਼ੀ ਦੀ ਅਗਵਾਈ ਵਾਲੀ 93 ਹਜ਼ਾਰ ਪਾਕਿਸਤਾਨ ਫੌਜ ਨੇ ਭਾਰਤੀ ਸੈਨਾ ਅੱਗੇ ਸਰੰਡਰ ਕੀਤਾ ਤਾਂ ਅਬਦੁਲ ਖ਼ਾਲਿਕ ਵੀ ਇਨ੍ਹਾਂ ਵਿੱਚ ਸ਼ਾਮਲ ਸੀ। ਉਹ ਪਹਿਲਾਂ ਗਵਾਲੀਅਰ ਜੇਲ੍ਹ ਵਿੱਚ ਰਿਹਾ ਅਤੇ ਫੇਰ ਮੇਰਠ ਦੀ ਜੇਲ੍ਹ ਵਿੱਚ। ਭਾਰਤ ਦੀ ਜੇਲ੍ਹ ਵਿੱਚ ਬਾਕੀ ਪਾਕਿਸਤਾਨੀ ਸੈਨਿਕਾਂ ਨਾਲ ਬੰਦ ਅਬਦੁਲ ਖ਼ਾਲਿਕ ਬਾਰੇ ਜਦੋਂ ਉਸ ਵੇਲੇ ਦੀ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਪਤਾ ਲੱਗਿਆ ਤਾਂ ਭਾਰਤ ਸਰਕਾਰ ਨੇ ਇਕੱਲੇ ਖ਼ਾਲਿਕ ਨੂੰ 'ਏਸ਼ੀਆ ਦਾ ਮਹਾਨ ਅਥਲੀਟ' ਵਜੋਂ ਸਤਿਕਾਰ ਕਰਦਿਆਂ ਰਿਹਾਅ ਕਰਨ ਦਾ ਫੈਸਲਾ ਕੀਤਾ। ਅਬਦੁਲ ਖ਼ਾਲਿਕ ਨੇ ਉਸ ਵੇਲੇ ਆਪਣੇ-ਆਪ ਨੂੰ ਖਿਡਾਰੀ ਨਹੀਂ ਬਲਕਿ ਫੌਜੀ ਸਮਝ ਕੇ ਇਹ ਪੇਸ਼ਕਸ਼ ਠੁਕਰਾਉਂਦਿਆਂ ਕਿਹਾ ਕਿ ਉਹ ਇਕੱਲਾ ਨਹੀਂ, ਬਲਕਿ ਆਪਣੇ ਸਾਥੀ ਸੈਨਿਕਾਂ ਨਾਲ ਹੀ ਰਿਹਾਅ ਹੋਵੇਗਾ। ਇੰਝ ਖ਼ਾਲਿਕ ਨੇ ਆਪਣੇ ਦਾਨਿਸ਼ਮੰਦ ਸੁਭਾਅ ਕਰਕੇ ਵੀ ਦਿਲ ਜਿੱਤੇ।

ਉਂਝ ਉਸ ਵੇਲੇ ਇੱਕ ਹੋਰ ਘਟਨਾ ਵੀ ਵਾਪਰੀ। ਖ਼ਾਲਿਕ ਨੂੰ ਜਦੋਂ ਬਾਕੀ ਪਾਕਿਸਤਾਨ ਜੰਗੀ ਸੈਨਿਕਾਂ ਵਾਂਗ ਪੁੱਛਿਆ ਗਿਆ ਕਿ ਉਹ ਭਾਰਤ ਵਿੱਚ ਆਪਣੇ ਕਿਸੇ ਜਾਣਕਾਰ ਨੂੰ ਕੋਈ ਸੁਨੇਹਾ ਭੇਜਣਾ ਚਾਹੁੰਦਾ ਹੈ ਤਾਂ ਅਬਦੁਲ ਖ਼ਾਲਿਕ ਨੇ ਅਕਾਸ਼ਵਾਣੀ ਦੀ ਉਰਦੂ ਸੇਵਾ ਰਾਹੀਂ ਸਿਰਫ਼ ਤਿੰਨ ਭਾਰਤੀ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਜੇ ਉਹ ਮਿਲਣਾ ਚਾਹੁਣ ਤਾਂ ਮਿਲਣ ਆ ਸਕਦੇ ਹਨ। ਇਹ ਤਿੰਨੇ ਭਾਰਤੀ ਅਥਲੀਟ ਸਨ। ਮਿਲਖਾ ਸਿੰਘ, ਪ੍ਰਦੁੱਮਣ ਸਿੰਘ ਤੇ ਗੁਰਬਚਨ ਸਿੰਘ ਰੰਧਾਵਾ ਵੀ ਏਸ਼ੀਆ ਦੇ ਚੋਟੀ ਦੇ ਅਥਲੀਟ ਸਨ ਅਤੇ ਅਬਦੁਲ ਖ਼ਾਲਿਕ ਦੇ ਸਮਕਾਲੀ ਰਹੇ ਸਨ। ਪ੍ਰਦੁੱਮਣ ਸਿੰਘ ਖੁਦ ਭਾਰਤੀ ਫੌਜ ਦੀ ਸੇਵਾ ਕਰਦਾ ਹੋਣ ਕਰਕੇ ਆਪਣੀ ਨੌਕਰੀ ਕਾਰਨ ਮਿਲਣ ਨਾ ਆ ਸਕਿਆ। ਹਾਲਾਂਕਿ ਪ੍ਰਦੁੱਮਣ ਦੇ ਪਰਿਵਾਰ ਵਾਲਿਆਂ ਦੇ ਦੱਸਣ ਮੁਤਾਬਕ ਵਡੇਰੀ ਉਮਰੇ ਪ੍ਰਦੁੱਮਣ ਸਿੰਘ ਨੂੰ ਇਸ ਗੱਲ ਉਤੇ ਬਹੁਤ ਅਫਸੋਸ ਸੀ ਕਿ ਉਹ ਆਪਣੇ ਸਾਥੀ ਪਾਕਿਸਤਾਨੀ ਅਥਲੀਟ ਨੂੰ ਮਿਲਣ ਨਹੀਂ ਜਾ ਸਕਿਆ। ਮਿਲਖਾ ਸਿੰਘ ਦੇ ਦੱਸਣ ਮੁਤਾਬਕ ਉਸ ਨੇ ਵੀ ਮੁਲਾਕਾਤ ਕੀਤੀ ਅਤੇ ਗੁਰਬਚਨ ਸਿੰਘ ਰੰਧਾਵਾ ਨੇ ਮਿਲ ਕੇ ਜੇਲ੍ਹ ਸੁਪਰਡੈਂਟ ਨੂੰ ਆਪਣੇ ਸਾਥੀ ਅਥਲੀਟ ਦਾ ਉਚੇਚਾ ਖਿਆਲ ਰੱਖਣ ਲਈ ਕਿਹਾ।

ਅਬਦੁਲ ਖ਼ਾਲਿਕ ਨੇ ਇੱਕ ਵਾਰ ਹੈਲਸਿੰਕੀ ਵਿਖੇ ਕਿਸੇ ਮੀਟ ਵਿੱਚ ਮੁਕਾਬਲਾ ਜਿੱਤਿਆ ਤਾਂ ਤਮਗ਼ਾ ਪਹਿਨਾਉਣ ਵੇਲੇ ਪ੍ਰਬੰਧਕਾਂ ਕੋਲ ਪਾਕਿਸਤਾਨ ਤਰਾਨੇ ਦੀ ਧੁਨ ਨਹੀਂ ਸੀ। ਉਸ ਵੇਲੇ ਤਰਾਨਾ ਨਾ ਵਜਾਏ ਜਾਣ ਕਾਰਨ ਖ਼ਾਲਿਕ ਨੇ ਲੁੱਡੀ ਪਾ ਕੇ ਜਿੱਤ ਦਾ ਜਸ਼ਨ ਮਨਾਇਆ। ਇੱਕ ਵਾਰ ਕਿਸੇ ਮੀਟ ਦੌਰਾਨ ਪ੍ਰਬੰਧਕਾਂ ਵੱਲੋਂ ਉਸ ਦਾ ਨਾਮ ਭੁੱਲੇ ਜਾਣ ਉਤੇ ਅਬਦੁਲ ਖ਼ਾਲਿਕ ਨੂੰ 'ਮਿਸਟਰ ਪਾਕਿਸਤਾਨ' ਕਹਿ ਕੇ ਪੁਕਾਰਿਆ ਗਿਆ। ਅਬਦੁਲ ਖ਼ਾਲਿਕ ਨੇ ਉਸੇ ਵੇਲੇ ਪ੍ਰਬੰਧਕਾਂ ਨੂੰ ਆਪਣਾ ਨਾਮ ਦੱਸ ਕੇ ਉਨ੍ਹਾਂ ਦੀ ਗਲਤੀ ਦਰੁੱਸਤ ਕਰਵਾਈ। 100 ਮੀਟਰ ਦੌੜ ਵਿੱਚ ਉਸ ਦਾ ਸਰਵੋਤਮ ਸਮਾਂ 10.2 ਸਕਿੰਟ ਹੈ, ਜਦੋਂ ਕਿ 200 ਮੀਟਰ ਵਿੱਚ 20.8 ਸਕਿੰਟ ਹੈ। ਜਵਾਨੀ ਵਿੱਚ ਕਬੱਡੀ ਖੇਡਦਾ ਅਬਦੁਲ ਜੇਕਰ ਉਸ ਵੇਲੇ ਦੇ ਇੱਕ ਫੌਜੀ ਅਫਸਰ ਦੀ ਨਜ਼ਰ ਨਾ ਚੜ੍ਹਦਾ ਤਾਂ ਅੱਜ ਅਥਲੈਟਿਕਸ ਖੇਡ ਆਪਣੇ ਮਹਾਨ ਅਥਲੀਟ ਤੋਂ ਵਾਂਝੀ ਰਹਿ ਜਾਂਦੀ। ਅਬਦੁਲ ਖ਼ਾਲਿਕ 10 ਮਾਰਚ 1988 ਨੂੰ 55 ਵਰ੍ਹਿਆਂ ਦੀ ਉਮਰੇ ਰਾਵਲਪਿੰਡੀ ਵਿਖੇ ਸਦੀਵੀ ਵਿਛੋੜਾ ਦੇ ਗਿਆ। ਦੋਵੇਂ ਮੁਲਕਾਂ- ਭਾਰਤ ਤੇ ਪਾਕਿਸਤਾਨ ਵਿੱਚ ਹੁਣ ਤੱਕ ਉਸ ਵਰਗਾ ਫਰਾਟਾ ਦੌੜਾਕ ਪੈਦਾ ਨਹੀਂ ਹੋਇਆ। ਅਬਦੁਲ ਖ਼ਾਲਿਕ ਪਾਕਿਸਤਾਨ ਖੇਡ ਅੰਬਰ ਦਾ ਚਮਕਦਾ ਸਿਤਾਰਾ ਹੋਣ ਕਾਰਨ ਉਸ ਉਤੇ ਪੂਰੇ ਦੇਸ਼ ਨੂੰ ਮਾਣ ਰਿਹਾ। ਲਹਿੰਦੇ ਪੰਜਾਬ ਦੇ ਇਸ ਮਹਾਨ ਅਥਲੀਟ ਦਾ ਪੁੱਤਰ ਮੁਹੰਮਦ ਇਜਾਜ਼ ਵੀ ਪਾਕਿਸਤਾਨ ਦੀ ਅਥਲੈਟਿਕਸ ਦਾ ਕੋਚ ਰਿਹਾ ਹੈ।

# ਮਰਹੂਮ ਰਵਿੰਦਰ ਸੋਹੀ ਦੀ ਮਕਬੂਲੀਅਤ ਇੱਕ ਅਣਗੌਲ਼ਿਆ ਵਰਤਾਰਾ


*ਰਵਿੰਦਰ ਸੋਹੀ ਉਰਫ 'ਕੁੱਕੂ ਬਾਈ' ਮੇਰੇ ਇਲਾਕੇ ਦਾ ਇੱਕ ਧੜੱਲੇਦਾਰ ਬੰਦਾ ਸੀ। ਉਸ ਨੂੰ ਵੱਖ ਵੱਖ ਖੇਤਰਾਂ ਨਾਲ ਜੁੜੇ ਕੰਮ ਕਰਨੇ ਅਤੇ ਕਰਾਉਣੇ ਆਉਂਦੇ ਸਨ। ਮੈਂ ਨਿਜੀ ਤੌਰ 'ਤੇ ਉਸ ਨੂੰ ਕਦੇ ਨਹੀਂ ਮਿਲਿਆ, ਪਰ ਜਦੋਂ ਮੈਂ ਸਾਲ 2002 ਦੇ ਅਕਤੂਬਰ ਮਹੀਨੇ 'ਪੰਜਾਬੀ ਟ੍ਰਿਬਿਊਨ' ਦੀ ਪੱਤਰਕਾਰੀ ਸ਼ੁਰੂ ਕੀਤੀ ਤਾਂ ਉਸ ਪਿੱਛੋਂ ਹਲਕੇ ਦੀਆਂ ਸਿਆਸੀ ਸਫਾਂ ਵਿੱਚ ਵਿਚਰਦਿਆਂ ਕੁੱਕੂ ਸੋਹੀ ਬਾਰੇ ਹੋਰ ਹੋਰ ਪਤਾ ਲੱਗਦਾ ਗਿਆ।*

*ਸਿਆਸਤ ਦੀ ਸ਼ਰੀਕੇਬਾਜ਼ੀ ਹੋਣ ਦੇ ਬਾਵਜੂਦ ਕੁੱਕੂ ਸੋਹੀ ਦੀ ਮਕਬੂਲੀਅਤ ਦਾ ਚਰਚਾ ਬਰਕਰਾਰ ਸੀ। ਮੇਰਾ ਪਰਿਵਾਰ ਮੂਲ ਤੌਰ 'ਤੇ ਕੈਪਟਨ ਕੰਵਲਜੀਤ ਸਿੰਘ ਦਾ ਹਮਾਇਤੀ ਰਿਹਾ ਹੈ, ਜਿਸ ਕਾਰਨ ਹਲਕੇ ਦੇ ਹੋਰਨਾਂ ਲੋਕਾਂ ਵਾਂਗ ਮੇਰੇ ਮਨ ਵਿੱਚ ਵੀ ਕੈਪਟਨ ਕੰਵਲਜੀਤ ਸਿੰਘ ਦੀ ਸ਼ਖਸੀਅਤ ਦਾ ਸਤਿਕਾਰ ਰਿਹਾ ਹੈ; ਪਰ ਪੱਤਰਕਾਰੀ ਕਰਦਿਆਂ ਵੱਖ ਵੱਖ ਲੋਕਾਂ ਨਾਲ ਹੁੰਦੀ ਗੱਲਬਾਤ ਦੌਰਾਨ ਇਹ ਪ੍ਰਤੀਤ ਹੋਣ ਲੱਗ ਪਿਆ ਸੀ ਕਿ ਹਲਕੇ ਦੀ ਸਿਆਸਤ ਵਿੱਚ ਕੈਪਟਨ ਕੰਵਲਜੀਤ ਸਿੰਘ ਨੂੰ ਜੇ ਕੋਈ ਟੱਕਰ ਦੇ ਸਕਦਾ ਸੀ ਤਾਂ ਉਹ ਰਵਿੰਦਰ ਸੋਹੀ ਹੀ ਸੀ। ਹਾਲਾਂ ਕਿ ਕੁੱਕੂ ਸੋਹੀ ਦੇ ਅਕਾਲ ਚਲਾਣੇ ਪਿੱਛੋਂ ਵਿਧਾਨ ਸਭਾ ਚੋਣਾਂ ਵਿੱਚ ਉਸ ਦੀ ਪਤਨੀ ਸ਼ੀਲਮ ਸੋਹੀ ਬਹੁਤ ਘੱਟ ਫਰਕ ਨਾਲ ਚੋਣ ਹਾਰੀ ਸੀ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁੱਕੂ ਸੋਹੀ ਦੀ ਮਕਬੂਲੀਅਤ ਅਸਰ-ਅੰਦਾਜ਼ ਜ਼ਰੂਰ ਸੀ ਤੇ ਕਿਤੇ ਕਿਤੇ ਹਮਦਰਦੀ ਦੀ ਵੋਟ ਵੀ ਭੁਗਤ ਹੋਈ ਸੀ।*

*ਹਾਲਾਤ ਦੀ ਸਿਤਮਜ਼ਰੀਫੀ ਇਹ ਕਿ ਸਮੇਂ ਸਮੇਂ ਆਏ ਉਤਰਾਅ-ਚੜ੍ਹਾਅ ਕਾਰਨ ਕੈਪਟਨ ਕੰਵਲਜੀਤ ਸਿੰਘ ਅਤੇ ਰਵਿੰਦਰ ਸੋਹੀ ਦਾ ਪਰਿਵਾਰ ਇਨ੍ਹਾਂ ਘਾਗ ਸਿਆਸਤਦਾਨਾਂ ਦੇ ਅਕਾਲ ਚਲਾਣੇ ਪਿੱਛੋਂ ਸਿਆਸਤ ਦੀਆਂ ਤਿਕੜਮਾਂ ਤੇ ਕੁਝ ਹੋਰ ਕਾਰਨਾਂ ਕਰ ਕੇ ਸਿਆਸੀ ਸਫਾਂ ਵਿੱਚੋਂ ਹੌਲੀ ਹੌਲੀ ਬਾਹਰ ਹੀ ਹੋ ਗਿਆ। ਖੈਰ! ਦੋਹਾਂ ਪਰਿਵਾਰਾਂ ਦੇ ਸਿਆਸੀ ਸਫਰ ਦੀਆਂ ਅਨੇਕਾਂ ਤ੍ਰਾਸਦੀਆਂ ਹਨ, ਜਿਨ੍ਹਾਂ ਦਾ ਵੇਰਵਾ ਕਦੇ ਫਿਰ ਸਹੀ। ਹਥਲੇ ਲੇਖ ਵਿੱਚ ਸੀਨੀਅਰ ਪੱਤਰਕਾਰ ਗੁਰਪ੍ਰੀਤ ਸਿੰਘ ਮੰਡਿਆਣੀ ਨੇ ਮਰਹੂਮ ਰਵਿੰਦਰ ਸੋਹੀ ਦੀ ਮਕਬੂਲੀਅਤ ਦੇ ਅਣਗੌਲ਼ੇ ਵਰਤਾਰੇ ਦਾ ਪੱਖ ਪੇਸ਼ ਕੀਤਾ ਹੈ। -ਕੁਲਜੀਤ ਦਿਆਲਪੁਰੀ*

## ਸਿਆਸਤ ਦਾ ਪਿੜ

**ਗੁਰਪ੍ਰੀਤ ਸਿੰਘ ਮੰਡਿਆਣੀ**
ਫੋਨ: +91-8872664000



ਸਮਾਜ ਵਿੱਚ ਕਈ ਵਰਤਾਰੇ ਅਜਿਹੇ ਵਾਪਰਦੇ ਹਨ ਕਿ ਉਹ ਬਹੁਤ ਅਹਿਮ ਹੋਣ ਦੇ ਬਾਵਜੂਦ ਅਣਗੌਲੇ ਹੀ ਰਹਿ ਜਾਂਦੇ ਹਨ। ਐਸੇ ਹੀ ਇੱਕ ਵਰਤਾਰੇ ਦੀ ਗੱਲ ਮਰਹੂਮ ਰਵਿੰਦਰ ਸਿੰਘ ਸੋਹੀ ਉਰਫ ਕੁੱਕੂ ਸੋਹੀ ਦੇ ਹਵਾਲੇ ਨਾਲ ਕਰਦੇ ਹਾਂ। ਅੱਜ ਕੱਲ੍ਹ ਜ਼ਿਲ੍ਹਾ ਮੁਹਾਲੀ ਅਤੇ ਜ਼ੀਰਕਪੁਰ ਨਗਰ ਕੌਂਸਲ ਅਧੀਨ ਪੈਂਦੇ ਪਿੰਡ ਬਰਟਾਣਾ ਦਾ ਜੰਮਪਲ ਸੀ ਰਵਿੰਦਰ ਸੋਹੀ। ਉਹ 42 ਸਾਲ ਦੀ ਉਮਰ ਵਿੱਚ ਤਿੰਨ ਜੁਲਾਈ 2001 ਨੂੰ ਇਸ ਜਹਾਨੋਂ ਕੂਚ ਕਰਨ ਤੋਂ ਪਹਿਲਾਂ ਬਹੁਤ ਕੁੱਝ ਅਜਿਹਾ ਕਰ ਗਿਆ, ਜੀਹਦਾ ਜਲੌਅ ਉਹਦੀ ਮੌਤ ਤੋਂ ਬਾਅਦ ਹੀ ਜਾਹਰ ਹੋਇਆ। ਹਲਕੇ ਦੇ ਜਿਹੜੇ ਲੋਕ ਉਹਨੂੰ ਕਦੇ ਮਿਲੇ ਵੀ ਨਹੀਂ ਸਨ, ਉਹ ਵੀ ਕਹਿੰਦੇ ਸੁਣੇ ਸੀ ਕਿ ਜੇ ਕੁੱਕੂ ਕਿਤੇ ਵੋਟਾਂ 'ਚ ਖੜ ਜੇ ਤਾਂ ਲਾਜ਼ਮੀ ਜਿੱਤੂਗਾ। ਇਸ ਲੋਕ ਆਵਾਜ਼ ਦੀ ਜਨਤਕ ਤਸਦੀਕ ਉਹਦੀ ਮੌਤ ਮਗਰੋਂ ਵੀ ਹੋਈ। ਲੋਕਾਂ ਵਿੱਚ ਉਹਦੀ ਇੰਨੀ ਮਕਬੂਲੀਅਤ ਵਾਲਾ ਇਹ ਵਰਤਾਰਾ ਅੱਜ ਤੱਕ ਵੀ ਅਣਗੌਲਿਆ ਰਿਹਾ ਹੈ।

ਲੋਕਾਂ ਦੇ ਮਨਾਂ ਵਿੱਚ ਜੋ ਰਵਿੰਦਰ ਸੋਹੀ ਦੀ ਗਹਿਰੀ ਛਾਪ ਸੀ, ਉਹਨੂੰ ਨਾਪਣ ਤੋਂ ਪਹਿਲਾਂ ਰਵਿੰਦਰ ਸੋਹੀ ਦਾ ਪਿਛੋਕੜ ਅਤੇ ਮੌਕੇ ਦੇ ਸਿਆਸੀ ਮਾਹੌਲ ਬਾਰੇ ਦੱਸਣਾ ਜਰੂਰੀ ਹੈ। 1959 'ਚ ਜਨਮੇ ਰਵਿੰਦਰ ਸੋਹੀ ਦੇ ਪਿਤਾ ਬਲਵੀਰ ਸਿੰਘ ਬਰਟਾਣਾ ਮਾਰਚ 1969 ਤੋਂ ਲੈ ਕੇ ਜੂਨ 1971 ਤੱਕ ਪੰਜਾਬ ਦੇ ਸਿਰਫ ਦੋ ਸਾਲ ਹੀ ਐਮ.ਐਲ.ਏ. ਰਹੇ, ਜੋ ਬਾਅਦ ਵਿੱਚ ਸਿਆਸੀ ਮੈਦਾਨ 'ਚੋਂ ਲਗਭਗ ਅਲੋਪ ਹੀ ਰਹੇ ਜਾਂ ਇਉਂ ਕਹਿ ਲਓ ਕਿ ਰਵਿੰਦਰ ਸੋਹੀ ਨੂੰ ਆਪਣੇ ਪਿਤਾ ਦੀ ਕੋਈ ਖ਼ਾਸ ਸਿਆਸੀ ਜਾਇਦਾਦ ਨਹੀਂ ਮਿਲੀ। ਰਵਿੰਦਰ ਸੋਹੀ 1993 ਵਿੱਚ ਪਿੰਡ ਦੇ ਸਰਪੰਚ ਬਣੇ। 1994 ਵਿੱਚ ਉਹ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਬਣੇ ਜੋ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਉੱਚਾ ਸਿਆਸੀ ਐਜਾਜ਼ ਸੀ; ਪਰ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨੀ ਦਾ ਅਹੁਦਾ ਸਿਆਸੀ ਤਾਕਤ ਵਜੋਂ ਕੁੱਝ ਵੀ ਨਹੀਂ ਹੁੰਦਾ। ਇਹਦਾ ਅੰਦਾਜ਼ਾ ਇੱਥੋਂ ਲਗਾਇਆ ਜਾ ਸਕਦਾ ਹੈ ਕਿ ਜ਼ਿਲ੍ਹੇ ਦੇ ਵੱਡੀ ਗਿਣਤੀ ਲੋਕਾਂ ਨੂੰ ਆਪਣੀ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਦਾ ਨਾਂ ਤੱਕ ਵੀ ਨਹੀਂ ਪਤਾ ਹੁੰਦਾ ਅਤੇ ਨਾ ਹੀ ਕਦੇ ਜ਼ਿਲ੍ਹਾ ਪ੍ਰੀਸ਼ਦ ਤੱਕ ਕੋਈ ਕੰਮ ਪੈਂਦਾ ਹੈ। ਭਾਵ ਸੋਹੀ ਦੀ ਹਰਮਨ ਪਿਆਰਤਾ ਵਿੱਚ ਕਿਸੇ ਸਿਆਸੀ ਅਹੁਦੇ ਜਾਂ ਸਿਆਸੀ ਵਿਰਾਸਤ ਦਾ ਕੋਈ ਹੱਥ ਨਹੀਂ ਸੀ।

ਆਪਣੇ ਆਖ਼ਰੀ ਸਾਹਾਂ ਤੱਕ ਉਹ ਕਾਂਗਰਸ ਪਾਰਟੀ 'ਚ ਸ਼ਾਮਲ ਤਾਂ ਜਰੂਰ ਸੀ, ਪਰ ਪਾਰਟੀ ਦੀ ਕੋਈ ਅਹੁਦੇਦਾਰੀ ਉਹਦੇ ਕੋਲ ਨਹੀਂ ਸੀ। ਹਾਂ, ਉਹ ਬਨੂੜ ਵਿਧਾਨ ਸਭਾ ਹਲਕੇ ਤੋਂ ਕਾਂਗਰਸੀ ਟਿਕਟ ਦਾ ਜਰੂਰ ਚਾਹਵਾਨ ਸੀ, ਪਰ ਉਹ ਟਿਕਟ ਦੇ ਚਾਹਵਾਨਾਂ ਵਾਂਗ ਉਵੇਂ ਸਗਰਗਮ ਨਹੀਂ ਸੀ, ਜਿਵੇਂ ਅਕਸਰ ਟਿਕਟ ਮੰਗਣ ਵਾਲੇ ਬੰਦੇ ਲੋਕਾਂ ਵਿੱਚ ਭੱਜ-ਨੱਠ ਕਰਦੇ ਹਨ। ਉਹਦਾ ਠਿਕਾਣਾ ਆਪਣੀ ਚੰਡੀਗੜ੍ਹ ਦੇ ਸੈਕਟਰ-2 ਵਾਲੀ ਰਿਹਾਇਸ਼, ਜ਼ੀਰਕਪੁਰ ਵਾਲਾ ਬਜਰੀ ਦਾ ਕਰੈਸ਼ਰ ਜਾਂ ਜ਼ਿਲ੍ਹਾ ਜਗਾਧਰੀ 'ਚ ਬਿਲਾਸਪੁਰ ਵਾਲਾ ਖੇਤੀਬਾੜੀ ਵਾਲਾ ਫਾਰਮ ਸੀ।

ਹੁਣ ਗੱਲ ਕਰਦੇ ਹਾਂ ਉਸ ਵੇਲੇ ਦੇ ਹਲਕਾ ਬਨੂੜ ਦੀ ਸਿਆਸੀ ਸੂਰਤੇਹਾਲ ਦੀ। ਉਸ ਵੇਲੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ। ਹਲਕਾ ਬਨੂੜ ਤੋਂ ਕੈਪਟਨ ਕੰਵਲਜੀਤ ਸਿੰਘ ਐਮ.ਐਲ.ਏ. ਅਤੇ ਪੰਜਾਬ ਦੇ ਖਜ਼ਾਨਾ ਮੰਤਰੀ ਤੇ ਮੁੱਖ ਮੰਤਰੀ ਤੋਂ ਬਾਅਦ ਸਭ ਤੋਂ ਤਾਕਤਵਰ ਵਜ਼ੀਰ ਸਨ। ਕੈਪਟਨ ਕੰਵਲਜੀਤ ਸਿੰਘ ਦੀ ਨਿੱਤ ਦਿਹਾੜੀ ਹਲਕੇ ਦੇ ਸੈਂਕੜੇ ਲੋਕਾਂ ਨੂੰ ਮਿਲਦੇ ਸਨ ਤੇ ਉਨ੍ਹਾਂ ਦੇ ਕੰਮ ਕਰਦੇ ਸਨ। ਕਿਸੇ ਅਫਸਰ ਦੀ ਮਜਾਲ ਨਹੀਂ ਸੀ ਕਿ ਕੈਪਟਨ ਸਾਹਿਬ ਦੇ ਹੁਕਮ ਦੀ ਅਦੂਲੀ ਕਰ ਸਕੇ।

ਕੈਪਟਨ ਸਾਹਿਬ ਨੇ ਹਲਕੇ ਵਿੱਚ ਇੰਨਾ ਪੈਸਾ ਸਰਕਾਰੀ ਖਜ਼ਾਨੇ ਵਿੱਚੋਂ ਖਰਚਿਆ, ਜਿੰਨਾ ਕਿ ਮੁੱਖ ਮੰਤਰੀ ਨੇ ਆਪਣੇ ਹਲਕੇ ਵਿੱਚ ਸ਼ਾਇਦ ਹੀ ਖਰਚਿਆ ਹੋਵੇ। ਛੋਟੇ-ਛੋਟੇ ਪਿੰਡਾਂ ਨੂੰ ਵੀ ਮੰਗ ਕਰਨ 'ਤੇ 50-50 ਲੱਖ ਦੀ ਗ੍ਰਾਂਟ ਦੇ ਚੈੱਕ ਮੌਕੇ 'ਤੇ ਹੀ ਸਰਪੰਚਾਂ ਦੇ ਹੱਥ 'ਤੇ ਧਰ ਦੇਣੇ ਕੈਪਟਨ ਸਾਹਿਬ ਵਾਸਤੇ ਮਾਮੂਲੀ ਜਿਹੀ ਗੱਲ ਸੀ। ਪਿੰਡਾਂ ਦੇ ਦੌਰਿਆਂ ਦੌਰਾਨ ਜਿਹੜੀ ਵੀ ਸਮੱਸਿਆ ਕਪਤਾਨ ਸਾਹਿਬ ਦੇ ਧਿਆਨ ਵਿੱਚ ਲਿਆਂਦੀ ਜਾਂਦੀ ਸੀ, ਉਹਦਾ ਹੱਲ ਕਰਨ ਵਾਸਤੇ ਮੌਕੇ 'ਤੇ ਹੀ ਅਫਸਰਾਂ ਨੂੰ ਹੁਕਮ ਹੋ ਜਾਂਦੇ ਸਨ।

ਰੋਅਬਦਾਰ ਸੁਭਾਅ ਵਾਲੇ ਕਪਤਾਨ ਸਾਹਿਬ ਦੀ ਇੰਨੀ ਦਹਿਸ਼ਤ ਸੀ ਕਿ ਕਿਸੇ ਵੱਲੋਂ ਉਨ੍ਹਾਂ ਦੇ ਵਿਰੋਧ ਦਾ ਹੀਆ ਕਰਨਾ ਤਾਂ ਇੱਕ ਪਾਸੇ ਰਿਹਾ,



**ਇੱਕ ਆਮ ਬੰਦੇ ਵੱਲੋਂ ਇੰਨੀ ਮਕਬੂਲੀਅਤ ਹਾਸਲ ਕਰ ਜਾਣ ਵਾਲੇ ਇਹੋ ਜਿਹੇ ਵਰਤਾਰੇ ਕਿਵੇਂ ਵਾਪਰਦੇ ਹਨ, ਇਹ ਅੱਜ ਕੱਲ੍ਹ ਦੇ ਸਿਆਸਤਦਾਨਾਂ ਦੀ ਦਿਲਚਸਪੀ ਦੇ ਵਿਸ਼ੇ ਹੋਣੇ ਚਾਹੀਦੇ ਹਨ। ਇਹੋ ਜਿਹੇ ਵਰਤਾਰਿਆਂ ਦਾ ਜੇ ਭੇਤ ਪਾਉਣਾ ਇੰਨਾ ਸੁਖਾਲਾ ਹੁੰਦਾ ਤਾਂ ਬਹੁਤ ਸਾਰੇ ਸਿਆਸਤਦਾਨਾਂ ਨੇ ਮਕਬੂਲ ਹੋਣ ਲਈ ਕੁੱਕੂ ਸੋਹੀ ਵਾਲੇ ਤੌਰ ਤਰੀਕੇ ਅਜ਼ਮਾ ਲੈਣੇ ਸਨ।**

ਜੇ ਕੋਈ ਜਣਾ ਕਿਸੇ ਹੋਰ ਲੀਡਰ ਨੂੰ ਚਾਹ ਵੀ ਪਿਆ ਦਿੰਦਾ ਸੀ ਤਾਂ ਉਹਨੂੰ ਵੀ ਕੈਪਟਨ ਸਾਹਿਬ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈਂਦਾ ਸੀ। ਹਲਕੇ ਦੇ ਬਹੁਤੇ ਲੋਕ ਹੋਰ ਕਿਸੇ ਲੀਡਰ ਨੂੰ ਆਪਣੇ ਖੁਸ਼ੀ-ਗ਼ਮੀ ਦੇ ਸਮਾਗਮਾਂ ਵਿੱਚ ਸੱਦਾ ਦੇਣੋਂ ਵੀ ਘਬਰਾਉਂਦੇ ਸਨ। ਉਸ ਵੇਲੇ ਹਲਕੇ ਦਾ ਇਹ ਮਾਹੌਲ ਬਿਆਨਣ ਦਾ ਇਹ ਮਕਸਦ ਹੈ ਕਿ ਪਤਾ ਲੱਗ ਸਕੇ ਕਿ ਪਾਰਟੀ 'ਚ ਕੋਈ ਜ਼ਿਲ੍ਹਾ ਪੱਧਰੀ ਪੁੱਗਤ ਵੀ ਨਾ ਰੱਖਣ ਵਾਲੇ ਕੁੱਕੂ ਸੋਹੀ ਵਰਗੇ ਕਿਸੇ ਸ਼ਖਸ ਨੂੰ ਮਕਬੂਲੀਅਤ ਖੱਟਣੀ ਕਿੰਨੀ ਕੁ ਸੌਖੀ ਹੋਵੇਗੀ! ਦੂਜੀ-ਤੀਜੀ ਕਤਾਰ ਦੇ ਲਗਭਗ ਸਾਰੇ ਕਾਂਗਰਸੀਆਂ ਦੀ ਕਪਤਾਨ ਸਾਹਿਬ ਨੇ ਅਕਾਲੀ ਦਲ 'ਚ ਸ਼ਮੂਲੀਅਤ ਕਰਵਾ ਕੇ ਸਿਆਸੀ ਵਿਰੋਧ ਨੂੰ ਸਾਹ-ਸਤ ਹੀਣ ਕਰ ਦਿੱਤਾ ਸੀ ਤੇ ਦਹਿ-ਹਜ਼ਾਰਾਂ ਲੋਕਾਂ ਦੇ ਸਿੱਧੇ ਕੰਮ ਕਰਕੇ ਉਨ੍ਹਾਂ ਨੂੰ ਸਿੱਧਿਆਂ ਆਪਣੇ ਹਮਾਇਤੀ ਬਣਾ ਲਿਆ ਸੀ।

ਇੰਨੀ ਮਿਹਨਤ ਕਰਕੇ ਆਪਣੀ ਜਿੱਤ ਘੱਟੋ-ਘੱਟ 60 ਹਜ਼ਾਰ ਵੋਟਾਂ ਦੇ ਫਰਕ ਨਾਲ ਯਕੀਨੀ ਸਮਝ ਰਹੇ ਕੈਪਟਨ ਕੰਵਲਜੀਤ ਸਿੰਘ ਨੇ ਪਾਰਟੀ ਵਰਕਰਾਂ ਤੋਂ ਵੀ ਜਿੱਤ ਦੇ ਮਾਰਜਨ ਬਾਰੇ ਵੋਟਾਂ ਤੋਂ ਇੱਕ ਸਾਲ ਪਹਿਲਾਂ ਰਾਇ ਲੈਣੀ ਸ਼ੁਰੂ ਕੀਤੀ ਕਰ ਦਿੱਤੀ ਸੀ। ਅਪਰੈਲ 2001 ਵਿੱਚ ਕੈਪਟਨ ਸਾਹਿਬ ਨੇ ਹਲਕੇ ਦੇ ਸਾਰੇ ਪਿੰਡਾਂ ਦਾ ਦੌਰਾ ਕੀਤਾ। ਇਸ ਤਹਿਤ ਉਨ੍ਹਾਂ ਨੇ ਹਰ ਰੋਜ ਲਗਭਗ 5-5 ਪਿੰਡਾਂ ਵਿੱਚ ਲੋਕ ਦਰਬਾਰ ਲਾਉਣੇ ਸ਼ੁਰੂ ਕੀਤੇ। ਸਮੱਸਿਆਵਾਂ ਦੇ ਹੱਲ ਕਰਨ ਅਤੇ ਮੌਕੇ 'ਤੇ ਗ੍ਰਾਂਟਾਂ ਦੇ ਚੈੱਕ ਦੇਣ ਬਾਅਦ ਉਨ੍ਹਾਂ ਦਾ ਮੁਕਾਮੀ ਬੋਲੀ ਵਿੱਚ ਲੋਕਾਂ ਨੂੰ ਸਵਾਲ ਹੁੰਦਾ ਸੀ, "ਚੌਧਰੀ! ਥਾਰੇ ਸਾਰੇ ਕੰਮ ਤੋ ਮੰਨੇ ਕਰ ਦੀਏ, ਇਬ ਬੋਟਾਂ ਕੀ ਬਤਓ ਕਿਤਰੋਂ ਰਾਹਾਗਾ, ਕਿਤਨੀਆਂ ਬੋਟਾਂ ਤੇ ਜਤਾਮੇਂਗੇ ਥਮ ਮੰਨੂੰ?" ਹਰੇਕ ਪਿੰਡ 'ਚ ਲਗਭਗ ਸਾਰੇ ਲੋਕਾਂ ਦਾ ਇੱਕੋ ਹੀ ਜਵਾਬ ਹੁੰਦਾ ਸੀ, "ਕੈਪਟਨ ਸਾਬ੍ਹ! ਜੈ ਤੋ ਕਾਂਗਰਸ ਕਿਨੀ 'ਤੇ ਆ ਗਿਆ ਕੁੱਕੂ, ਤੋ ਮੁਕਾਬਲਾ ਹੋਵਾਗਾ; ਨਹੀਂ ਤੋ ਉਸਨੂੰ ਛੋੜ ਕੇ ਚਾਹੇ ਫਿਰ ਪਟਿਆਲੀਆ ਰਾਜਾ ਖੁਦ ਵੀ ਆ ਜਾ ਕਾਂਗਰਸ ਕਿਨੀ 'ਤੇ, ਫਿਰ ਤੋ ਜਮਾਨਤ ਜਪਤ ਕਰਾਕੇ ਤੋਰਾਂਗੇ ਉਰਾ ਤੇ।" ਕੈਪਟਨ ਸਾਹਿਬ ਦਾ ਬਹੁਤੀ ਥਾਂਈਂ ਮੋੜਵਾਂ ਜਵਾਬ ਇਹ ਹੁੰਦਾ ਸੀ ਕਿ ਤੁਸੀਂ ਇਹ ਕਹੋ ਕਿ ਵਿਰੋਧ ਵਿੱਚ ਜਿਹੜਾ ਮਰਜੀ ਉਮੀਦਵਾਰ ਆ ਜਾਵੇ, ਉਹਦੀ ਜ਼ਮਾਨਤ ਜ਼ਬਤ ਕਰਾਵਾਂਗੇ।

ਲੋਕਾਂ ਵੱਲੋਂ ਕੀਤੀ ਜਾ ਰਹੀ ਪੇਸ਼ੀਨਗੋਈ ਦੀ ਤਸਦੀਕ ਕੁੱਕੂ ਸੋਹੀ ਦੀ ਮੌਤ ਤੋਂ ਬਾਅਦ ਹੋਈ। ਦਿਲ ਦਾ ਦੌਰਾ ਪੈਣ ਕਾਰਨ ਰਵਿੰਦਰ ਸੋਹੀ ਦੀ ਮੌਤ 3 ਜੁਲਾਈ 2001 ਦੀ ਰਾਤ ਨੂੰ ਹੋਈ ਅਤੇ ਅੰਤਿਮ ਸਸਕਾਰ 4 ਜੁਲਾਈ ਨੂੰ ਜ਼ੀਰਕਪੁਰ 'ਚ ਉਸ ਵੱਲੋਂ ਉਸਾਰੇ ਜਾ ਰਹੇ ਮੈਰਿਜ ਪੈਲਿਸ ਦੇ ਖੁੱਲ੍ਹੇ ਵਿਹੜੇ ਵਿੱਚ ਹੋਇਆ। ਉਨ੍ਹਾਂ ਦਿਨਾਂ ਵਿੱਚ ਮੋਬਾਇਲ ਫੋਨ ਨਾ ਹੋਣ ਦੇ ਬਾਵਜੂਦ ਇੰਨਾ ਇਕੱਠ ਹੋਇਆ, ਜੀਹਦੀ ਗਿਣਤੀ ਅਗਲੇ ਦਿਨ 'ਪੰਜਾਬੀ ਟ੍ਰਿਬਿਊਨ' ਦੇ ਪੱਤਰਕਾਰ ਸੋਹਣ ਸਿੰਘ ਹੰਸ ਦੀ ਖ਼ਬਰ ਵਿੱਚ ਇਉਂ ਦੱਸੀ ਗਈ, "ਰਵਿੰਦਰ ਸੋਹੀ ਦੇ ਅੰਤਿਮ ਸਸਕਾਰ ਤੇ ਭੀੜ ਨੂੰ ਕੰਟਰੋਲ ਕਰਨ ਲਈ ਤਿੰਨ ਥਾਣਿਆਂ ਦੀ ਪੁਲਿਸ ਨੂੰ ਕਰੜੀ ਮੁਸ਼ੱਕਤ ਕਰਨੀ ਪਈ ... ਆਉਂਦੀਆਂ ਚੋਣਾਂ 'ਚ ਰਵਿੰਦਰ ਸੋਹੀ ਵੱਲੋਂ ਕਾਂਗਰਸ ਦਾ ਉਮੀਦਵਾਰ ਬਣਨ ਦੀਆਂ ਸੰਭਾਨਾਵਾਂ ਤੋਂ ਹਾਕਮ ਧੜਾ ਡਾਹਢਾ ਪ੍ਰੇਸ਼ਾਨ ਸੀ।"

ਇਹਤੋਂ 10 ਦਿਨਾਂ ਬਾਅਦ ਰਵਿੰਦਰ ਸੋਹੀ ਦੇ ਭੋਗ 'ਤੇ ਇਕੱਠੇ ਹੋਏ ਲੋਕਾਂ ਦੀ ਭੀੜ ਨੂੰ ਅਗਲੇ ਦਿਨ ਅੰਗਰੇਜ਼ੀ ਟ੍ਰਿਬਿਊਨ ਦੀ ਖ਼ਬਰ ਨੇ ਇਉਂ ਬਿਆਨਿਆਂ, "ਇਸ ਭੋਗ 'ਤੇ ਆਏ ਲੋਕਾਂ ਦੀ ਭੀੜ ਕਾਰਨ ਜ਼ੀਰਕਪੁਰ ਤੋਂ ਨਿਕਲਣ ਵਾਲੀਆਂ ਸਾਰੀਆਂ ਚਾਰੇ ਨੈਸ਼ਨਲ ਹਾਈਵੇਜ਼ 3 ਘੰਟੇ ਜਾਮ ਰਹੀਆਂ। ਅੰਗਰੇਜ਼ੀ ਅਖਬਾਰ ਆਮ ਤੌਰ 'ਤੇ ਭੋਗ ਦੀ ਖ਼ਬਰ ਤਾਂ ਨਹੀਂ ਛਾਪਦਾ, ਪਰ ਦਿੱਲੀ ਤੋਂ ਤਿੰਨ ਸੂਬਿਆਂ ਦੀਆਂ ਰਾਜਧਾਨੀਆਂ ਨੂੰ ਜੋੜਦੀਆਂ ਵੀ.ਵੀ.ਆਈ.ਪੀ. ਗੱਡੀਆਂ ਦੀ ਆਵਾਜਾਈ ਵਾਲੀਆਂ ਸੜਕਾਂ ਦੇ ਘੰਟਿਆਂ ਬੱਧੀ ਜਾਮ ਹੋਣ ਕਰਕੇ ਖ਼ਬਰ ਛਾਪਣੀ ਪਈ। ਮੈਂ ਆਪਣੀ ਜ਼ਿੰਦਗੀ ਵਿੱਚ ਨੌਨ ਵੀ.ਆਈ.ਪੀ. ਜੀਵਨ ਬਸਰ ਕਰਦੇ ਕਿਸੇ ਇਨਸਾਨ ਦਾ ਨਾ ਤਾਂ ਇਹੋ ਜਿਹਾ ਅੰਤਿਮ ਸਸਕਾਰ ਵੇਖਿਆ ਹੈ ਅਤੇ ਨਾ ਹੀ ਅੰਤਿਮ ਅਰਦਾਸ। ਰਵਿੰਦਰ ਸੋਹੀ ਦੀ ਇੰਨੀ ਮਕਬੂਲੀਅਤ ਦੀ ਥਾਹ ਮੈਂ ਅੱਜ ਤੱਕ ਨਹੀਂ ਪਾ ਸਕਿਆ। ਕੁੱਕੂ ਸੋਹੀ ਦੇ ਨੇੜੇ ਰਹੇ ਬਹੁਤ ਸਾਰੇ ਲੋਕਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਵੀ ਵਿਚਲੀ ਗੱਲ ਦੀ ਸਮਝ ਨਹੀਂ ਪਈ। ਇਨ੍ਹਾਂ ਲੋਕਾਂ 'ਚ ਡੇਰਾ ਬਸੀ ਮਿਊਂਸਪਲ ਕਮੇਟੀ ਦੇ ਪ੍ਰਧਾਨ ਰਹੇ ਭੁਪਿੰਦਰ ਸੈਣੀ, ਬਲਾਕ ਸੰਮਤੀ ਡੇਰਾ ਬਸੀ ਦੇ ਚੇਅਰਮੈਨ ਰਹੇ ਬਹਾਦਰ ਸਿੰਘ ਝਰਮੜੀ, ਜ਼ੀਰਕਪੁਰ ਮਿਊਂਸਪਲ ਕਮੇਟੀ ਦੇ ਪ੍ਰਧਾਨ ਰਹੇ ਕੁਲਵਿੰਦਰ ਸਿੰਘ ਸੋਹੀ, ਤ੍ਰਿਵੇਦੀ ਕੈਂਪ ਵਾਲੇ ਅਮਰ ਚਾਵਲਾ ਸ਼ਾਮਲ ਹਨ।

ਇੱਕ ਆਮ ਬੰਦੇ ਵੱਲੋਂ ਇੰਨੀ ਮਕਬੂਲੀਅਤ ਹਾਸਲ ਕਰ ਜਾਣ ਵਾਲੇ ਇਹੋ ਜਿਹੇ ਵਰਤਾਰੇ ਕਿਵੇਂ ਵਾਪਰਦੇ ਹਨ, ਇਹ ਅੱਜ ਕੱਲ੍ਹ ਦੇ ਸਿਆਸਤਦਾਨਾਂ ਦੀ ਦਿਲਚਸਪੀ ਦੇ ਵਿਸ਼ੇ ਹੋਣੇ ਚਾਹੀਦੇ ਹਨ। ਮੇਰੀ ਸਮਝ ਮੁਤਾਬਕ ਇਹੋ ਜਿਹੇ ਵਰਤਾਰਿਆਂ ਦਾ ਜੇ ਭੇਤ ਪਾਉਣਾ ਇੰਨਾ ਸੁਖਾਲਾ ਹੁੰਦਾ ਤਾਂ ਬਹੁਤ ਸਾਰੇ ਸਿਆਸਤਦਾਨਾਂ ਨੇ ਮਕਬੂਲ ਹੋਣ ਲਈ ਕੁੱਕੂ ਸੋਹੀ ਵਾਲੇ ਤੌਰ ਤਰੀਕੇ ਅਜ਼ਮਾ ਲੈਣੇ ਸਨ।

ਰਵਿੰਦਰ ਸੋਹੀ ਦੇ ਅੰਤਿਮ ਸਸਕਾਰ ਅਤੇ ਅੰਤਿਮ ਅਰਦਾਸ ਵਿੱਚ ਲੋਕਾਂ ਦੇ ਹੋਏ ਭਾਰੀ ਇਕੱਠ ਦੀਆਂ ਖ਼ਬਰਾਂ ਨੇ ਕਾਂਗਰਸ ਹਾਈਕਮਾਂਡ ਨੂੰ ਵੀ ਇਸ ਹੱਦ ਤੱਕ ਕਾਇਲ ਕਰ ਦਿੱਤਾ ਕਿ ਉਹਨੇ ਰਵਿੰਦਰ ਸੋਹੀ ਦੀ ਪਤਨੀ ਬੀਬੀ ਸ਼ੀਲਮ ਸੋਹੀ ਨੂੰ ਜਨਵਰੀ 2002 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਬਨੂੜ ਹਲਕੇ ਤੋਂ ਕੈਪਟਨ ਕੰਵਲਜੀਤ ਸਿੰਘ ਦੇ ਮੁਕਾਬਲੇ ਕਾਂਗਰਸ ਦਾ ਟਿਕਟ ਦੇ ਦਿੱਤਾ। ਬੀਬੀ ਸ਼ੀਲਮ ਸੋਹੀ ਦਾ ਆਪਣੇ ਪਤੀ ਦੇ ਜਨਤਕ ਜੀਵਨ ਨਾਲ ਕੋਈ ਵਾਹ ਵਾਸਤਾ ਨਹੀਂ ਸੀ ਤੇ ਹਲਕਾ ਵਾਸੀਆਂ ਨੇ ਉਨ੍ਹਾਂ ਦਾ ਨਾਂ ਵੀ ਟਿਕਟ ਮਿਲਣ 'ਤੇ ਹੀ ਪਹਿਲੀ ਦਫਾ ਸੁਣਿਆ ਸੀ। ਜੇ ਪੰਜਾਬੀ ਮੁਹਾਵਰੇ ਵਿੱਚ ਗੱਲ ਕਰੀਏ ਤਾਂ ਸ਼ੀਲਮ ਸੋਹੀ ਇੱਕ ਅਜਿਹੀ ਔਰਤ ਸੀ, ਜੀਹਨੇ ਕਦੇ ਘਰ ਦੀ ਦੇਹਲ਼ੀ ਤੋਂ ਬਾਹਰ ਪੈਰ ਵੀ ਨਹੀਂ ਸੀ ਕੱਢਿਆ, ਇਲੈਕਸ਼ਨ ਦਾ ਤਜਰਬਾ ਤਾਂ ਦੂਰ ਰਿਹਾ। ਨਾ ਉਹਦੇ ਕੋਲ ਕੋਈ ਤਜਰਬੇਕਾਰ ਇਲੈਕਸ਼ਨ ਮੈਨੇਜਰ ਹੀ ਸੀ। ਉਹ ਸਿਰਫ ਆਪਣੇ ਪਤੀ ਦੇ ਨਾਂ ਆਸਰੇ ਹੀ ਚੋਣ ਮੈਦਾਨ ਵਿੱਚ ਆਈ ਸੀ।


ਜਦੋਂ ਵੋਟਾਂ ਦਾ ਨਤੀਜਾ ਨਿਕਲਿਆ ਤਾਂ ਕੈਪਟਨ ਕੰਵਲਜੀਤ ਸਿੰਘ ਨੂੰ 51002 ਵੋਟਾਂ ਮਿਲੀਆਂ ਤੇ ਸ਼ੀਲਮ ਸੋਹੀ ਨੂੰ ਸਿਆਸਤ ਦੇ ਸੁਪਰ ਹੈਵੀਵੇਟ ਕੈਪਟਨ ਸਾਹਿਬ ਤੋਂ ਸਿਰਫ 714 ਵੋਟਾਂ ਘੱਟ ਯਾਨਿ 50288 ਵੋਟਾਂ ਮਿਲੀਆਂ। ਉਦੋਂ ਮੁੱਖ ਮੰਤਰੀ ਬਣੇ ਕੈਪਟਨ ਅਮਰਿੰਦਰ ਸਿੰਘ ਨੇ ਪਟਿਆਲੇ ਆਪਣੇ ਮੋਤੀ ਮਹਿਲ 'ਚ ਕਾਂਗਰਸ ਦੇ ਜੇਤੂ ਤੇ ਹਾਰੇ ਸਾਰੇ ਉਮੀਦਵਾਰਾਂ ਨੂੰ ਖਾਣੇ 'ਤੇ ਸੱਦਿਆ। ਅਗਲੇ ਦਿਨ ਇਸ ਖਾਣੇ ਦੀ ਖ਼ਬਰ ਲਾਉਂਦਿਆਂ 'ਪੰਜਾਬੀ ਟ੍ਰਿਬਿਊਨ' ਨੇ ਇਹ ਲਿਖਿਆ, "ਇਸ ਮੌਕੇ ਪੰਜਾਬ ਦੇ ਖਜ਼ਾਨਾ ਮੰਤਰੀ ਤੋਂ ਸਿਰਫ 714 ਵੋਟਾਂ 'ਤੇ ਫਰਕ ਨਾਲ ਹਾਰਨ ਵਾਲੀ ਬਿਲਕੁਲ ਅਨਾੜੀ ਉਮੀਦਵਾਰ ਬੀਬੀ ਸ਼ੀਲਮ ਸੋਹੀ ਸਭ ਦੀ ਖਿੱਚ ਦਾ ਕੇਂਦਰ ਸਨ।"

ਸ਼ੀਲਮ ਦੇ ਅਨਾੜੀ ਹੋਣ ਤੋਂ ਸਿਵਾਏ ਲੋਕਾਂ ਨੂੰ ਹੈਰਾਨੀ ਇਸ ਗੱਲ ਦੀ ਵੀ ਸੀ ਕੈਪਟਨ ਕੰਵਲਜੀਤ ਸਿੰਘ ਦੇ ਪੰਜਾਬ ਭਰ 'ਚੋਂ ਸਭ ਤੋਂ ਵੱਡੇ ਮਾਰਜਨ ਨਾਲ ਚੋਣ ਜਿੱਤਣ ਦੀਆਂ ਕਿਆਸ ਅਰਾਈਆਂ ਲਾਈਆਂ ਗਈਆਂ ਸਨ। ਰਵਿੰਦਰ ਸਿੰਘ ਉਰਫ ਕੁੱਕੂ ਸੋਹੀ ਦੇ ਨਾਂ ਵੱਲੋਂ ਹੀ ਇੱਕ ਸਿਆਸੀ ਮਹਾਂਰਥੀ ਦੇ ਬਰਾਬਰ ਵੋਟਾਂ ਹਾਸਲ ਕਰ ਲੈਣੀਆਂ ਕੁੱਕੂ ਦੀ ਮਕਬੂਲੀਅਤ ਦੀ ਔਨ ਰਿਕਾਰਡ ਤਸਦੀਕ ਹੈ।

# ਬੇਬੇ ! ਮੈਂ ਆ ਗਿਆ...

*ਆਪਣਿਆਂ ਤੋਂ ਵਿਛੜ ਕੇ ਪਰਦੇਸ ਆ ਵੱਸਣ ਵਾਲਿਆਂ ਦੇ ਦਿਲ ਅੰਦਰ ਇਹ ਆਸ ਰਹਿੰਦੀ ਹੈ ਕਿ ਉਹ ਕਦੋਂ ਉਡ ਕੇ ਆਪਣੇ ਵਿਛੜੇ ਪਰਿਵਾਰਕ ਮੈਂਬਰਾਂ ਨੂੰ ਜਾ ਮਿਲਣ; ਖਾਸ ਕਰ ਮਾਂ-ਪਿਓ ਦੀਆਂ ਅਸੀਸਾਂ ਤੇ ਉਨ੍ਹਾਂ ਦੀ ਗਲਵੱਕੜੀ ਦਾ ਨਿੱਘ ਮਾਣਨ ਦੀ ਤਾਂਘ ਤਾਂ ਹਮੇਸ਼ਾ ਹੀ ਰਹਿੰਦੀ ਹੈ। ਪਰਦੇਸ ਆ ਵੱਸੇ ਮਾਂਵਾਂ ਦੇ ਧੀਆਂ-ਪੁੱਤ ਕਿਨ੍ਹਾਂ ਘਾਲਣਾਵਾਂ ਦੇ ਗ੍ਰੱਸੇ ਮਾਪਿਆਂ ਦੇ ਵਿਛੋੜੇ ਦਾ ਸੱਲ ਸਹਿੰਦੇ ਹਨ, ਇਸ ਦਾ ਬਿਆਨ ਉਹ ਹੀ ਕਰ ਸਕਦੇ ਹਨ, ਜਿਹੜੇ ਇਸ ਤਕਲੀਫ ਵਿੱਚੋਂ ਲੰਘੇ ਹਨ; ਤੇ ਮਾਪੇ ਆਪਣੀ ਔਲਾਦ ਨੂੰ ਮਿਲਣ ਲਈ ਤੜਫਦੇ ਰਹਿੰਦੇ ਹਨ। ਅਜਿਹੇ ਹੀ ਅਹਿਸਾਸ ਨਾਲ ਗੁੰਨ੍ਹੀ ਇਸ ਕਹਾਣੀ ਵਿੱਚ ਦਰਸਾਇਆ ਗਿਆ ਹੈ ਕਿ ਪਰਦੇਸਾਂ ਵਿੱਚ ਸੈਟਲ ਹੋਣ ਲਈ ਬੱਚੇ ਪਰਿਵਾਰਾਂ ਤੋਂ ਦੂਰ ਹੋ ਜਾਂਦੇ ਹਨ ਤੇ ਪਿੱਛੇ ਰਹਿ ਗਏ ਮਾਪੇ ਉਨ੍ਹਾਂ ਨੂੰ ਤਾਂਘਦੇ ਦਮ ਤੋੜ ਜਾਂਦੇ ਹਨ। ਇਹ ਕਾਹਣੀ ਜੇ ਸਾਰਿਆਂ ਦੀ ਨਹੀਂ, ਤਾਂ ਬਹੁਤਿਆਂ ਦੀ ਜ਼ਰੂਰ ਹੀ ਆਪਣੀ ਆਪਣੀ ਹੈ।*

**ਕਹਾਣੀ**



ਸ਼ਿਵਚਰਨ ਜੱਗੀ ਕੁੱਸਾ

ਪ੍ਰੀਤ ਡਬਲ-ਡਿਊਟੀ ਕਰ ਕੇ ਮੁੜਿਆ। ਸਾਰੀ ਰਾਤ ਅਤੇ ਅੱਧੇ ਦਿਨ ਦੇ ਕੰਮ ਨੇ ਉਸ ਨੂੰ ਮਧੋਲ ਸੁੱਟਿਆ ਸੀ। ਉਸ ਦੀ ਘਰਵਾਲੀ 'ਹਨੀ' ਨੇ ਅੱਜ ਦੋ ਘੰਟੇ ਅਟਕ ਕੇ ਆਪਣੀ ਡਿਊਟੀ ਤੋਂ ਪਰਤਣਾ ਸੀ। ਹਨੀ ਹਮੇਸ਼ਾ ਸਵੇਰੇ ਛੇ ਵਜੇ ਤੋਂ ਦੋ ਵਜੇ ਤੱਕ ਡਿਊਟੀ ਕਰਦੀ ਸੀ। ਦੋਨੋਂ ਬੱਚੇ ਵੀ ਸਕੂਲੋਂ ਨਹੀਂ ਪਰਤੇ ਸਨ।

ਪ੍ਰੀਤ ਨੇ ਗਰਮ-ਗਰਮ ਪਾਣੀ ਨਾਲ ਨਹਾ ਕੇ ਬੋਤਲ ਖੋਲ੍ਹ ਲਈ। ਇੱਕ ਤਕੜਾ ਪੈੱਗ ਮਾਰ ਕੇ ਉਸ ਨੇ ਆਪਣੇ ਆਪ ਨੂੰ ਕੁਝ ਹਲਕਾ-ਹਲਕਾ ਮਹਿਸੂਸ ਕੀਤਾ। ਜਿਵੇਂ ਉਹ ਹੌਲਾ ਫੁੱਲ ਹੋ ਗਿਆ ਸੀ। ਆਪਣੀ ਪਤਨੀ ਹਨੀ ਆਉਣ ਤੱਕ ਉਸ ਨੇ ਅੱਧੀ ਬੋਤਲ ਨੇੜੇ ਲਾ ਦਿੱਤੀ ਸੀ।

"ਕਿਵੇਂ ਅੱਜ ਢਿੱਲੇ ਜਿਹੇ ਬੈਠੇ ਓ?" ਹਨੀ ਨੇ ਪੁੱਛਿਆ। ਉਸ ਨੇ ਅੱਧੀ ਹੋਈ ਬੋਤਲ ਤੇ ਨਜ਼ਰ ਮਾਰ ਲਈ ਸੀ। ਹਨੀ ਦੀ ਸੋਚ ਮੁਤਾਬਿਕ ਤਾਂ ਪ੍ਰੀਤ ਦੋ ਪੈੱਗ ਲਾ ਕੇ 'ਬਾਬੂ' ਬਣ ਜਾਂਦਾ ਸੀ। ਉਸ ਦੇ ਆਉਂਦੀ ਨੂੰ ਜੇ ਪ੍ਰੀਤ ਦੀ ਪੀਤੀ ਹੋਈ ਹੁੰਦੀ ਤਾਂ ਉਹ ਹਨੀ ਨੂੰ ਲੱਕੋਂ ਚੁੱਕ ਕੇ 'ਬਾਲਾ' ਕੱਢ ਦਿੰਦਾ ਅਤੇ ਆਖਦਾ, "ਧਰਮ ਨਾਲ ਤੇਰਾ ਤਾਂ ਜਮਾਂ ਈ ਭਾਰ ਨਹੀਂ ਲੱਗਦਾ-ਪੱਚੀਆਂ ਫੁੱਲਾਂ ਨਾਲ ਤੋਲਣ ਵਾਲੀ ਐ ਤੂੰ-ਤੇਰਾ ਇੱਕ ਹੱਥ ਨਾਲ ਬਾਲਾ ਕੱਢ ਕੇ ਦਿਖਾਵਾਂ?" ਤਾਂ ਹਨੀ ਦੁਹਾਈ ਦਿੰਦੀ, "ਤੁਸੀਂ ਮੇਰਾ ਕੁਛ ਤੋੜਨੈਂ?" ਤਾਂ ਪ੍ਰੀਤ ਉਸ ਨੂੰ ਥੱਲੇ ਉਤਾਰਦਾ ਕਹਿੰਦਾ, "ਤੀਮੀ ਵੀ ਕੋਈ ਟੁੱਟਣ ਆਲੀ ਚੀਜ਼ ਐ? ਤੀਮੀ ਤਾਂ ਇੱਕ ਉਪਜਾਊ ਜ਼ਮੀਨ ਵਰਗੀ ਹੁੰਦੀ ਐ-ਜਿੰਨੀ ਵਾਹੋ ਉਨੀ ਈ ਫ਼ਲਦੀ ਐ।" ਹਾਸਾ-ਮਖੌਲ ਜਾਰੀ ਰਹਿੰਦਾ।

ਪਰ ਅੱਜ ਗੱਲ ਉਲਟ ਸੀ।

"ਮੈਖਿਆ ਜਨਾਬ ਹੁਰੀਂ ਕਿਵੇਂ ਘੁੱਟੇ ਘੁੱਟੇ ਜਿਹੇ ਬੈਠੇ ਐ? ਨਾਲੇ ਉਹ ਵੀ ਦਾਰੂ ਪੀ ਕੇ?" ਹਨੀ ਫਰਾਂ ਵਾਲਾ ਕੋਟ ਉਤਾਰ ਕੇ ਪ੍ਰੀਤ ਦੇ ਬਿਲਕੁਲ ਸਾਹਮਣੇ ਬੈਠ ਮੋਮਬੱਤੀ ਵਾਂਗ ਜਗਣ ਲੱਗ ਪਈ।

"ਬੱਸ ਉਈਂ ਅੱਜ ਦਿਲ ਜਿਹਾ ਨਹੀਂ ਲੱਗਦਾ। ਮਨ ਬਹੁਤ ਈ ਉਦਾਸ ਐ। ਪਤਾ ਨਹੀਂ ਕਿਉਂ?" ਉਸ ਨੇ ਗਲਾਸ ਖਾਲੀ ਕਰ ਦਿੱਤਾ।

"ਫੈਕਟਰੀ 'ਚ ਤਾਂ ਨ੍ਹੀਂ ਤਕਰਾਰ ਹੋ'ਗੀ ਕਿਸੇ ਨਾਲ?"

"ਫੈਕਟਰੀ ਵਿੱਚ ਤਾਂ ਤਕਰਾਰ ਕਿਸੇ ਨਾਲ ਕਿਉਂ ਹੋਣੀ ਸੀ, ਆਪਣਾ ਕਿਹੜਾ ਕਿਸੇ ਨਾਲ ਕੋਈ ਵੈਰ ਐ?"

"ਹੋਰ ਫੇਰ ਕੀ ਗੱਲ ਐ ਜਨਾਬ?"

"ਹਨੀ ਪਤਾ ਨਹੀਂ ਕਿਉਂ ਅੱਜ ਮੇਰਾ ਰੋਣ ਨੂੰ ਜੀਅ ਜਿਹਾ ਕਰੀ ਜਾਂਦੈ।"

"ਸੁੱਖੀ-ਸਾਂਦੀਂ ਰੋਣਾ ਕਾਹਤੋਂ ਐ! ਰੱਬ ਸੁੱਖਾਂ ਈ ਬਖਸ਼ੇ। ਅੰਡੇ ਬਣਾ ਕੇ ਦਿਆਂ?" ਹਨੀ ਨੂੰ ਭਲੀਭਾਂਤ ਪਤਾ ਸੀ ਕਿ ਪ੍ਰੀਤ ਕਦੇ ਸੁੱਕੀ ਨਹੀਂ ਪੀਂਦਾ ਸੀ। ਦਾਰੂ ਨਾਲ ਮੁਰਗੇ ਦੀ ਟੰਗ ਜਾਂ ਭੁਰਜੀ ਉਸ ਦੀ ਖੁਰਾਕ ਸੀ।

"...।" ਜਦ ਪ੍ਰੀਤ ਨੇ ਕੋਈ ਉੱਤਰ ਨਾ ਦਿੱਤਾ ਤਾਂ ਹਨੀ ਕਿਚਨ ਵਿੱਚ ਅੰਡੇ ਬਣਾਉਣ ਤੁਰ ਗਈ।

ਪ੍ਰੀਤ ਦਾ ਨਾਂ ਅਸਲ ਵਿੱਚ ਕੁਦਰਤਪ੍ਰੀਤ ਸਿੰਘ ਸੀ ਅਤੇ ਹਨੀ ਦਾ ਨਾਂ ਸੀ ਹਰਿੰਦਰ। ਆਸਟਰੀਅਨ ਯੁੱਗ ਨੇ ਕਿਸੇ ਨੂੰ 'ਪ੍ਰੀਤ' ਅਤੇ ਕਿਸੇ ਨੂੰ 'ਹਨੀ' ਬਣਾ ਧਰਿਆ ਸੀ। ਹਨੀ ਦੇ ਮਾਂ-ਬਾਪ ਕਰੀਬ ਪੱਚੀ ਸਾਲ ਤੋਂ ਇੱਥੇ ਵਸੇ ਹੋਏ ਸਨ ਅਤੇ ਉਹ ਇੱਥੋਂ ਦੀ ਹੀ ਜੰਮਪਲ ਸੀ। ਪਰ ਮਾਂ ਬਾਪ ਸਾਬਤ ਸੂਰਤ ਹੋਣ ਕਰ ਕੇ ਹਨੀ ਦੇਸੀ-ਮਾਹੌਲ ਵਿੱਚ ਢਲੀ ਹੋਈ ਸੀ। ਪ੍ਰੀਤ ਪਲੱਸ-ਟੂ ਵਿੱਚੇ ਹੀ ਛੱਡ ਕੇ ਰੁਲਦਾ-ਖੁਲਦਾ ਕਿਵੇਂ ਨਾ ਕਿਵੇਂ ਆਸਟਰੀਆ ਪੁੱਜ ਗਿਆ ਸੀ। ਆਸਟਰੀਆ ਵਿੱਚ ਹੋਰ ਕੋਈ ਟਿਕਾਣਾ ਨਾ ਹੋਣ ਕਾਰਨ ਉਸ ਨੇ 'ਪੋਲੀਟੀਕਲ ਸਟੇਅ' ਲਈ ਅਪਲਾਈ ਕੀਤਾ ਅਤੇ ਹਰ ਹਫਤੇ ਵਿਆਨਾ ਗੁਰੂ ਘਰ ਸੇਵਾ ਲਈ ਹਾਜ਼ਰ ਹੋਣ ਲੱਗ ਪਿਆ। ਵਿਆਨਾ ਗੁਰੂ ਘਰ ਦਾ ਮਾਹੌਲ ਬੜਾ ਨਿੱਘਾ ਅਤੇ ਧਾਰਮਿਕ ਸੀ। ਸੱਚੇ ਸੁੱਚੇ ਪ੍ਰਬੰਧਕ ਅਤੇ ਸੇਵਾਦਾਰ ਸਨ। ਕਿਸੇ ਨਾਲ ਕੋਈ ਦਰਿਆਦਰੀ ਨਹੀਂ ਕਰਦਾ ਸੀ। ਕਿਸੇ ਦਾ ਅਨਾਦਰ ਨਹੀਂ ਹੁੰਦਾ ਸੀ। ਇਥੇ ਆ ਕੇ ਹਰ ਧਰਮ, ਹਰ ਕੌਮ ਦਾ ਬੰਦਾ ਸ਼ਰਧਾ ਨਾਲ ਲੀਨ ਹੋ ਜਾਂਦਾ ਸੀ। ਪੂਰਨ ਰਹਿਤ ਮਰਿਆਦਾ ਸੀ ਅਤੇ ਇਸ ਗੁਰੂ ਘਰ ਦੀ ਇਹ ਖੂਬੀ ਸੀ ਕਿ ਇਥੇ ਬਰਾਬਰਤਾ ਸੀ। ਪਵਿੱਤਰ ਗੁਰਬਾਣੀ ਅਨੁਸਾਰ "ਸਭੇ ਸਾਂਝੀਵਾਲ ਸਦਾਇਨ॥ ਕੋਈ ਨਾ ਦਿਸੈ ਬਾਹਰਾ ਜੀਉ॥" ਦਾ ਬੋਲਬਾਲਾ ਸੀ।

ਇੱਕ ਦਿਨ ਹਨੀ ਦੇ ਬਾਪ ਦੀ ਨਜ਼ਰ ਸੋਹਣੇ ਸੁਨੱਖੇ ਪ੍ਰੀਤ 'ਤੇ ਪਈ ਤਾਂ ਉਸ ਨੇ ਉਸ ਨੇ ਅੰਦਰੋਂ ਅੰਦਰੀ ਉਸ ਨੂੰ ਹਨੀ ਲਈ ਚੁਣ ਲਿਆ। ਹਨੀ ਦਾ ਬਾਪ ਸਰਮੁਖ ਸਿੰਘ ਨੇ ਗੱਲ ਚਲਾਈ ਤੇ ਪ੍ਰਬੰਧਕਾਂ ਦੀ ਸਰਪ੍ਰਸਤੀ ਸਦਕਾ ਕਾਰਜ ਰਾਸ ਆ ਗਿਆ। ਗੁਰੂ ਘਰ ਵਿਖੇ ਹੀ ਅਤਿ-ਸੰਖੇਪ ਸਾਧਨਾਂ ਨਾਲ ਅਨੰਦ-ਕਾਰਜ ਰਚਾ ਦਿੱਤਾ ਅਤੇ 'ਏਕ ਜੋਤਿ ਦੋਇ ਮੂਰਤਿ॥' ਨਾਲ ਜੋੜੀ ਨੂੰ ਅਸ਼ੀਰਵਾਦ ਮਿਲ ਗਿਆ। ਦੋ ਹਫਤੇ ਦੇ ਵਿੱਚ ਵਿੱਚ ਵਿਆਹ ਦੀ ਰਜਿਸਟਰੇਸ਼ਨ ਹੋ ਗਈ ਅਤੇ ਪ੍ਰੀਤ 'ਕੱਚੇ' ਤੋਂ 'ਪੱਕਾ' ਹੋ ਗਿਆ।

ਮਿੱਤਰ-ਪਿਆਰਿਆਂ ਦੇ ਸਹਿਯੋਗ ਸਦਕਾ ਸਰਮੁਖ ਸਿੰਘ ਨੇ ਬੰਨ੍ਹ-ਸੁੱਬ ਕਰ ਕੇ ਧੀਅ-ਜਵਾਈ ਨੂੰ ਮਕਾਨ ਦਾ ਢਾਣਸ ਕਰ ਦਿੱਤਾ। ਸੁੱਘੜ, ਸੁਆਣੀ ਵਾਂਗ ਹਨੀ ਨੇ ਆਪਣਾ ਘਰ ਸਾਂਭ ਲਿਆ। ਉਹ ਯੂਰਪ ਵਿੱਚ ਜੰਮੀਆਂ-ਪਲੀਆਂ ਹੋਰ ਕੁੜੀਆਂ ਵਾਂਗ 'ਫੁਕਰੀ' ਨਹੀਂ ਸੀ। ਆਮ ਕੁੜੀਆਂ ਵਾਂਗ ਉਸ ਦੇ ਪੈਰਾਂ ਹੇਠ ਅੱਗ ਨਹੀਂ ਮੱਚਦੀ ਸੀ। ਉਹ ਸੁਭਾਅ ਦੀ ਨਿਰਲੇਪ ਅਤੇ ਆਦਤ ਤੋਂ ਸੰਜੀਦਾ ਸੀ। ਪ੍ਰੀਤ ਦੀ ਦਾਰੂ ਉਸ ਨੂੰ ਕਦੇ ਚੁਭੀ ਨਹੀਂ ਸੀ। ਵੈਸੇ ਪ੍ਰੀਤ ਵੀ ਨਿੱਤ ਦਾ ਲੰਡਰ-ਪਿਆਕੜ ਨਹੀਂ ਸੀ। ਉਹ ਕਦੇ ਥੱਕਿਆ ਹੋਇਆ ਜਾਂ ਕਿਤੇ ਲਾਚੜਿਆ ਹੋਇਆ ਪੀਣ ਦਾ ਸ਼ੌਕੀਨ ਸੀ।


ਜਦ ਹਨੀ ਅੰਡਿਆਂ ਦੀ ਆਮਲੇਟ ਬਣਾ ਕੇ ਲਿਆਈ ਤਾਂ ਪ੍ਰੀਤ ਉਪਰ ਪਿਸ਼ਾਬ ਕਰਨ ਗਿਆ ਹੋਇਆ ਸੀ। ਜਦ ਉਹ ਮੁੜਿਆ ਤਾਂ ਹਨੀ ਨੇ ਪੁੱਛਿਆ, "ਤੁਹਾਨੂੰ ਕੋਈ ਪੰਜਾਬੀ ਗੀਤ ਲਾ ਕੇ ਦਿਆਂ?" ਪ੍ਰੀਤ ਪੰਜਾਬੀ ਅਤੇ ਪੰਜਾਬੀ ਗੀਤਾਂ ਦਾ ਆਸ਼ਕ ਸੀ।

"ਹਨੀ ਅਕਤੂਬਰ ਵਿੱਚ ਆਪਾਂ ਇੰਡੀਆਂ ਚੱਲਾਂਗੇ।" ਉਸ ਨੇ ਗੱਲ ਵੱਲੋਂ ਬੇਧਿਆਨਾ ਹੋ ਕੇ ਕਿਹਾ।

"ਮੇਰੇ ਵੱਲੋਂ ਅਗਲੇ ਹਫਤੇ ਹੀ ਚੱਲੋ, ਅਕਤੂਬਰ ਵਿੱਚ ਤਾਂ ਅਜੇ ਦੋ ਮਹੀਨੇ ਪਏ ਐ। ਨਾਲੇ ਮੈਂ ਬੇਜੀ ਨੂੰ ਮਿਲ ਆਊਂ। ਮੈਂ ਤਾਂ ਉਨ੍ਹਾਂ ਨੂੰ ਹਾਲੀ ਤੱਕ ਦੇਖਿਆ ਵੀ ਨਹੀਂ।"

"ਨਹੀਂ ਅਕਤੂਬਰ ਤੱਕ ਹੱਥ ਖੁੱਲ੍ਹਾ ਜਿਹਾ ਹੋ ਜਾਊ। ਜਦੋਂ ਦੇ ਬਾਪੂ ਜੀ ਮਰੇ ਐ, ਜਾਣੀ ਦੀ ਘਰ ਵਿੱਚ ਬਰਕਤ ਜਿਹੀ ਨਹੀਂ ਆਈ। ਇੱਕ ਤਾਂ ਭਰਾ ਕਿਸੇ ਕੰਮ ਦੇ ਨਹੀਂ-ਆਨੇ ਕੱਢਦੇ ਐ। ਉਨ੍ਹਾਂ ਨੂੰ ਤਾਂ ਇਉਂ ਈ ਐਂ ਬਈ ਬਾਹਰ ਈ ਕਿਤੇ ਮਰ ਖਪ ਜਾਵੇ ਤੇ ਸਾਰੀ ਜ਼ਮੀਨ ਦੇ ਅਸੀਂ ਵਾਰਿਸ ਬਣੀਏ। ਉਹ ਤਾਂ ਬੇਬੇ ਬੈਠੀ ਕਰ ਕੇ ਈ ਚੁੱਪ ਐ, ਜਿੱਦੇ ਪੂਰੀ ਹੋ'ਗੀ, ਦੇਖ'ਲੀਂ ਕੀ ਸੱਪ ਕੱਢ ਕੇ ਦਿਖਾਉਂਦੇ ਐ। ਕੋਈ ਨਹੀਂ ਮੇਰਾ ਸਾਲਾ ਅੱਜ ਕੱਲ੍ਹ ਕਿਸੇ ਦਾ, ਸਭ ਪੈਸੇ ਦੇ ਪੁੱਤ ਐ।"

"ਤੁਸੀਂ ਜਨਾਬ ਕਿਉਂ ਐਵੇਂ ਬੱਕੜਵਾਹ ਕਰਨ ਲੱਗ ਪਏ। ਬਥੇਰੀਆਂ ਥੋਨੂੰ ਚਿੱਠੀਆਂ ਆਉਂਦੀਐ ਉਨ੍ਹਾਂ ਦੀਆਂ।"



ਦਲਬੀਰ ਧਾਲੀਵਾਲ ਆਰਟ ਵਰਕ

"ਚਿੱਠੀਆਂ ਆਉਂਦੀਐ ਟੱਲ ਬਾਬੇ ਦਾ! ਕਦੇ ਦਸ ਹਜ਼ਾਰ ਭੇਜ ਦਿਓ, ਕਦੇ ਪੰਜਾਹ ਭੇਜ ਦਿਓ। ਐਥੇ ਦਰੱਖਤਾਂ ਨੂੰ ਲੱਗਦੇ ਐ? ਕੰਮ ਕਾਰ ਕਰ-ਕਰ ਅੱਟਣ ਪਏ ਹੋਏ ਐ ਹੱਥਾਂ 'ਤੇ। ਪੈਨਸ਼ਨ ਹੋਣ ਤੱਕ ਬੰਦਾ ਜੁਲਾਹੇ ਦੀ ਤਾਣੀ ਵਾਂਗੂੰ ਹਿੱਲਣ ਲੱਗ ਪੈਂਦੇ।" ਪੈੱਗ ਪੀ ਕੇ ਪ੍ਰੀਤ ਨੇ ਭੁਰਜੀ 'ਗਲੱਪ-ਗਲੱਪ' ਕਰ ਕੇ ਸਮੇਟਣੀ ਸ਼ੁਰੂ ਕਰ ਦਿੱਤੀ।

"ਕੋਈ ਗੱਲ ਨਹੀਂ ਜਨਾਬ, ਜੇ ਭਰਾ ਹੈ ਤਾਂ ਹੀ ਲਿਖਦੇ ਐ!" ਹਨੀ ਖੁਦ ਭੈਣ ਭਰਾਵਾਂ ਵੱਲੋਂ ਸੱਖਣੀ ਸੀ।

"ਸੁਆਹ ਐ ਭਰਾ, ਸਾਲੇ ਮੋਕਮਾਰ! ਸਾਡੀ ਇੱਕ ਆਰੀ ਸ਼ਰੀਕਾਂ ਨਾਲ ਖੜਕ ਪਈ, ਸਾਲੇ ਦੋਨੋਂ ਲੁਕਦੇ ਫਿਰਨ। ਮੈਂ ਕਾਲਜ 'ਚੋਂ ਕਰ ਲਿਆਂਦੀ ਫਿਰ ਹਨੂੰਮਾਨ ਦੀ ਸੈਨਾ 'ਕੱਠੀ, ਮਾਰ ਮਾਰ ਸ਼ਰੀਕਾਂ ਦੇ ਮੌਰਾਂ ਵਿੱਚ ਚਿੱਬ ਪਾ'ਤੇ, ਮੁੜਕੇ ਮੂਹਰੇ ਸਾਹ ਨਹੀਂ ਕੱਢਿਆ ਸਾਲਿਆਂ ਨੇ। ਹਨੀ ਤੈਨੂੰ ਨਹੀਂ ਇਸ ਕੁੱਤੀ ਦੁਨੀਆਂ ਦਾ ਪਤਾ...! ਮੈਂ ਸ਼ਰਾਬੀ ਸ਼ਰੂਬੀ ਕੋਈ ਨਹੀਂ, ਮੇਰੇ ਸ਼ਰੀਕ ਮੂਹਰੇ ਲਾਏ ਹੁਣ ਤੱਕ ਨਹੀਂ ਕੁਸਕੇ। ਡਰਦੇ ਮਾਰੇ ਪੁਲਸ ਕੋਲੇ ਵੀ ਨਹੀਂ ਗਏ। ਇੱਥੇ ਕੋਈ ਕਿਸੇ ਦਾ ਨਹੀਂ, ਸਾਰੇ ਸਾਲੇ ਲੰਡੇ ਮਤਲਬੀ ਐ। ਕੋਈ ਨੀ ਕਿਸੇ ਦਾ ਬੇਲੀ ਦੁਨੀਆਂ ਮਤਲਬ ਦੀ...।" ਕਵੀਸ਼ਰੀ ਕਰਦਾ ਉਹ ਸੋਫੇ 'ਤੇ ਟੇਢਾ ਹੋ ਗਿਆ।

ਜਦ ਹਨੀ ਰੋਟੀ ਲੈ ਕੇ ਆਈ ਤਾਂ ਪ੍ਰੀਤ ਘੁਰਾੜਿਆਂ ਦੀ ਚੱਕੀ ਪੀਸੀ ਜਾ ਰਿਹਾ ਸੀ। ਉਹ ਮੁਸਕਰਾਉਂਦੀ ਰੋਟੀ ਵਾਪਸ ਲੈ ਗਈ। ਸ਼ਾਮ ਨੂੰ ਸੱਤ ਕੁ ਵਜੇ ਫੋਨ ਖੜਕਿਆ। ਫੋਨ ਹਨੀ ਨੇ ਹੀ ਚੁੱਕਿਆ।

"ਹੈਲੋ! ਭਾਬੀ ਜੀ ਬੋਲਦੇ ਐ?" ਉਧਰੋਂ ਪ੍ਰੀਤ ਦੀ ਮਾਸੀ ਦੇ ਲੜਕੇ ਸ਼ਿਕੰਦਰ ਦੀ ਆਵਾਜ਼ ਸੀ।

"ਹਾਂ! ਮੈਂ ਹਨੀ ਬੋਲਦੀ ਐ।"

"ਭਾਬੀ ਜੀ, ਸਤਿ ਸ੍ਰੀ ਅਕਾਲ।"

"ਸਾਸਰੀਕਾਲ, ਕੀ ਹਾਲ ਐ ਸਿਕੰਦਰ?"

"ਹਾਲ ਬਹੁਤ ਮਾੜੇ ਐ ਭਾਬੀ ਜੀ। ਬਾਈ ਕਿਥੇ ਐ?"

"ਸੁੱਤੇ ਪਏ ਐ। ਕੀ ਗੱਲ ਐ, ਸੁੱਖ ਐ?"

"ਸੁੱਖ ਕਿੱਥੇ ਭਾਬੀ ਜੀ! ਬਾਈ ਨੂੰ ਜਲਦੀ ਜਗਾਓ! ਬਾਈ ਜੀ ਦੀ ਬੇਬੇ, ਮੇਰਾ ਮਤਲਬ ਮਾਸੀ ਜੀ ਦੀ ਮੌਤ ਹੋ ਗਈ।"

"ਕਿਵੇਂ, ਕਦੋਂ?" ਹਨੀ ਸਿਰ ਜਿਵੇਂ ਬਿਜਲੀ ਡਿੱਗ ਪਈ। ਉਸ ਨੂੰ ਆਪਣੇ ਪੈਰ ਜਿਵੇਂ ਘੁਕਦੇ ਪ੍ਰਤੀਤ ਹੋ ਰਹੇ ਸਨ।

"ਦੋ ਕੁ ਘੰਟੇ ਹੋ ਗਏ, ਬੱਸ ਦੌਰਾ ਜਿਹਾ ਪਿਆ, ਅਸੀਂ ਚੁੱਕ ਕੇ, ਬੂਟੇ ਦੀ ਗੱਡੀ ਵਿੱਚ ਪਾ ਹਸਪਤਾਲ ਲੈ ਗਏ, ਬੱਸ ਰਾਹ ਵਿੱਚ ਈ...।"

"ਸਿਕੰਦਰ ਤੂੰ ਇਉਂ ਕਰ, ਮੈਂ ਉਨ੍ਹਾਂ ਨੂੰ ਜਗਾ ਦਿਨੀ ਆਂ, ਤੂੰ ਪੰਦਰਾਂ ਕੁ ਮਿੰਟਾਂ ਬਾਅਦ ਫੋਨ ਕਰੀਂ; ਪਰ ਤੂੰ ਉਨ੍ਹਾਂ ਨੂੰ ਇੱਕ ਦਮ ਨਾ ਦੱਸੀਂ, ਜਜ਼ਬਾਤੀ ਬਹੁਤੇ ਐਂ।"

"ਭਾਬੀ ਜੀ ਚਾਹੇ ਹੌਲੀ ਦੱਸ ਲੋ, ਜਿਵੇਂ ਮਰਜ਼ੀ ਐ ਕਰ ਲਵੋ, ਭਾਣਾ ਤਾਂ ਵਰਤ ਗਿਆ।"

"ਤੂੰ 15-20 ਮਿੰਟ ਤੱਕ ਫੋਨ ਕਰੀਂ, ਮੈਂ ਉਨ੍ਹਾਂ ਨੂੰ ਜਗਾਉਂਨੀ ਆਂ।" ਉਹ ਤੇਜ਼ੀ ਨਾਲ ਗੱਲਾਂ ਕਰ ਰਹੇ ਸਨ।

ਫੋਨ ਬੰਦ ਕਰਨ ਤੋਂ ਬਾਅਦ ਹਨੀ ਦਾ ਪ੍ਰੀਤ ਨੂੰ ਜਗਾਉਣ ਦਾ ਹੀਆ ਨਹੀਂ ਪੈ ਰਿਹਾ ਸੀ। ਉਹ ਘੁਰਾੜੇ ਮਾਰਦੇ ਪ੍ਰੀਤ ਸਿਰਹਾਣੇ ਅੱਖਾਂ ਭਰੀ ਖੜ੍ਹੀ ਸੀ। ਉਸ ਦੇ ਦਿਮਾਗ ਅੰਦਰ ਵਦਾਣ ਚੱਲੀ ਜਾ ਰਹੇ ਸਨ। ਸੱਸ ਦੀਆਂ ਚਿੱਠੀਆਂ ਤੇ ਲਿਖਵਾਈਆਂ ਮਿੱਠੀਆਂ-ਮਿੱਠੀਆਂ, ਪਿਆਰੀਆਂ-ਪਿਆਰੀਆਂ ਗੱਲਾਂ ਕੰਨਾਂ ਵਿੱਚ ਵੈਣ ਬਣ, ਕੂਕ ਰਹੀਆਂ ਸਨ।

"ਮੈਖਿਆਂ ਜੀ! ਸਿਕੰਦਰ ਦਾ ਫੋਨ ਆਇਐ ਬਠਿੰਡੇ ਤੋਂ।" ਉਸ ਨੇ ਪ੍ਰੀਤ ਨੂੰ ਬਾਹੋਂ ਫੜ ਬੈਠਾ ਕਰ ਲਿਆ ਅਤੇ ਪਿੱਛੋਂ ਢੋਹ ਲਾ ਕੇ ਬੈਠ ਗਈ। ਕੁੜੀ ਦਿਲ ਦੇ ਦਰਦ ਨੂੰ ਬੜੀ ਤਾਕਤ ਨਾਲ ਜਜ਼ਬ ਕਰੀ ਬੈਠੀ ਸੀ।

"ਹੂੰਅ...ਕਿੱਥੇ ਐ?" ਉਹ ਊਂਘਦਾ ਪੁੱਛ ਰਿਹਾ ਸੀ।

"ਤੁਸੀ ਉਠ ਕੇ ਮੂੰਹ ਹੱਥ ਧੋਵੋ ਕੁਰਲੀ ਕਰੋ।" ਉਸ ਨੇ ਬੜੀ ਹਿੰਮਤ ਕਰਕੇ ਉਸ ਦੀਆਂ ਲੱਤਾਂ ਸੋਫੇ ਤੋਂ ਥੱਲੇ ਲਾਹ ਦਿੱਤੀਆਂ। ਪ੍ਰੀਤ ਕੁਝ ਸੁਰਤ ਫੜ ਗਿਆ।

"ਕੀ ਐ...?"

"ਸਿਕੰਦਰ ਦਾ ਫੋਨ ਆਇਆ ਸੀ, ਉਹ ਪੰਦਰਾਂ ਕੁ ਮਿੰਟਾਂ ਬਾਅਦ ਫੇਰ ਕਰੂਗਾ। ਤੁਸੀ ਮੂੰਹ ਹੱਥ ਧੋ ਲਵੋ।"

ਪ੍ਰੀਤ ਉਠ ਕੇ ਮੂੰਹ ਹੱਥ ਧੋਣ ਚਲਾ ਗਿਆ।

"ਅੱਜ ਥੋੜ੍ਹੀ ਜ਼ਿਆਦਾ ਪੀ ਲਈ, ਬੱਸ! ਹੁਣ ਦਾਰੂ ਨਹੀਂ ਪੀਣੀ।" ਉਹ ਮੂੰਹ ਪੂੰਝਦਾ ਕਹਿ ਰਿਹਾ ਸੀ।

"...।"

"ਆਹਏਂ ਬੈਠੀ ਐਂ? ਮੈਂ ਪੀ ਕੇ ਤੈਨੂੰ ਕੁਛ ਬੋਲਿਆ ਤਾਂ ਨਹੀਂ?" ਉਸ ਨੇ ਗੰਭੀਰ ਬੈਠੀ ਹਨੀ ਨੂੰ ਪੁੱਛਿਆ।

"...।" ਕੁੜੀ ਦਾ ਰੋਣ ਨਿਕਲ ਗਿਆ।

"ਕੀ ਹੋ ਗਿਆ? ਹੈਂ! ਤੈਨੂੰ ਕਿਹਾ ਬਈ ਮੇਰੀ ਦਾਰੂ ਅੱਜ ਤੋਂ ਬੰਦ!" ਉਹ ਸਮਝ ਰਿਹਾ ਸੀ ਕਿ ਹਨੀ ਮੇਰੀ ਦਾਰੂ ਕਰ ਕੇ ਦੁਖੀ ਸੀ। ਉਸ ਅੰਦਰੋਂ ਆਪੇ ਨੂੰ ਲਾਹਨਤ ਪਈ।

ਟੈਲੀਫੋਨ ਫਿਰ ਖੜਕ ਪਿਆ।

ਪ੍ਰੀਤ ਨੇ ਹੀ ਚੁੱਕਿਆ। ਭਿਆਨਕ ਖਬਰ ਸਿਰ ਵਿੱਚ ਇੱਟ ਵਾਂਗ ਵੱਜੀ। ਪ੍ਰੀਤ ਦੇ ਦਿਮਾਗ ਵਿੱਚ ਬੇਬੇ ਯਾਦਾਂ ਬਣ, ਘੁੰਮਣ ਘੇਰੀਆਂ ਵਾਂਗ ਵਹਿਣ ਲੱਗ ਪਈ। ਉਹ ਇੱਕੋ ਰੱਟ ਹੀ ਰੱਟੀ ਜਾ ਰਿਹਾ ਸੀ, "ਬੇਬੇ ਦਾ ਸਸਕਾਰ ਨਾ ਕਰਿਓ! ਉਹਦੀ ਲਾਸ਼ ਨੂੰ ਕਿਸੇ ਹਸਪਤਾਲ ਵਿੱਚ ਫਰੀਜ਼ਰ ਵਿੱਚ ਹੀ ਲੁਆ ਦਿਓ! ਚਾਹੇ ਲੱਖ ਰੁਪਈਆ ਲੱਗ ਜਾਵੇ, ਮੈਂ ਕੱਲ੍ਹ ਨੂੰ ਹੀ ਪਹੁੰਚੂ। ਮੈਂ ਬੇਬੇ ਦੇ ਆਖਰੀ ਦਰਸ਼ਨ ਜਰੂਰ ਕਰਨੇ ਐਂ। ਸਸਕਾਰ ਨਾ ਕਰਿਓ ਬਾਈ ਬਣ ਕੇ। ਮੈਂ ਜਿਨੀ ਜਲਦੀ ਹੋ ਸਕਿਆ, ਪਹੁੰਚੂੰ। ਬੇਬੇ ਨੇ ਮੇਰੇ ਬਾਰੇ ਕੁਛ ਕਿਹਾ ਸੀ?"

"ਬਾਈ ਸਸਕਾਰ ਅਸੀਂ ਬਿਲਕੁਲ ਨਹੀਂ ਕਰਦੇ, ਤੂੰ ਜਲਦੀ ਪਹੁੰਚ। ਤੇਰੇ ਆਏ ਤੋਂ ਦਾਗ ਦਿਆਂਗੇ।" ਉਧਰੋਂ ਆਵਾਜ਼ ਆ ਰਹੀ ਸੀ।

"ਚਾਹੇ ਲੱਖ ਰੁਪਈਆ ਲੱਗ ਜੇ, ਮੈਂ ਦਿਊਂ ਆਪੇ, ਬੇਬੇ ਨੂੰ ਫਰੀਜ਼ਰ ਵਿੱਚ ਲੁਆ ਦਿਓ, ਸਸਕਾਰ ਮੇਰੇ ਆਏ ਤੋਂ ਕਰਨੈਂ। ਸੁਣ ਗਿਆ?" ਪਾਗਲਾਂ ਵਾਂਗ ਗੱਲਾਂ ਕਰਦੇ ਪ੍ਰੀਤ ਨੇ ਫੋਨ ਰੱਖ ਦਿੱਤਾ ਤੇ "ਹਾਏ ਬੇਬੇ ਮੇਰੀਏ...!" ਆਖ ਕੇ ਧੜੰਮ ਸੋਫ਼ੇ 'ਤੇ ਡਿੱਗ ਪਿਆ।

ਉਹ ਸੋਫੇ ਦੀ ਕੰਨੀ 'ਤੇ ਪਿਆ ਧਰਾਲੀਂ ਰੋ ਪਿਆ, ਜਿਵੇਂ ਬੇਬੇ ਦੀ ਬੁੱਕਲ ਵਿੱਚ ਪਿਆ ਰੋ ਰਿਹਾ ਹੋਵੇ। ਇੱਕ ਖੂੰਜੇ 'ਤੇ ਬੈਠੀ ਹਨੀ ਰੋ ਰਹੀ ਸੀ। ਉੱਚੀ ਉੱਚੀ ਰੋਂਦੇ ਪਾਪਾ ਨੂੰ ਸੁਣ ਕੇ ਬੱਚੇ ਹੇਠਾਂ ਉੱਤਰ ਆਏ।

"ਕੀ ਹੋਇਆ ਮੰਮੀ? ਤੁਸੀਂ ਦੋਨੋਂ ਰੋਂਦੇ ਕਿਉਂ ਹੋ?"

"ਬੇਟੇ ਤੁਹਾਡੀ ਦਾਦੀ ਮਰ ਗਈ।" ਹਨੀ ਨੇ ਦੱਸਿਆ ਤਾਂ ਬੱਚੇ ਵੀ ਮਸੋਸੇ ਗਏ। ਹਨੀ ਉਨ੍ਹਾਂ ਨੂੰ ਹਮੇਸ਼ਾ ਦਾਦੀ ਵੱਲੋਂ ਲਿਖੀਆਂ ਚਿੱਠੀਆਂ ਪੜ੍ਹ ਕੇ ਸੁਣਾਇਆ ਕਰਦੀ ਸੀ। ਜਿਨ੍ਹਾਂ ਵਿੱਚ ਦਾਦੀ ਵੱਲੋਂ ਪੋਤਿਆਂ ਨੂੰ ਸੋਨੇ ਦੀਆਂ ਚੈਨੀਆਂ ਬਣਾ ਕੇ ਦੇਣ ਦੇ ਵਾਅਦੇ ਹੁੰਦੇ, ਸੋਹਣੇ-ਸੋਹਣੇ ਕੱਪੜੇ ਸੰਵਾਅ ਕੇ ਦੇਣ ਬਾਰੇ ਲਿਖਿਆ ਹੁੰਦਾ, ਪੋਤਿਆਂ ਬਿਨਾ ਦਿਲ ਨਾ ਲੱਗਣ ਬਾਰੇ ਲਿਖਵਾਇਆ ਹੁੰਦਾ। ਪੁੱਤ, ਨੂੰਹ ਅਤੇ ਫੁੱਲ ਵਰਗੇ ਪੋਤਰਿਆਂ ਦੇ ਮੁਖੜੇ ਦੇਖਣ ਨੂੰ ਤਰਸਦੀ ਦਾਦੀ, ਸਦਾ ਲਈ ਤੁਰ ਗਈ ਸੀ। ਸਭ ਕੁਝ ਦਿਲ ਦੀਆਂ ਦਿਲ ਵਿੱਚ ਲੈ, ਜਹਾਨੋਂ ਕੂਚ ਕਰ ਗਈ ਸੀ।

ਪ੍ਰੀਤ ਨੇ ਟਿਕਟਾਂ ਵਾਲੇ ਦਫਤਰ ਨੂੰ ਫੋਨ ਘੁਮਾਇਆ। ਫੋਨ ਕਿਸ ਨੇ ਚੁੱਕਣਾ ਸੀ? ਰਾਤ ਦੇ ਅੱਠ ਤਾਂ ਵੱਜ ਚੁੱਕੇ ਸਨ। ਏਅਰਪੋਰਟ 'ਤੇ ਫੋਨ ਕੀਤਾ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਬੇਬੇ! ਮੈਂ ਆ ਗਿਆ...

ਕੋਈ ਸੀਟ ਖਾਲੀ ਨਹੀਂ ਸੀ। ਫਲਾਈਟਾਂ ਬੁੱਕ ਜਾ ਰਹੀਆਂ ਸਨ। ਹਾਰ ਕੇ ਪ੍ਰੀਤ ਨੇ ਦਾਰੂ ਫਿਰ ਝੋਅ ਲਈ।

ਹਨੀ ਨੇ ਆਪਣੇ ਮਾਂ-ਬਾਪ ਨੂੰ ਫੋਨ ਕਰ ਦਿੱਤਾ। ਦਾਰੂ ਪੀਂਦੇ ਪ੍ਰੀਤ ਨੂੰ ਬੇਬੇ ਦੀਆਂ ਉਹ ਗੱਲਾਂ ਯਾਦ ਆ ਰਹੀਆਂ ਸਨ, ਜਦ ਉਹ ਕਾਲਜ ਪੜ੍ਹਦਾ ਸੀ ਅਤੇ ਕਬੱਡੀ ਖੇਡਦਾ ਹੁੰਦਾ ਸੀ। ਬੇਬੇ ਨੇ ਸਵੇਰੇ ਸਵੇਰੇ ਪ੍ਰੀਤ ਨੂੰ ਦਹੀਂ ਦਾ ਕਟੋਰਾ ਪਿਆ ਕੇ ਉਠਾਉਣਾ। ਚਾਹ ਕਦੇ ਨਾ ਪੀਣ ਦੇਣੀ, "ਇਹ ਕਾਲਜਾ ਸਾੜਦੀ ਐ ਅੱਗ ਲੱਗੜੀ ਪੁੱਤ!" ਕਦੇ ਕਹਿਣਾ, "ਤੂੰ ਰੋਟੀ ਅੱਜ ਥੋੜ੍ਹੀ ਖਾਧੀ ਐ ਸ਼ੇਰਾ?" ਕਦੇ ਕਹਿਣਾ, "ਪੁੱਤ ਤੂੰ ਰਾਤ ਆਇਆ ਨਹੀਂ ਟੂਲਾਮੈਂਟ ਤੋਂ ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ ਤੇ ਮੈਂ ਕੱਲ੍ਹ ਰੋਟੀ ਵੀ ਨਹੀਂ ਖਾਧੀ।" ਤਾਂ ਪ੍ਰੀਤ ਨੇ ਹੱਸ ਕੇ ਅੱਗੋਂ ਆਖ ਦੇਣਾ, "ਬੇਬੇ ਟੂਰਨਾਮੈਂਟ ਤੇ ਟਾਇਮ ਲੱਗ ਹੀ ਜਾਂਦੈ, ਪਰ ਬੇਬੇ ਤੇਰੇ ਰੋਟੀ ਨਾ ਖਾਣ ਨਾਲ ਮੈਨੂੰ ਤਾਂ ਕੋਈ ਫਇਦਾ ਨਹੀਂ ਹੋਇਆ।" ਤਾਂ ਬੇਬੇ ਬੱਸ, "ਜਾਹ ਵਗ'ਜਾ ਪਰ੍ਹੇ ਕੁੱਤਾ ਕਿਸੇ ਥਾਂ ਦਾ!" ਆਖ ਕੇ ਪੁੱਤਰ ਨੂੰ ਪਿਆਰ ਕਰਦੀ।

ਫਿਰ ਪ੍ਰੀਤ ਨੂੰ ਯਾਦ ਆਇਆ ਜਦ ਉਹ ਵਿਆਹ ਕਰਵਾ ਕੇ ਪੱਕਾ ਹੋਣ ਤੋਂ ਬਾਅਦ ਇੰਡੀਆ ਗਿਆ ਸੀ। ਤਾਂ ਬੇਬੇ ਨੇ ਮੂੰਹ ਵੱਟ ਲਿਆ ਸੀ, "ਕਿਵੇਂ ਦੁੱਧ ਮੱਖਣਾਂ ਨਾਲ ਪਾਲਿਆ ਸੀ, ਦੇਖ ਕਿਮੇਂ ਸੁੱਕੀ ਜਿਹੀ ਬੂਥੀ ਕੱਢ ਕੇ ਆ ਗਿਐ ਕੋਹੜ੍ਹੀ!" ਤਾਂ ਪ੍ਰੀਤ ਨੇ ਚਾਂਭਲ ਕੇ ਕਿਹਾ, "ਉਏ ਬੇਬੇ ਹੁਣ ਤਾਂ ਨਾ ਮੈਨੂੰ ਵੱਢੂ ਖਾਊਂ ਕਰਿਆ ਕਰ, ਹੁਣ ਤਾਂ ਮੈਂ ਬਾਪੂ ਬਣਨ ਵਾਲਾ ਐ।" ਤਾਂ ਬੇਬੇ ਨੇ ਮੂਹਰਿਓਂ ਹੂਰਾ ਸਿੰਨ੍ਹ ਲਿਆ, "ਮਾਰ ਕੇ ਲਫੇੜਾ ਮੂੰਹ ਭੰਨਦੂੰ ਮੈਂ, ਵੱਡਾ ਬਾਪੂ! ਹੁਣ ਨ੍ਹੀਂ ਜਾਣ ਦੇਣਾ ਤੈਨੂੰ ਮੈਂ ਬਾਹਰ, ਹਨਿੰਦਰ ਨੂੰ ਵੀ ਮੈਂ ਐਥੇ ਈ ਮੰਗਵਾ ਲੈਣੈਂ। ਘਰੇ ਕੀ ਘਾਟਾ ਐ? ਆਬਦਾ ਕਰਿਓ ਖਾਇਓ। ਉਸ ਚੰਦਰੇ ਮੁਲਕ ਦਾ ਕੀ ਆਸਰਾ ਜਿਹੜਾ ਬੰਦੇ ਨੂੰ ਘੁਣ ਮਾਂਗੂੰ ਖਾਂਦੈ? ਐਹੋ ਜਿਹਾ ਪੈਸਾ ਅਸੀਂ ਅੱਗ ਲਾਉਣੈਂ! ਕਿਵੇਂ ਪਾਲ ਪਲੋਸ ਕੇ ਵੱਡਾ ਕੀਤਾ ਸੀ, ਹੁਣ ਮੂੰਹ ਕੱਢੀ ਫਿਰਦੈ, ਜਿਵੇਂ ਅਮਲੀ ਹੁੰਦੈ-ਉਹ ਤਾਂ ਬਾਹਰ ਭੇਜਣ ਲਈ ਵੱਡੇ ਈ ਮਗਰ ਪੈ ਗਏ। ਤੇਰੇ ਬਾਪੂ ਜੀ ਜਿਉਂਦੇ ਹੁੰਦੇ, ਤੈਨੂੰ ਮੈਂ ਜਮਾ ਨਾ ਜਾਣ ਦਿੰਦੀ। ਸੱਚੀ ਗੱਲ ਐ ਸਿਰ ਦੇ ਸਾਈਂ ਬਿਨਾ ਤੀਮੀ ਕੱਖ ਦੀ ਨਹੀਂ।" ਬੇਬੇ ਡੁਸਕ ਪਈ।

"ਬੇਬੇ ਤੂੰ ਕਿਹੜੀਆਂ ਗੱਲਾਂ ਛੇੜ ਕੇ ਬਹਿ ਗਈ? ਹੁਣ ਕਿਵੇਂ ਮੇਰਾ ਖਹਿੜਾ ਵੀ ਛੱਡੇਂਗੀ?" ਪ੍ਰੀਤ ਦਿਲੋਂ ਦੁਖੀ ਹੋ ਗਿਆ।

"ਹੁਣ ਤੂੰ ਮੈਨੂੰ ਇਹ ਦੱਸ ਬਈ ਬਾਹਰ ਹੋਰ ਕਿੰਨਾ ਕੁ ਚਿਰ ਧੱਕੇ ਖਾਣੇ ਐਂ?" ਬੇਬੇ ਇੱਕ ਪਾਸਾ ਚਾਹੁੰਦੀ ਸੀ।

"ਬੱਸ ਬੇਬੇ! ਆਹ ਹੋਰ ਚਾਰ ਸਾਲ ਲਾ ਲਈਏ, ਫਿਰ ਮੋੜੇ ਪਾ ਲਵਾਂਗੇ।" ਪ੍ਰੀਤ ਨੇ ਫੋਕਾ ਧਰਵਾਸ ਦਿੱਤਾ। ਨਾਲੇ ਉਸ ਨੂੰ ਪਰਪੱਕ ਪਤਾ ਸੀ ਕਿ ਉਹ ਯੂਰਪ ਦੀ ਸੁਨਹਿਰੀ ਜੇਲ੍ਹ ਤੋਂ ਕਦੇ ਵੀ ਆਜ਼ਾਦ ਨਹੀਂ ਹੋਵੇਗਾ।

"ਉਦੋਂ ਨੂੰ ਮੈਂ ਤੁਰ'ਜੂੰ।"

"ਓ ਬੇਬੇ! ਅਸੀਂ ਐਨੇ ਜਾਣੇ ਤੈਨੂੰ ਐਡੀ ਛੇਤੀ ਤੁਰਨ ਦਿੰਨੇ ਐਂ? ਅਜੇ ਤਾਂ ਤੂੰ ਛੋਟੇ ਪੋਤੇ ਖਿਡਾਉਣੇ ਐਂ।"

"ਚੰਗਾ! ਹੁਣ ਤੂੰ ਲੰਗਰ ਝੁਲਸ ਲੈ।"

ਬੇਬੇ ਪ੍ਰੀਤ ਦੇ ਰੋਟੀ ਖਾਣ ਤੋਂ ਬਾਅਦ ਆਮ ਹੀ ਆਖਦੀ, "ਤੂੰ ਅੱਜ ਰੋਟੀ ਬਲਾਅ ਥੋੜ੍ਹੀ ਖਾਧੀ ਐ ਪੁੱਤ, ਦਾਲ ਸੁਆਦ ਨਹੀਂ ਸੀ?" ਤਾਂ ਪ੍ਰੀਤ ਆਖਦਾ, "ਬੇਬੇ ਜਿੰਨੀ ਭੁੱਖ ਸੀ ਖਾ ਲਈ, ਹੋਰ ਅੰਨ ਨਾਲ ਕੋਈ ਵੈਰ ਐ?" ਤੇ ਫਿਰ ਵਾਪਸੀ ਤੇ ਤੁਰਦੇ ਪ੍ਰੀਤ ਨੂੰ ਅੱਖਾਂ ਭਰ ਕੇ ਬੇਬੇ ਨੇ ਆਖਿਆ ਸੀ, "ਜਲਦੀ ਮਿਲ ਜਾਇਆ ਕਰ ਪੁੱਤ! ਅਗਲੀ ਵਾਰੀ ਹਨਿੰਦਰ ਨੂੰ ਨਾਲ ਲੈ ਕੇ ਆਈਂ, ਖਬਰੇ ਕਿੰਨੇ ਦਿਨ ਦਾ ਮੇਲਾ ਗੇਲਾ ਐ? ਨਾਲੇ ਹਨਿੰਦਰ ਕੋਲੇ ਪੁੱਤ ਹੋਵੇ ਚਾਹੇ ਧੀ, ਦਿਲ ਤੇ ਨਾ ਲਾਈਂ-ਸਭ ਗੁਰੂ ਦੀਆਂ ਦਾਤਾਂ ਐ ਸ਼ੇਰਾ। ਮੇਰੇ ਵਲੋਂ ਹਨਿੰਦਰ ਨੂੰ ਪਿਆਰ ਦੇਈਂ, ਬੱਚਾ-ਬੱਚੀ ਹੋਣ 'ਤੇ ਮੈਨੂੰ ਜਲਦੀ ਚਿੱਠੀ ਪਾਈਂ। ਨਾਲੇ ਸ਼ੇਰਾ ਖਾ ਪੀ ਲਿਆ ਕਰੋ, ਨਿਰਾ ਪੈਸਾ ਈ ਨਹੀਂ ਸਾਰਾ ਕੁਛ ਹੁੰਦਾ। ਸਿਹਤ ਐ ਤਾਂ ਸਾਰਾ ਕੁਝ ਐ।" ਤੇ ਬੇਬੇ ਦੇ ਹੰਝੂ 'ਪਰਲ-ਪਰਲ' ਵਹਿ ਰਹੇ ਸਨ।

ਤੁਰਦੇ ਪ੍ਰੀਤ ਨੂੰ ਬੇਬੇ ਨੇ ਦੁੱਧ ਦਾ ਛੰਨਾ ਪਿਆਇਆ ਅਤੇ ਸ਼ਗਨ ਕਰਨ ਲਈ ਗੱਡੀ ਦੇ ਟਾਇਰਾਂ 'ਤੇ ਪਾਣੀ ਡੋਲ੍ਹਿਆ ਸੀ। ਗੱਡੀ ਦਿੱਲੀ ਨੂੰ ਤੁਰ ਗਈ ਸੀ, ਪਰ ਬੇਬੇ ਦੀਆਂ ਅੱਖਾਂ ਦਾ ਹੜ੍ਹ ਨਹੀਂ ਰੁਕਿਆ ਸੀ। ਸਾਰੀ ਰਾਤ ਅਤੇ ਸਾਰਾ ਦਿਨ ਬੇਬੇ ਨੇ ਕੁਝ ਖਾਧਾ-ਪੀਤਾ ਨਹੀਂ ਸੀ। ਚਾਹੇ ਬੇਬੇ ਕੋਲ ਦੋ ਪੁੱਤ ਤੇ ਦੋ ਨੂੰਹਾਂ ਸਨ। ਪਰ ਬੇਬੇ ਸਾਰਿਆਂ ਤੋਂ ਛੋਟੇ ਨੂੰ ਬੜਾ ਮੋਹ ਕਰਦੀ ਸੀ।

ਸਮਾਂ ਪਾ ਕੇ ਹਨੀ ਨੇ ਪਹਿਲਾਂ ਇੱਕ ਅਤੇ ਫਿਰ ਦੂਜੇ ਪੁੱਤ ਨੂੰ ਜਨਮ ਦਿੱਤਾ। ਖਬਰ ਪੁੱਜਣ 'ਤੇ ਮੰਜੇ ਨਾਲ ਜੁੜੀ ਬੇਬੇ 'ਊਰੀ' ਬਣ ਗਈ। ਉਸ ਨੇ ਗੁਰਦੁਆਰੇ ਦੇਗ ਕਰਵਾ ਕੇ ਸਾਰੇ ਪਿੰਡ ਵਿੱਚ ਲੱਡੂ ਵੰਡੇ। ਲੋਹੜੀ 'ਤੇ ਕੁੜੀਆਂ ਸੰਗ ਰਲ ਕੇ ਖੁਦ ਗਿੱਧਾ ਪਾਇਆ ਸੀ।

ਹੁਣ ਤਾਂ ਬੇਬੇ ਦੀ ਬੱਸ ਇੱਕੋ ਖਾਹਿਸ਼ ਸੀ ਕਿ ਪੁੱਤ, ਨੂੰਹ ਅਤੇ ਪੋਤਰੇ ਉਸ ਨੂੰ ਮਿਲ ਜਾਣ। ਚਿੱਠੀਆਂ ਤੇ ਪ੍ਰੀਤ ਨੂੰ ਤਾਕੀਦਾਂ ਕੀਤੀਆਂ ਹੁੰਦੀਆਂ, ਨਿਹੋਰੇ ਦਿੱਤੇ ਹੁੰਦੇ ਤੇ ਕਦੇ ਕਦੇ ਗਾਹਲਾਂ ਵੀ ਕੱਢੀਆਂ ਹੁੰਦੀਆਂ। ਪੋਤਰਿਆਂ ਦੀਆਂ ਫੋਟੋਆਂ ਬੇਬੇ ਦੇ ਸਿਰਹਾਣੇ ਰੱਖੀਆਂ ਹੁੰਦੀਆਂ। "ਮੈਨੂੰ ਜਿਉਂਦੀ ਨੂੰ ਮਿਲ ਜਾਵੋ-ਫੇਰ ਕੀ ਫਾਇਦਾ?" ਕਦੇ ਕਦੇ ਬੇਬੇ ਦਾ ਅਜਿਹਾ ਡਰ ਵੀ ਦਿੱਤਾ ਹੁੰਦਾ, ਪਰ ਯੂਰਪ ਦੀ ਜ਼ਿੰਦਗੀ ਹੀ ਅਜਿਹੀ ਸੀ ਕਿ ਪ੍ਰੀਤ ਅਤੇ ਹਨੀ ਦਿਲੋਂ ਚਾਹੁੰਦੇ ਹੋਏ ਵੀ ਜਾ ਨਾ ਸਕੇ। ਕਦੇ ਛੁੱਟੀ ਦੀ ਮੁਸੀਬਤ ਹੁੰਦੀ ਅਤੇ ਹੱਥ ਤੰਗ ਹੁੰਦਾ...।

ਸੱਸ ਅਤੇ ਸਹੁਰੇ ਦੀ ਘੰਟੀ ਦੀ ਆਵਾਜ਼ ਨਾਲ ਪ੍ਰੀਤ ਦੀ ਸੋਚ ਟੁੱਟੀ।

ਹਨੀ ਨੇ ਦਰਵਾਜ਼ਾ ਖੋਲ੍ਹਿਆ।

ਸੱਸ ਅਤੇ ਸਹੁਰਾ ਦਿਲੋਂ ਘੋਰ ਦੁਖੀ ਅੰਦਰ ਆਏ ਤਾਂ ਪ੍ਰੀਤ ਦੇ ਜਜ਼ਬੇ ਦਾ ਬੱਝਿਆ ਬੰਨ੍ਹ ਫਿਰ ਹਿੱਲ ਪਿਆ, "ਹਾਏ ਬਾਪੂ ਜੀ, ਮੇਰੀ ਬੇਬੇ ਮਰਗੀ...!" ਉਸ ਨੇ ਹਮਦਰਦ ਸਹੁਰੇ ਗਲ ਲੱਗ ਕੇ ਧਾਹ ਮਾਰੀ।

"ਘੱਲੇ ਆਵਹਿ ਨਾਨਕਾ...॥" "...ਜਲ ਕਾ ਜਲ ਹੂਆ ਰਾਮ॥" ਸਹੁਰੇ ਸਰਮੁਖ ਸਿੰਘ ਨੇ ਪ੍ਰੀਤ ਨੂੰ ਜੱਫੀ ਵਿੱਚ ਲੈ ਕੇ ਥਾਪੜਿਆ।

"ਬਾਪੂ ਜੀ, ਮੈਨੂੰ ਜਲਦੀ ਟਿਕਟ ਦਾ ਪ੍ਰਬੰਧ ਕਰ ਕੇ ਤੋਰ ਦਿਓ-ਤੁਹਾਨੂੰ ਇਥੇ ਬੜੀ ਦੁਨੀਆ ਜਾਣਦੀ ਐ।"

"ਤੂੰ ਕੱਲਾ ਈ ਕਿਉਂ ਪੁੱਤਰਾ, ਹਨੀ ਤੇ ਬੱਚੇ ਵੀ ਨਾਲ ਜਾਣਗੇ।"

"ਨਹੀਂ ਬਾਪੂ ਜੀ ਸਾਡੇ ਕੋਲੇ ਐਨੇ ਪੈਸੇ ਹੈਨੀ।"

"ਅਸੀਂ ਬੈਠੇ ਐਂ ਅਜੇ।" ਸੱਸ ਨੇ ਕਿਹਾ।

ਮੁਸ਼ਕਿਲ ਹੱਲ ਹੋ ਗਈ।

ਪ੍ਰੀਤ ਦਾਰੂ ਪੀਂਦਾ, ਰੋਂਦਾ ਰਿਹਾ। ਸੱਸ, ਸਹੁਰਾ ਅਤੇ ਹਨੀ ਗੱਲਾਂ ਕਰਦੇ ਰਹੇ। ਉਹ ਪ੍ਰੀਤ ਦਾ ਦੁੱਖ ਆਪਣਾ ਦੁੱਖ ਸਮਝ ਰਹੇ ਸਨ। ਪ੍ਰੀਤ ਨੇ ਉਨ੍ਹਾਂ ਨੂੰ ਕਦੇ ਕੰਡੇ ਦੀ ਤਕਲੀਫ ਨਹੀਂ ਦਿੱਤੀ ਸੀ। ਸੱਤਾਂ ਧੀਆਂ ਵਰਗਾ ਇਕੋ ਇੱਕ ਜਮਾਈ ਸੀ।

ਅਗਲੇ ਦਿਨ ਟਿਕਟਾਂ ਲਈ ਭੱਜ-ਨੱਠ ਸ਼ੁਰੂ ਹੋ ਗਈ। ਦੋ ਦਿਨ ਸੀਟਾਂ ਨਾ ਮਿਲੀਆਂ। ਇੰਡੀਆ ਤੋਂ ਫ਼ੋਨ 'ਤੇ ਫ਼ੋਨ ਆ ਰਹੇ ਹਨ। ਪ੍ਰੀਤ ਉਸ ਦੇ ਪੁੱਜਣ ਤੱਕ ਬੇਬੇ ਦਾ ਸਸਕਾਰ ਨਹੀਂ ਚਾਹੁੰਦਾ ਸੀ। ਪਿਛਲੇ ਰਿਸ਼ਤੇਦਾਰ ਲਾਸ਼ ਦੀ ਖੱਜਲ ਖੁਆਰੀ ਤੋਂ ਤੰਗ ਸਨ। ਉਹ ਜਲਦੀ ਸਸਕਾਰ ਦੇ ਹੱਕ 'ਚ ਸਨ। ਬੁੜ੍ਹੀਆਂ ਆਪੋ-ਆਪਣੀ ਵਿਚਾਰ ਕਰ ਰਹੀਆਂ ਸਨ। ਉਨ੍ਹਾਂ ਮੁਤਾਬਿਕ ਲਾਸ਼ ਨੂੰ ਰੋਲਣਾ ਨਹੀਂ ਚਾਹੀਦਾ ਸੀ।

ਤੀਜੇ ਦਿਨ ਸੀਟਾਂ ਮਿਲੀਆਂ।

ਪ੍ਰੀਤ ਪਰਿਵਾਰ ਸਮੇਤ ਪਿੰਡ ਪੁੱਜਿਆ ਤਾਂ ਬੇਬੇ ਦਾ ਸਸਕਾਰ ਕਰ ਦਿੱਤਾ ਗਿਆ ਸੀ। ਉਹ ਭਰਾਵਾਂ ਅਤੇ ਰਿਸ਼ਤੇਦਾਰਾਂ ਨਾਲ ਲੜਿਆ ਤੇ ਫਿਰ ਬੇਵੱਸ ਹੋ ਕੇ ਰੱਜ ਕੇ ਬੇਬੇ ਨੂੰ ਰੋਇਆ, ਔਰਤਾਂ ਵਾਂਗ! ਸਾਰੀ ਰਾਤ ਅਤੇ ਸਾਰਾ ਦਿਨ ਉਹ ਰੋਂਦਾ ਰਿਹਾ, ਬੱਚਿਆਂ ਵਾਂਗ ਕਲੇਸ਼ ਜਿਹਾ ਕਰਦਾ ਰਿਹਾ।

ਅਗਲੀ ਰਾਤ ਉਹ ਬੇਸਬਰਾ ਜਿਹਾ ਹੋ ਕੇ ਬੇਬੇ ਦੇ ਸਿਵੇ 'ਤੇ ਚਲਾ ਗਿਆ। ਬੇਬੇ ਇੱਕ ਸੁਆਹ ਦੀ ਢੇਰੀ ਬਣੀ ਪਈ ਸੀ। ਉਸ ਦੇ ਹੰਝੂ ਸੁਆਹ 'ਤੇ ਕਿਰਦੇ ਰਹੇ।

"ਬੇਬੇ...!" ਉਸ ਨੇ ਪਾਗਲਾਂ ਵਾਂਗ ਹਾਕ ਮਾਰੀ।

"...।"

"ਬੇਬੇ...!!" ਉਹ ਹੋਰ ਉੱਚੀ ਬੋਲਿਆ। ਉਸ ਦੀ ਆਵਾਜ਼ ਅਗਲੇ ਪਿੰਡ ਦੀ ਜੂਹ ਨਾਲ ਟਕਰਾ ਕੇ ਪਰਤ ਆਈ।

"....।"

"ਮੈਨੂੰ ਕੱਲ੍ਹ ਦੀ ਕਿਸੇ ਨੇ ਰੋਟੀ ਤਾਂ ਕੀ ਪੁੱਛਣੀ ਸੀ, ਚਾਹ ਵੀ ਨਹੀਂ ਪੁੱਛੀ ਬੇਬੇ!...ਬੇਬੇ...!!" ਉਹ ਚੀਕਿਆ ਤਾਂ ਪਿੱਛੋਂ ਕਿਸੇ ਨੇ ਉਸ ਦਾ ਮੋਢਾ ਆ ਘੁੱਟਿਆ। ਉਸ ਨੇ ਪਿੱਛੇ ਪਰਤ ਕੇ ਦੇਖਿਆ ਤਾਂ ਹਨੀ ਖੜ੍ਹੀ ਸੀ। ਉਸ ਦੀ ਜੀਵਨ-ਜੋਤੀ, ਜੀਵਨ-ਸਾਥਣ, ਹਮਦਰਦੀ ਦੀ ਇੱਕ ਮੂਰਤ! ਉਹ ਧਾਹ ਮਾਰ ਕੇ ਹਨੀ ਦੇ ਗਲ ਲੱਗ ਗਿਆ। ਉਸ ਨੂੰ ਮਾਂ ਦੀ ਬੁੱਕਲ ਵਰਗਾ ਨਿੱਘ ਆਇਆ।

"ਚੱਲੋ ਘਰ ਚੱਲੀਏ!"

"ਤੇ ਬੇਬੇ...?"

"ਜਾਣ ਵਾਲੇ ਕਦੇ ਨਹੀਂ ਮੁੜਦੇ, ਚਾਹੇ ਉਹ ਕਿਤਨੇ ਵੀ ਆਪਣੇ ਹੋਣ। ਕੁਦਰਤ ਦਾ ਗੇੜ ਹੀ ਐਸਾ ਹੈ।"

"ਹੁਣ ਬੇਬੇ ਜਮਾ ਈ ਨਹੀਂ ਮੁੜਦੀ?"

"ਚਲੋ ਘਰ ਚਲੋ, ਆਪਣਾ ਉਨ੍ਹਾਂ ਨਾਲ ਇਤਨਾ ਕੁ ਹੀ ਨਾਤਾ ਸੀ।" ਤੇ ਹਨੀ ਦੇ ਤੋਰਨ 'ਤੇ ਉਹ ਬੇਬੇ ਦੀਆਂ ਯਾਦਾਂ ਦੇ ਫੁੱਲ ਅਤੇ ਵਿਛੋੜੇ ਦਾ ਸੱਲ ਦਿਲ ਵਿੱਚ ਲੈ, ਕਿਸੇ ਗ਼ੈਬੀ ਦਰਿਆਵਾਂ ਦੇ ਵਹਿਣ 'ਚ ਵਹਿੰਦਾ ਘਰ ਨੂੰ ਤੁਰ ਪਿਆ। ਉਪਰ ਅਕਾਸ਼ ਵਿਚੋਂ ਘੋਰ ਉਦਾਸ ਚੰਦਰਮਾ ਉਨ੍ਹਾਂ ਨੂੰ ਚੁੱਪ ਚਾਪ ਤੱਕ ਰਿਹਾ ਸੀ। ਪੰਦਰਾਂ ਜੀਆਂ ਦੀ ਬੇਬੇ ਸ਼ਮਸ਼ਾਨ ਭੂਮੀ ਦੀ ਬੁੱਕਲ ਵਿੱਚ ਹਮੇਸ਼ਾ ਲਈ ਇਕੱਲੀ ਸੁੱਤੀ ਪਈ ਸੀ।

–0–






# ਕਰਜ਼ਦਾਰ

**"ਛੱਡ ਦੇ ਚਤੁਰਾਈਆਂ, ਕਿਸੇ ਕੰਮ ਨਹੀਂ ਆਉਣਾ ਇਨ੍ਹਾਂ ਨੇ।" ਇਹ ਸਤਰ ਇਸ ਲਿਖਤ ਦੀ ਆਖਰੀ ਸਤਰ ਹੈ, ਪਰ ਇਸ ਵਿਚਲਾ ਸੁਨੇਹਾ ਪ੍ਰਥਮ ਸ਼੍ਰੇਣੀ ਦਾ ਹੈ। ਦੁਨਿਆਵੀ ਸੰਸਿਆਂ ਵਿੱਚੋਂ ਨਿਕਲ ਕੇ ਆਪਣੀਆਂ ਚਤੁਰਾਈਆਂ, ਆਪਣੇ ਪਸ਼ਚਾਤਾਪਾਂ ਨੂੰ ਸਤਿਗੁਰੂ ਅੱਗੇ ਢੇਰੀ ਕਰ ਦੇਣ ਅਤੇ ਮੈਂ, ਤੇਰਾ-ਮੇਰਾ ਦੀ ਦੀਵਾਰ ਢਾਹ ਦੇਣ ਦੀ ਨਸੀਹਤ ਕਰਦੀ ਇਹ ਲਿਖਤ ਬੰਦੇ ਨੂੰ ਅਧਿਆਤਮਕ ਰੰਗ ਵਿੱਚ ਰੰਗੇ ਜਾਣ ਦੀ ਜਾਗ ਲਾਉਂਦੀ ਹੈ ਕਿ ਬੰਦਿਆ! ਆਪਣੇ-ਆਪ ਨੂੰ ਉਸ ਦਿਆਲੂ ਸਤਿਗੁਰੂ ਸ਼ਹਿਨਸ਼ਾਹ ਨੂੰ ਪੂਰੀ ਤਰ੍ਹਾਂ ਸੌਂਪ ਦੇ। ਕਰਜ਼ਦਾਰ ਹੋਣ ਦੇ ਵੱਖ ਵੱਖ ਰੂਪਾਂ ਨੂੰ ਦਰਸਾਉਂਦੀ ਇਸ ਲਿਖਤ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਪਿਆਰ ਅਤੇ ਚੰਗਾ ਸੁਭਾਅ ਹੋਣ ਕਾਰਨ ਇਨਸਾਨ ਸਭ ਕੋਲੋਂ ਕੰਮ ਤੇ ਦਿਲੋਂ ਇੱਜ਼ਤ ਲੈ ਲੈਂਦਾ ਹੈ; ਪਰ ਜਿਨ੍ਹਾਂ ਅੰਦਰ ਬੌਸ ਵਾਲੀ ਹਉਮੈ ਵੱਧ ਹੁੰਦੀ ਹੈ, ਉਨ੍ਹਾਂ ਪ੍ਰਤੀ ਮਾਤਹਿਤਾਂ ਦਾ ਨਜ਼ਰੀਆ ਕੋਈ ਬਹੁਤਾ ਚੰਗਾ ਨਹੀਂ ਹੁੰਦਾ...**



**ਅਧਿਆਤਮਕ ਰੰਗ**

**ਅਮਰੀਕ ਸਿੰਘ**
**ਫੋਨ: 224-289-1825**

ਸ਼ਾਹ ਜੀ, ਤੁਹਾਨੂੰ ਨਮਸਕਾਰ।

ਸੁਣਾ ਪਈ ਚਤਰ ਨਾਥ ਕੀ ਹਾਲ ਹੈ ਤੇਰਾ! ਬੜੇ ਦਿਨਾਂ ਬਾਅਦ ਨਜ਼ਰ ਆਇਐਂ, ਕਿੱਥੇ ਰਿਹੈਂ ਐਨੇ ਦਿਨ?

ਸ਼ਾਹ ਜੀ, ਮੈਂ ਬਹੁਤ ਲੋਕਾਂ ਦਾ, ਆਪਣੇ ਭੈਣ-ਭਰਾਵਾਂ, ਰਿਸ਼ਤੇਦਾਰਾਂ, ਆਪਣੀ ਪਤਨੀ, ਬੱਚਿਆਂ, ਦੋਸਤਾਂ, ਆਪਣੇ ਅਫਸਰਾਂ ਦਾ ਅਤੇ ਖਾਸ ਕਰਕੇ ਆਪਣੇ ਮਾਤਹਿਤਾਂ ਦਾ ਬਹੁਤ ਸਾਰਾ ਕਰਜ਼ਾ ਦੇਣਾ ਹੈ। ਐਡੀ ਵੱਡੀ ਪੰਡ ਕਰਜ਼ੇ ਦੀ ਮੇਰੇ ਸਿਰ 'ਤੇ ਹੈ। ਹੌਲੀ-ਹੌਲੀ ਕਰਕੇ ਜੇ ਇਹ ਮੇਰੇ ਕਰਜ਼ੇ ਦੀ ਪੰਡ ਹਲਕੀ ਹੁੰਦੀ ਜਾਵੇ ਤਾਂ ਫਿਰ ਹੀ ਗੱਲ ਬਣਦੀ ਹੈ। ਫਿਰ ਸ਼ੁਕਰ ਕਰਾਂਗਾ ਉਸ ਮਾਲਕ ਦਾ।

ਯਾਰ, ਗੱਲ ਸੁਣ! ਤੂੰ ਸਭ ਤੋਂ ਕਰਜ਼ਾ ਕਿਉਂ ਲੈਂਦਾ ਰਿਹਾ ਹੈਂ? ਕੁਝ ਕੰਮ-ਧੰਦਾ ਨਹੀਂ ਸੀ ਕਰਦਾ!

ਕਰਦਾ ਸੀ, ਪਰ ਕਰਜ਼ਾ ਆਪਣੀਆਂ ਗਲਤੀਆਂ ਕਰਕੇ ਚੜ੍ਹਿਆ ਹੈ। ਹੁਣ ਥੋੜ੍ਹਾ ਥੋੜ੍ਹਾ ਹੋਸ਼ ਵਿੱਚ ਆ ਰਿਹਾ ਹਾਂ, ਪਰ ਸ਼ਾਹ ਜੀ ਬਹੁਤ ਦੇਰ ਕਰ ਦਿੱਤੀ ਹੈ ਮੈਂ। ਬੜਾ ਕੁਝ ਗੁਆ ਕੇ ਹੋਸ਼ ਵਿੱਚ ਆਇਆ ਤੇ ਕੀ ਆਇਆ?

ਚਲ ਯਾਰ ਫਿਕਰ ਨਾ ਕਰ, ਦੱਸ ਕਿੰਨਾ ਕਿੰਨਾ ਕਰਜ਼ਾ ਲਿਆ ਸਭ ਤੋਂ? ਸ਼ਾਇਦ ਕੋਈ ਤਰੀਕਾ ਕੱਢ ਲਈਏ ਲਾਹੁਣ ਦਾ!

ਸ਼ਾਹ ਜੀ, ਇਹਦੇ ਵਿੱਚ ਕੋਈ ਮੇਰੀ ਮਦਦ ਨਹੀਂ ਕਰ ਸਕਦਾ।

ਫਿਰ ਵੀ ਕੁਝ ਦੱਸ ਤਾਂ ਸਹੀ! ਨਹੀਂ ਮਦਦ ਤੇ ਨਾ ਸਹੀ, ਪਰ ਮੂੰਹੋਂ ਤੇ ਕੁਝ ਬੋਲ। ਕਹਿੰਦੇ ਹਨ ਕਿ ਕਿਸੇ ਨੂੰ ਤਕਲੀਫ ਦੱਸ ਕੇ ਵੀ ਕੁਝ ਬੋਝ ਹਲਕਾ ਹੋ ਜਾਂਦਾ ਹੈ।

ਸ਼ਾਹ ਜੀ, ਕੀ ਦੱਸਾਂ! ਦੱਸਦਿਆਂ ਵੀ ਸ਼ਰਮ ਆਉਂਦੀ ਹੈ। ਬੱਸ ਚੁਪ ਹੀ ਚੰਗੀ ਹੈ।

ਹੈ ਕਮਲਾ! ਕਿਹੋ ਜਿਹੀਆਂ ਜਬਲੀਆਂ ਮਾਰ ਰਿਹਾ ਹੈਂ।

ਚੰਗਾ ਸ਼ਾਹ ਜੀ, ਤੁਸੀਂ ਮੇਰੇ ਹਮਦਰਦ ਹੋ ਦੱਸਦਾ ਹਾਂ ਤੁਹਾਨੂੰ, ਪਰ ਵਾਅਦਾ ਕਰੋ ਕਿ ਕਿਸੇ ਹੋਰ ਤੱਕ ਭਿਣਕ ਨਾ ਪਵੇ।

ਹਾਂ ਮੈਂ ਵਾਅਦਾ ਕਰਦਾ ਹਾਂ।

ਸ਼ਾਹ ਜੀ, ਕਹਾਣੀ ਲੰਬੀ ਹੈ, ਹੌਸਲੇ ਨਾਲ ਸੁਣਿਓ ਜੇ।

ਪਹਿਲਾ ਕਰਜ਼ਾ ਮਾਂ-ਪਿਉ ਦਾ ਹੈ। ਉਹ ਬੜੇ ਚੰਗੇ ਸੁਭਾਅ ਦੇ, ਮਿਹਨਤੀ ਅਤੇ ਬੜੀ ਔਖ ਨਾਲ ਉਨ੍ਹਾਂ ਨੇ ਸਾਨੂੰ ਸੱਤਾਂ ਭੈਣ-ਭਰਾਵਾਂ ਨੂੰ ਬਹੁਤ ਕਿਰਸਾਂ ਕਰਕੇ ਪਾਲਿਆ। ਮੈਨੂੰ ਉਨ੍ਹਾਂ ਨੇ ਸਭ ਤੋਂ ਜ਼ਿਆਦਾ ਪਿਆਰ ਦਿੱਤਾ ਤੇ ਹੌਸਲਾ ਅਫਜ਼ਾਈ ਕੀਤੀ। ਪੜ੍ਹਨ ਵਿੱਚ ਚੰਗਾ ਸੀ। ਬੜੇ ਔਖੇ ਹੋ ਕੇ ਵੀ ਮੇਰੀ ਪੜ੍ਹਾਈ ਦਾ ਖਰਚਾ ਝੱਲਿਆ ਉਨ੍ਹਾਂ ਨੇ। ਹਾਂ, ਵੱਡੇ ਭਰਾ ਨੇ ਵੀ ਬੜੀ ਮਦਦ ਕੀਤੀ।

ਪੜ੍ਹ ਕੇ ਮੈਂ ਨੌਕਰੀ ਸ਼ੁਰੂ ਕਰ ਦਿੱਤੀ। ਇਸ ਕਰਕੇ ਪਿੰਡੋਂ ਦੂਰ ਰਿਹਾ, ਮਾਂ-ਪਿਉ ਨੂੰ ਕੋਲ ਲੈ ਆਉਂਦਾ ਸਾਂ, ਉਹ ਖੁਸ਼ ਹੁੰਦੇ। ਮੇਰੀ ਪਤਨੀ ਨੂੰ, ਬੱਚਿਆਂ ਨੂੰ ਅਤੇ ਮੈਨੂੰ ਵੀ ਚੰਗਾ ਲੱਗਦਾ। ਅਸੀਂ ਕੱਪੜੇ, ਪੈਸੇ ਵੀ ਦਿੰਦੇ ਪਰ ਪੈਸੇ ਲੈ ਕੇ ਇੰਨੇ ਖੁਸ਼ ਨਾ ਹੁੰਦੇ, ਕਹਿੰਦੇ ਤੇਰਾ ਖਰਚ ਕਾਫੀ ਹੈ, ਅਸੀਂ ਪੈਸੇ ਕੀ ਕਰਨੇ? ਰੱਬ ਦਾ ਖੌਫ ਬਹੁਤ ਸੀ ਉਨ੍ਹਾਂ ਨੂੰ। ਘਰ ਕੰਮ ਕਰਨ ਵਾਲਿਆਂ ਦੀ ਕਦਰ ਕਰਦੇ। ਖਾਸ ਕਰਕੇ ਸਾਡੇ ਪਿਉ ਦਾ ਸੁਭਾਅ ਬਹੁਤ ਚੰਗਾ ਸੀ। ਕਮਾਲ ਹੈ ਕਿ ਹਮ-ਉਮਰ ਹੋਣ ਜਾਂ ਛੋਟੇ-ਵੱਡੇ ਨੌਜੁਆਨ ਲੜਕੇ ਹੋਣ, ਸਭ ਨਾਲ ਉਨ੍ਹਾਂ ਦੀ ਦੋਸਤੀ ਹੋ ਜਾਂਦੀ। ਹਰ ਕੋਈ ਉਨ੍ਹਾਂ ਕੋਲ ਬੈਠ ਕੇ, ਗੱਲਾਂ ਕਰਕੇ ਖੁਸ਼ ਹੁੰਦਾ। ਜਿਨ੍ਹਾਂ ਦੀ ਪਿੰਡ ਵਿੱਚ ਕਿਸੇ ਨਾਲ ਘੱਟ ਹੀ ਬਣਦੀ ਸੀ, ਉਹ ਵੀ ਕਈ ਕਈ ਘੰਟੇ ਉਨ੍ਹਾਂ ਕੋਲ ਬੈਠ ਕੇ ਗੱਲਾਂ ਬਾਤਾਂ ਕਰਕੇ ਖੁਸ਼ ਹੁੰਦੇ। ਉਨ੍ਹਾਂ ਦੇ ਛੇ ਛੋਟੇ ਭਰਾ ਅਤੇ ਤਿੰਨ ਉਨ੍ਹਾਂ ਤੋਂ ਛੋਟੀਆਂ ਭੈਣਾਂ ਸਨ। ਸਾਰੇ ਛੋਟੇ ਭੈਣ-ਭਰਾ ਉਨ੍ਹਾਂ ਦੀ ਬਹੁਤ ਇੱਜ਼ਤ ਕਰਦੇ ਸਨ। ਸਾਰੇ ਰਿਸ਼ਤੇਦਾਰ, ਪਿੰਡ ਵਾਲੇ ਵੀ ਛੋਟੇ ਤੋਂ ਲੈ ਕੇ ਵੱਡੇ ਤੱਕ ਸਭ ਉਨ੍ਹਾਂ ਨੂੰ ਆਪਣਾ ਦੋਸਤ ਸਮਝਦੇ। ਹਰ ਕੋਈ ਉਨ੍ਹਾਂ ਕੋਲੋਂ ਸਲਾਹ ਲੈਂਦਾ। ਨੇਕ ਸਲਾਹ ਦਿੰਦੇ। ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਗਿਆਰਾਂ ਸਾਲ ਤੱਕ ਸਰਪੰਚ, ਇੱਕ ਵਾਰੀ ਤਾਂ ਬਿਨਾ ਚੋਣ ਕੀਤਿਆਂ ਹੀ ਬਣਾਈ ਰੱਖਿਆ। ਈਮਾਨਦਾਰ ਅਤੇ ਜ਼ਬਾਨ ਦੇ ਪੱਕੇ ਸਨ, ਪਰ ਅਫਸੋਸ ਕਿ ਮੈਂ ਉਨ੍ਹਾਂ ਦੀ ਸੇਵਾ ਓਨੀ ਨਾ ਕੀਤੀ, ਜਿੰਨੀ ਮੈਨੂੰ ਕਰਨੀ ਚਾਹੀਦੀ ਸੀ। ਮੇਰਾ ਪਹਿਲਾ ਕਰਜ਼ਾ ਇਹ ਹੈ।

ਮੇਰੀ ਜੀਵਨ ਸਾਥਣ ਹੌਸਲੇ ਵਾਲੀ, ਸਭ ਨਾਲ ਬਣਾਅ ਕੇ ਰੱਖਣ ਵਾਲੀ, ਹਰ ਦੁੱਖ-ਸੁੱਖ ਵਿੱਚ ਮੇਰਾ ਸਾਥ ਨਿਭਾਇਆ। ਬੱਚਿਆਂ ਨੂੰ ਜ਼ਿੰਮੇਦਾਰੀ ਨਾਲ ਪਾਲਿਆ-ਪੋਸਿਆ, ਸਾਡੇ ਸਾਰੇ ਰਿਸ਼ਤੇਦਾਰ ਉਹਦੇ ਨਾਲ ਮੇਰੇ ਨਾਲੋਂ ਵੱਧ ਨੇੜੇ ਸਨ। ਮੇਰੇ ਆਪਣੇ ਮਾਂ-ਬਾਪ ਉਹਨੂੰ ਮੇਰੇ ਨਾਲੋਂ ਜ਼ਿਆਦਾ ਚੰਗੀ ਅਤੇ ਸਿਆਣੀ ਸਮਝਦੇ ਸਨ। ਅਸੀਂ ਦੋਨੋਂ ਇੱਕ-ਦੂਜੇ ਪ੍ਰਤੀ ਵਫਾਦਾਰ ਰਹੇ। ਚੌਦਾਂ ਸਾਲ ਹੋ ਗਏ ਹਨ, ਉਹ ਮੇਰਾ ਸਾਥ ਅਚਾਨਕ ਛੱਡ ਕੇ ਕਿਸੇ ਹੋਰ ਦੁਨੀਆਂ ਦੇ ਸਫਰ ਨੂੰ ਰਵਾਨਾ ਹੋ ਗਏ ਹਨ। ਜਿੰਨੀ ਇੱਜ਼ਤ ਤੇ ਪਿਆਰ ਦੀ ਉਹ ਔਰਤ ਹੱਕਦਾਰ ਸੀ, ਮੈਂ ਉਹਨੂੰ ਨਾ ਦਿੱਤਾ, ਭਾਵੇਂ ਮੈਂ ਉਹਦੀ ਹਰ ਗੱਲ ਮੰਨ ਲੈਂਦਾ ਅਤੇ ਆਪਣੀ ਗੱਲ ਵੀ ਮੰਨਵਾ ਲੈਂਦਾ, ਪਰ ਦਰਅਸਲ ਮੈਂ ਉਸ ਨੂੰ ਅਣਗੌਲਿਆ ਹੀ ਕਰਦਾ ਰਿਹਾ। ਇਹ ਮੇਰਾ ਦੂਜਾ ਭਾਰੀ ਕਰਜ਼ਾ ਹੈ।

ਵੱਡੇ ਭਰਾ ਦੀ ਇੱਜ਼ਤ ਜਿੰਨੀ ਕਰਨੀ ਚਾਹੀਦੀ ਸੀ, ਉਨੀ ਨਹੀਂ ਕੀਤੀ। ਇਹ ਤੀਜਾ ਕਰਜ਼ਾ ਹੈ।

ਜਦੋਂ ਮੈਂ ਨੌਕਰੀ ਸ਼ੁਰੂ ਕੀਤੀ, ਚੰਗੇ ਅਹੁਦੇ ਤੋਂ ਹੀ ਸ਼ੁਰੂਆਤ ਹੋਈ। ਰੱਬ ਦੀ ਕਿਰਪਾ ਨਾਲ ਹਰ ਤਰੱਕੀ ਵੇਲੇ ਸਿਰ ਅਤੇ ਬਿਨਾ ਵਿਘਨ ਦੇ ਹੁੰਦੀ ਰਹੀ। ਖੁਸ਼-ਕਿਸਮਤੀ ਨਾਲ ਮੇਰੇ ਸਾਰੇ ਅਫ਼ਸਰ (ਬੌਸ) ਬਹੁਤ ਹੀ ਚੰਗੇ ਮਿਲੇ। ਮੇਰੇ ਵਾਸਤੇ ਇਹ ਇੱਕ ਬਹੁਤ ਸ਼ੁਭ ਸ਼ਗਨ ਰਿਹਾ। ਨੌਕਰੀ ਦੌਰਾਨ ਬੜੇ ਔਖੇ ਮਿੱਤਰ ਬਣੇ, ਜਿਨ੍ਹਾਂ ਨੇ ਮੇਰੀ ਮਦਦ ਹੀ ਕੀਤੀ। ਮੈਂ ਉਨ੍ਹਾਂ ਦਾ ਬੜਾ ਸ਼ੁਕਰਗੁਜ਼ਾਰ, ਪਰ ਉਨ੍ਹਾਂ ਦਾ ਨਾਲ ਨਾਲ ਕਰਜ਼ਦਾਰ ਵੀ ਹਾਂ। ਸ਼ਾਹ ਜੀ, ਮੇਰੇ 'ਤੇ ਹੋਰ ਬੜੇ ਕਰਜ਼ੇ ਹਨ।

ਹਾਂ, ਚਤਰ ਨਾਥ ਜੀ ਦੱਸਦੇ ਜਾਓ।

ਸਿਰਫ ਇੱਕ ਹੀ ਕੁਰੱਖਤ ਅਫਸਰ ਨਾਲ ਵਾਹ ਪਿਆ। ਉਸ ਵਕਤ ਦੀ ਗੱਲ ਹੈ, ਜਦੋਂ ਮੇਰੀ ਪਹਿਲੀ ਤਰੱਕੀ ਹੋਣ 'ਤੇ ਮੈਨੂੰ ਇੱਕ ਦੂਰ ਪਰ ਚੰਗੀ ਜਗਾਹ 'ਤੇ ਬਦਲ ਕੇ ਮਹਿਕਮੇ ਨੇ ਭੇਜਿਆ। ਸ਼ੁਭਚਿੰਤਕ ਮਿੱਤਰਾਂ ਨੇ ਕਿਹਾ, ਨਾ ਜਾ ਉਥੇ। ਤੇਰੀ ਬਦਲੀ ਰੁਕਵਾ ਲਵਾਂਗੇ, ਸਬਰ ਨਾਲ ਇਥੇ ਟਿਕਿਆ ਰਹਿ। ਮਨ ਵਿੱਚ ਵਿਸਾਖੀ ਵਾਲੇ ਦਿਨ ਤੱਕ ਇੰਤਜ਼ਾਰ ਕਰਨ ਦਾ ਟੀਚਾ ਬਣਾ ਲਿਆ। ਵਿਸਾਖੀ ਲੰਘ ਗਈ। ਮੇਰਾ ਸਬਰ ਖਤਮ ਹੋ ਗਿਆ। ਸੈਕਟਰੀ ਸਾਹਿਬ ਨੂੰ ਮਿਲਿਆ ਕਿ ਮੈਨੂੰ ਜਿਥੇ ਦੇ ਆਰਡਰ ਹਨ, ਜਾਣ ਦਿਓ। ਕੁਝ ਦਿਨਾਂ ਬਾਅਦ ਨਵੀਂ ਜਗਾਹ 'ਤੇ ਚਲਾ ਗਿਆ। ਉਥੇ ਦਾ ਮੇਰਾ ਅਫਸਰ ਬੜੇ ਕੁਰੱਖਤ ਸੁਭਾਅ ਦਾ ਮਾਲਿਕ ਸੀ। ਹਰ ਵੇਲੇ ਟੁੱਟ-ਟੁੱਟ ਕੇ ਪੈਂਦਾ, ਬਿਨਾ ਕਿਸੇ ਵਜਾਹ ਦੇ; ਹੋ ਸਕਦਾ ਹੈ ਮੇਰੀ ਹੀ ਕੋਈ ਭੁੱਲ ਹੋਵੇ। ਪ੍ਰੰਤੂ ਪਤਾ ਨਹੀਂ ਮੇਰੇ ਦਿਲ ਵਿੱਚ ਇੱਕ ਗੱਲ ਘਰ ਕਰ ਗਈ ਉਸ ਵੇਲੇ ਕਿ ਮੈਂ ਸ਼ਾਤੀ ਨਾਲ ਇਹ ਸਭ ਕੁਝ ਬਰਦਾਸ਼ਤ ਕਰਨਾ ਹੈ। ਇਹ ਤਰੀਕਾ ਮੈਨੂੰ ਬੜਾ ਰਾਸ ਆਇਆ।

ਦਿਲ ਵਿੱਚ ਕੁਝ ਅਜੀਬ ਵੈਰਾਗ ਜਿਹਾ ਉਠ ਖਲੋਤਾ। ਮੈਂ ਉਚਾਟ ਰਹਿਣ ਲੱਗਾ, ਪ੍ਰੰਤੂ ਇਹਦੇ ਵਿੱਚ ਵੀ ਕੋਈ ਡੂੰਘਾ ਰਾਜ਼ ਸੀ। ਰੱਬ ਦੀ ਦਯਾ ਐਸੀ ਹੋਈ ਕਿ ਇੱਕ ਪੂਰੇ ਸਤਿਗੁਰੂ ਦੇ ਦਰਸ਼ਨ ਜ਼ਿੰਦਗੀ ਦੇ ਇਸ ਮੋੜ 'ਤੇ ਹੋਏ। ਉਨ੍ਹਾਂ ਨੇ ਦਯਾ ਕੀਤੀ ਮੇਰੇ 'ਤੇ। ਨਾਮ ਦਾਨ ਦੀ ਬਖਸ਼ਿਸ਼ ਕਰ ਦਿੱਤੀ। ਉਨ੍ਹਾਂ ਦਾ ਉਪਦੇਸ਼ ਉਚੇ ਤੋਂ ਉਚਾ ਮਿਲ ਗਿਆ। ਮੇਰਾ ਉਨ੍ਹਾਂ ਨੇ ਸਹੀ ਦਿਸ਼ਾ ਵੱਲ ਧਿਆਨ ਕਰ ਦਿੱਤਾ ਅਤੇ ਖੂਬ ਦਿਲ ਲਾ ਕੇ ਬੜੇ ਪਿਆਰ ਨਾਲ ਅਭਿਆਸ ਕਰਨ ਦੀ ਹਦਾਇਤ ਕੀਤੀ। ਇਹ ਮੇਰਾ ਹੀ ਦੋਸ਼ ਹੈ ਕਿ ਮੂੰਹ ਤਾਂ ਉਨ੍ਹਾਂ ਨੇ ਮੋੜ ਦਿੱਤਾ ਮੇਰਾ ਜ਼ਿੰਦਗੀ ਦੇ ਸਹੀ ਮਾਰਗ 'ਤੇ ਚਲਣ ਵਾਸਤੇ, ਪਰ ਮੈਂ ਉਸ ਰਾਹ 'ਤੇ ਅੱਗੇ ਵਧਿਆ ਨਾ। ਉਪਦੇਸ਼ ਪੂਰਾ ਹੈ, ਇਸ ਵਿੱਚ ਕੋਈ ਕਮੀ ਨਹੀਂ ਹੈ। ਜ਼ਿੰਦਗੀ ਦਾ ਸਭ ਤੋਂ ਵੱਡਾ ਇਹ ਮੇਰਾ ਪਸ਼ਚਾਤਾਪ ਹੈ।

ਚਾਰ ਮਹੀਨੇ ਵਿੱਚ ਹੀ ਮੈਂ ਉਥੋਂ ਬਦਲੀ ਕਰਵਾ ਲਈ। ਜਦੋਂ ਬਦਲੀ ਦੇ ਹੁਕਮ ਆਏ ਤਾਂ ਉਸ ਬੌਸ ਨੇ ਮੈਨੂੰ ਆਪਣੇ ਦਫਤਰ ਬੁਲਾਇਆ, ਬੜੇ ਨਾਰਾਜ਼ ਹੋਏ। ਕਹਿਣ ਲੱਗੇ, ਕਦੇ ਮੈਨੂੰ ਪਤਾ ਹੁੰਦਾ ਕਿ ਤੂੰ ਬਦਲੀ ਕਰਾ ਰਿਹਾ ਹੈਂ ਤਾਂ ਹਰਗਿਜ਼ ਨਾ ਹੋਣ ਦਿੰਦਾ, ਫਿਰ ਵੀ ਮੇਰੀ ਬਦਲੀ ਰੋਕਣ ਲਈ ਮਹਿਕਮੇ ਦੇ ਸੀ.ਈ.ਓ. ਨਾਲ ਗੱਲ ਕਰਨ ਲਈ ਤਿਆਰ ਹੋ ਗਏ। ਪਰ ਮੇਰੇ ਵੱਲੋਂ ਬੇਨਤੀ ਕਰਨ 'ਤੇ ਉਨ੍ਹਾਂ ਨੇ ਟੈਲੀਫੋਨ ਰੱਖ ਦਿੱਤਾ ਅਤੇ ਮੇਰੀਆਂ ਕੁਝ ਸਿਫਤਾਂ ਕੀਤੀਆਂ। ਦਿਲ ਵਿੱਚ ਸੋਚਿਆ, ਕਾਸ਼! ਕਦੀ ਪਹਿਲਾਂ ਸਿਫਤ ਕੀਤੀ ਹੁੰਦੀ। ਮੇਰੀ ਜਗਾਹ 'ਤੇ ਜਿਹੜਾ ਅਫਸਰ ਆਇਆ, ਉਹ ਪੁਲੀਸ ਅਫਸਰ ਦਾ ਪੁੱਤਰ ਸੀ। ਉਹ ਦੋ-ਤਿੰਨ ਦਿਨਾਂ ਵਿੱਚ ਹੀ ਬੌਸ ਦੇ ਅੱਗੇ ਬੋਲ ਪਿਆ ਤੇ ਉਸ ਬੌਸ ਦੀ ਫਿਰ ਹਿੰਮਤ ਨਾ ਹੋਈ ਕਿ ਨਵੇਂ ਆਏ ਅਫ਼ਸਰ ਨੂੰ ਕੁਝ ਕਹਿ ਸਕੇ। ਕੁਝ ਦਿਨਾਂ ਮਗਰੋਂ ਉਨ੍ਹਾਂ ਦੋਹਾਂ ਦੀਆਂ ਮਹਿਕਮੇ ਨੇ ਬਦਲੀਆਂ ਕਰ ਦਿੱਤੀਆਂ।

ਮੇਰੇ ਹੁਣ ਦੇ ਅਫਸਰ ਬਹੁਤ ਹੀ ਸ਼ਾਨ ਵਾਲੇ ਸਨ, ਮੈਨੂੰ ਕਦੇ ਕੁਝ ਨਾ ਕਹਿੰਦੇ, ਕੰਮ ਵੀ ਮੇਰਾ ਘੱਟ ਤੋਂ ਘੱਟ ਦੇਖਦੇ। ਕਹਿੰਦੇ, ਮੈਨੂੰ ਕਾਹਦਾ ਫਿਕਰ ਹੈ, ਤੁਸੀਂ ਆਪੇ-ਆਪਣੇ ਖੁਦ ਅਫਸਰ ਹੋ, ਸਭ ਕੰਮ ਤੁਸੀਂ ਟੀਚੇ ਤੋਂ ਪਹਿਲਾਂ ਕਰ ਲੈਂਦੇ ਹੋ। ਸਾਰੇ ਅਫਸਰਾਂ ਨੂੰ ਬੁਲਾ ਲੈਂਦੇ ਤੇ ਕਹਿੰਦੇ ਕਿ ਆਉ ਚਾਹ ਦਾ ਕੱਪ 'ਕੱਠੇ ਬੈਠ ਕੇ ਪੀਈਏ। ਚਾਹ ਪੀਣ ਦੇ ਬਾਅਦ ਘਰ ਵਾਪਿਸ ਚਲੇ ਜਾਂਦੇ।

ਸਾਡਾ ਸਭ ਦਾ ਨਿੱਜੀ ਖਿਆਲ ਰੱਖਦੇ, ਸਾਨੂੰ ਪੂਰਾ ਸਹਿਯੋਗ ਦਿੰਦੇ ਅਤੇ ਵੱਡੀ ਗੱਲ ਇਹ ਕਿ ਕਦੀ ਜਤਲਾਉਂਦੇ ਨਾ ਕਿਸੇ ਨੂੰ ਵੀ ਕਿ ਮੈਂ ਤੇਰੀ ਮਦੱਦ ਕੀਤੀ ਹੈ। ਜੇ ਅਸੀਂ ਉਨ੍ਹਾਂ ਦਾ ਸ਼ੁਕਰੀਆ ਕਰਦੇ ਤਾਂ ਜੁਆਬ ਦਿੰਦੇ ਕਿ ਇਹ ਤਾਂ ਤੁਹਾਡਾ ਹੱਕ ਹੈ ਮੇਰੇ 'ਤੇ। ਹਮੇਸ਼ਾ ਹੱਥ ਮਿਲਾ ਕੇ ਮਿਲਦੇ- ਆਉਣ ਲੱਗਿਆਂ ਤੇ ਜਾਣ ਲੱਗਿਆਂ ਵੀ। ਜਿੰਨਾ ਉਨ੍ਹਾਂ ਦੇ ਪਿਆਰ ਅਤੇ ਚੰਗੇ ਸੁਭਾਅ ਨੇ ਸਾਡੇ ਸਭ ਕੋਲੋਂ ਕੰਮ ਤੇ ਦਿਲੋਂ ਇੱਜ਼ਤ ਲਈ ਹੈ, ਉਹ ਕਿਸੇ ਹੋਰ ਅਫਸਰ ਨੇ ਨਹੀਂ ਲਈ। ਉਨ੍ਹਾਂ ਤੋਂ ਬਾਅਦ ਵਾਲੇ ਵੀ ਸਾਰੇ ਅਫਸਰ ਬਹੁਤ ਚੰਗੇ ਮਿਲੇ, ਪਰ ਉਨ੍ਹਾਂ ਵਰਗਾ ਅਫਸਰ ਮਿਲਣਾ ਮੇਰੀ ਇੱਕ ਅਭੁੱਲ ਯਾਦ ਹੈ। ਇਸ ਗੱਲ ਦਾ ਮੈਂ ਬੜਾ ਸ਼ੁਕਰ-ਗੁਜ਼ਾਰ ਹਾਂ; ਉਸ ਮਾਲਿਕ ਦਾ। ਹੁਣ ਉਹ ਇਸ ਦੁਨੀਆਂ ਵਿੱਚ ਨਹੀਂ ਰਹੇ।

ਸ਼ੁਰੂ ਵਿੱਚ ਮੈਂ ਬੜੇ ਪਿਆਰ ਨਾਲ ਸਾਰੇ ਮਾਤਹਿਤਾਂ ਨਾਲ ਰਿਹਾ, ਪਰ ਜਿਉਂ ਜਿਉਂ ਅਹੁਦਾ ਵਧਦਾ ਗਿਆ, ਮੈਂ ਕੁਝ ਸਖਤ ਤੇ ਰੁੱਖੇ ਸੁਭਾਅ ਵਾਲਾ ਹੁੰਦਾ ਗਿਆ। ਇਹ ਮੇਰਾ ਫੋਕਾ ਹੰਕਾਰ ਅਤੇ ਘੁਮੰਡ ਹੀ ਸੀ। ਇਹਦਾ ਗੁਨਾਹਗਾਰ ਹੁਣ ਮੈਂ ਖੁਦ ਨੂੰ ਹੀ ਠਹਿਰਾਉਂਦਾ ਹਾਂ। ਆਪਣੇ-ਆਪ ਨੂੰ ਕੋਸਦਾ ਹਾਂ, ਅਜੇ ਤੱਕ ਆਪਣੇ-ਆਪ ਨੂੰ ਮੁਆਫ ਨਹੀਂ ਕਰ ਸਕਿਆ।

ਜਿੰਨੇ ਜ਼ਿਆਦਾ ਵਾਰ ਅਤੇ ਜੋਸ਼ ਨਾਲ ਮੈਂ ਨਰਮ ਬੋਲਣ ਦਾ ਸੰਕਲਪ ਲਿਆ, ਓਨਾ ਹੀ ਮੈਂ ਅਸਫਲ ਹੁੰਦਾ ਗਿਆ। ਮੈਂ ਚੁੱਪਚਾਪ ਬਹੁਤ ਸਾਰੀਆਂ ਸਹੁੰਆਂ ਖਾ ਲਈਆਂ ਸਨ, ਸਭ ਗੰਭੀਰਤਾ ਨਾਲ ਲਈਆਂ, ਮੈਂ ਹਰ ਇੱਕ ਨੂੰ ਤੋੜ ਦਿੱਤਾ।

ਬੜਾ ਪਸ਼ਚਾਤਾਪ ਹੈ, ਪਰ ਹੁਣ ਪਛਤਾਇਆਂ ਕੀ ਫਾਇਦਾ? ਹਾਂ, ਜਦੋਂ ਮੈਂ ਉਚੇ ਅਹੁਦੇ ਉਤੇ ਅਖੀਰਲੇ ਦੋ ਸਾਲ ਨੌਕਰੀ 'ਤੇ ਰਿਹਾ ਤਾਂ ਇਸ ਗੁਨਾਹ ਨੂੰ ਕਾਫੀ ਹੱਦ ਤੱਕ ਦੂਰ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਹਰ ਛੋਟੇ-ਵੱਡੇ ਅਫਸਰ ਅਤੇ ਮਾਤਹਿਤਾਂ ਨਾਲ ਮਿੱਠਾ ਬੋਲਣਾ ਸ਼ੁਰੂ ਕੀਤਾ ਅਤੇ ਉਨ੍ਹਾਂ ਦੀ ਸ਼ਲਾਘਾ ਦਿਲ ਖੋਲ੍ਹ ਕੇ ਕਰਦਾ। ਚੰਗੇ ਗੁਣ ਉਨ੍ਹਾਂ ਦੇ ਲੱਭਦਾ, ਫਿਰ ਰੱਜ ਕੇ ਸਿਫਤ ਕਰਦਾ ਤੇ ਹੱਲਾਸ਼ੇਰੀ ਦਿੰਦਾ। ਉਸ ਵੇਲੇ ਮੈਨੂੰ ਇਹ ਨਿੱਜੀ ਅਹਿਸਾਸ ਹੋਇਆ ਕਿ ਕਿਸੇ ਦੀ ਦਿਲੋਂ ਕੀਤੀ ਪ੍ਰਸ਼ੰਸਾ ਬੜਾ ਜਾਦੂ ਭਰਿਆ ਅਸਰ ਕਰਦੀ ਹੈ, ਬਿਨਾ ਕਿਹਾਂ ਸਭ ਆਪਣੇ ਫਰਜ਼ ਅਤੇ ਜ਼ਿੰਮੇਵਾਰੀ ਨਿਭਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ ਸਨ। ਹੇ! ਪ੍ਰਸ਼ੰਸਾ ਤੂੰ ਕੈਸੀ ਚੀਜ਼ ਹੈਂ? ਤੇਰੇ ਅਸਰ ਤੋਂ ਕੋਈ ਨਹੀਂ ਬਚ ਸਕਦਾ! ਕਾਸ਼ ਮੈਨੂੰ ਇਹਦਾ ਪਹਿਲਾਂ ਪਤਾ ਹੁੰਦਾ।

ਅਠੱਤੀ ਵਰ੍ਹਿਆਂ ਦੀ ਨੌਕਰੀ ਖਤਮ ਹੋ ਗਈ। ਪੰਜ ਸਾਲ ਪਤਨੀ ਨਾਲ ਚੰਗੇ ਲੰਘ ਗਏ। ਅਚਾਨਕ ਪਤਨੀ ਬੀਮਾਰ ਹੋ ਗਈ। ਦੋ ਸਾਲ ਵਧੀਆ ਹਸਪਤਾਲ ਤੋਂ ਇਲਾਜ ਚਲਦਾ ਰਿਹਾ, ਠੀਕ ਵੀ ਹੋ ਗਈ ਪਰ ਆਖਰ ਦੋ-ਤਿੰਨ ਹਫਤਿਆਂ ਬਾਅਦ ਸਾਥ ਛੱਡ ਗਈ ਤੇ ਪਤਾ ਨਹੀਂ ਕਿਸ ਅਣਜਾਣੀ ਦੁਨੀਆਂ ਦੇ ਸਫਰ ਨੂੰ ਰਵਾਨਾ ਹੋ ਗਈ। ਉਸ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ।

ਸ਼ਾਹ ਜੀ, ਬਹੁਤ ਸਤਿਕਾਰਯੋਗ ਸਿਆਣੇ ਮਿੱਤਰਾਂ ਨੇ ਕਿਹਾ, ਜਿੰਨਾ ਜਲਦੀ ਇਹ ਸੱਚਾਈ ਕਬੂਲ ਕਰੋਗੇ, ਓਨਾ ਹੀ ਬਿਹਤਰ ਹੋਵੇਗਾ। ਬੱਚਿਆਂ ਨੇ ਕਿਹਾ ਕਿ ਇੱਥੇ ਤੁਹਾਡਾ ਹੁਣ ਕੌਣ ਹੈ? ਅਮਰੀਕਾ ਆਪਣੇ ਨਾਲ ਮੈਨੂੰ ਲੈ ਆਏ। ਸ਼ਾਹ ਜੀ, ਹੁਣ ਮੇਰਾ ਕਰਜ਼ਾ ਹੋਰ ਵਧ ਰਿਹਾ ਹੈ। ਵਿਹਲਾ ਹਾਂ, ਬੱਚਿਆਂ ਦਾ ਕੁਝ ਸਵਾਰ ਨਹੀਂ ਸਕਦਾ। ਆਪਣੇ ਪੋਤਰਿਆਂ-ਪੋਤਰੀਆਂ ਨਾਲ ਪਿਆਰ ਨਾਲ ਹੱਸ ਖੇਡ ਲੈਂਦਾ ਹਾਂ। ਲੜਕੇ ਅਤੇ ਉਨ੍ਹਾਂ ਦੀਆਂ ਵਹੁਟੀਆਂ ਮੇਰਾ ਬਹੁਤ ਖਿਆਲ ਰੱਖਦੇ ਹਨ। ਕਿਸੇ ਕਿਸਮ ਦੀ ਕੋਈ ਤਕਲੀਫ ਨਹੀਂ ਹੋਣ ਦਿੰਦੇ। ਸ਼ੁਕਰ ਹੈ ਰੱਬ ਦਾ, ਰੱਬ ਸਭ ਨੂੰ ਇਸ ਤਰ੍ਹਾਂ ਦੀ ਔਲਾਦ ਦੇਵੇ। ਏਕਾਂਤ ਵਿੱਚ ਸਤਿਕਾਰਯੋਗ ਸਤਿਗੁਰੂ ਨੂੰ ਯਾਦ ਕਰ ਲੈਂਦਾ ਹਾਂ।

ਸ਼ਾਹ ਜੀ ਬੋਲੇ, ਚਤਰ ਨਾਥ ਬੱਸ ਹੁਣ ਤੂੰ ਆਪਣਾ ਹਾਲ ਸੁਣਾ ਦਿੱਤਾ ਹੈ, ਹੁਣ ਧਿਆਨ ਨਾਲ ਮੇਰੀ ਗੱਲ ਸੁਣ। ਓ ਚਤਰ ਨਾਥ! ਤੇਰੀਆਂ ਚਤੁਰਾਈਆਂ ਕਿਸੇ ਕੰਮ ਨਹੀਂ ਆ ਸਕਦੀਆਂ। ਥੋੜ੍ਹਾ ਜਿਹਾ ਵਿਚਾਰ ਕਰ। ਭਲਾ ਕੀ ਕਰਜ਼ਿਆਂ ਦੀ ਕੈਸੀ ਇਹ ਪੰਡ ਤੇਰੀ, ਤੇਰੇ ਕੈਸੇ ਇਹ ਪਸ਼ਚਾਤਾਪ ਜਿਨ੍ਹਾਂ ਦਾ ਬੋਝ ਚੁਕੀ ਫਿਰ ਰਿਹਾ ਹੈਂ। ਓ ਬੇਸਮਝ ਚਤਰ ਨਾਥ ਬੰਦਿਆ! ਮੇਰੇ ਸਤਿਗੁਰੂ ਜੀ ਵੀ ਉਹ ਹੀ ਹਨ, ਜੋ ਤੇਰੇ ਹਨ। ਢੇਰੀ ਕਰ ਦੇ ਉਨ੍ਹਾਂ ਦੇ ਅੱਗੇ ਇਨ੍ਹਾਂ ਕਰਜ਼ਿਆਂ ਦੀ, ਇਨ੍ਹਾਂ ਪਸ਼ਚਾਤਾਪਾਂ ਦੀ। ਮੈਂ, ਤੇਰਾ-ਮੇਰਾ ਦੀ ਦੀਵਾਰ ਢਾਹ ਦੇ ਅਤੇ ਆਪਣੇ-ਆਪ ਨੂੰ ਪੂਰੀ ਤਰ੍ਹਾਂ ਸੌਂਪ ਦੇ ਉਸ ਦਿਆਲੂ ਸਤਿਗੁਰੂ ਸ਼ਹਿਨਸ਼ਾਹ ਨੂੰ। ਯਾਦ ਕਰ, ਗੁਰੂ ਨਾਨਕ ਸਾਹਿਬ ਨੇ ਕਿਹਾ ਹੈ, "ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥"

ਸ਼ਾਹ ਜੀ, ਤੁਸੀਂ ਧੰਨ ਹੋ, ਤਹਾਡਾ ਵਿਸ਼ਵਾਸ ਸਤਿਗੁਰੂ 'ਤੇ ਪੂਰਾ ਹੈ।

ਚਤਰ ਨਾਥ, ਮੈਨੂੰ ਜ਼ਰਾ ਆਸਰਾ ਦੇਈਂ, ਪਤਾ ਨਹੀਂ ਮੈਨੂੰ ਕੀ ਹੋ ਰਿਹਾ ਹੈ।

ਹਾਂ ਸ਼ਾਹ ਜੀ, ਤੁਹਾਡਾ ਸਰੀਰ ਬੜਾ ਹਲਕਾ ਅਤੇ ਨਿਢਾਲ ਲੱਗ ਰਿਹਾ ਹੈ, ਤੁਸੀਂ ਤੇ ਅਜੀਬ ਨੂਰ ਹੀ ਨਜ਼ਰ ਆ ਰਹੇ ਹੋ, ਤੁਹਾਡਾ ਸਰੀਰ ਕਿੱਥੇ ਛੁਪ ਗਿਆ ਹੈ। ਉਹ ਨੂਰ ਵੀ ਮੈਨੂੰ ਹੁਣ ਨਜ਼ਰ ਨਹੀਂ ਆ ਰਿਹਾ। ਵਾਹ ਇਹ ਕਿੰਨੀ ਮਿੱਠੀ ਤੋਂ ਵੀ ਮਿੱਠੀ ਆਵਾਜ਼ ਆ ਰਹੀ ਹੈ! ਇਹ ਤਾਂ ਸਤਿਗੁਰੂ ਦੀ ਆਵਾਜ਼ ਹੈ। ਸ਼ਾਹ ਜੀ, ਤੁਸੀ ਧੰਨ ਹੋ, ਮਹਾਰਾਜ ਤੁਹਾਨੂੰ ਆਪ ਲੈਣ ਆਏ ਅਤੇ ਲੈ ਗਏ ਹਨ। ਤੁਸੀਂ ਵੱਡੇ ਭਾਗਾਂ ਵਾਲੇ ਹੋ। ਧੰਨ ਹੋ ਤੁਸੀਂ ਤੇ ਧੰਨ ਹਨ ਸਤਿਗੁਰੂ ਜੀ। ਸ਼ਾਹ ਜੀ ਦਾ ਆਪਣੇ ਸਤਿਗੁਰੂ ਉਪਰ ਕਿੰਨਾ ਪੱਕਾ ਭਰੋਸਾ ਸੀ। ਹੇ ਮੇਰੇ ਮਨ! ਤੂੰ ਵੀ ਭਰੋਸਾ ਪੱਕਾ ਕਰ, ਕਿਉਂ ਡੋਲਦਾ ਰਹਿੰਦਾ ਹੈ ਤੇਰਾ ਭਰੋਸਾ! ਅਜੇ ਵੀ ਮੌਕਾ ਹੈ, ਛੱਡ ਦੇ ਚਤੁਰਾਈਆਂ, ਕਿਸੇ ਕੰਮ ਨਹੀਂ ਆਉਣਾ ਇਨ੍ਹਾਂ ਨੇ।

‘ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ’

# ਮੀਰਾ ਸ਼ਾਹ, ਢਾਡੀ ਅਬਦੁੱਲਾ ਤੇ ਨੱਥਾ, ਕੱਟੂ ਸ਼ਾਹ ਅਤੇ ਮਾਤਾ ਕੌਲਾਂ

**“ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ” ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਵਲੋਂ ਖੋਜ ਕਰ ਕੇ ਤਿਆਰ ਕੀਤੀ ਗਈ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਲੇਖਕ ਹੁਣ ਤੱਕ 19 ਪੁਸਤਕਾਂ ਲਿਖ ਚੁੱਕਾ ਹੈ। ਅਸੀਂ ਸੁਹਿਰਦ ਪਾਠਕਾਂ ਲਈ ਇਹ ਪੁਸਤਕ ‘ਪੰਜਾਬੀ ਪਰਵਾਜ਼’ ਵਿੱਚ ਲੜੀਵਾਰ ਛਾਪ ਰਹੇ ਹਾਂ। ਇਸ ਅੰਕ ਵਿੱਚ ਮੀਰਾ ਸ਼ਾਹ, ਢਾਡੀ ਅਬਦੁੱਲਾ ਤੇ ਨੱਥਾ, ਕੱਟੂ ਸ਼ਾਹ ਅਤੇ ਮਾਤਾ ਕੌਲਾਂ ਬਾਰੇ ਸੰਖੇਪ ਵੇਰਵਾ ਹੈ...**

ਅਲੀ ਰਾਜਪੁਰਾ
ਫੋਨ:+91-9417679302




## ਮੀਰਾ ਸ਼ਾਹ

ਮੀਰਾ ਸ਼ਾਹ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਜੀ ਦਾ ਪਲੇਠਾ ਚੇਲਾ ਸੀ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਜੀ ਮਹਾਰਾਜ ਨਾਲ ਉਸਦਾ ਬਹੁਤ ਸਨੇਹ ਸੀ। ਉੱਥੋਂ ਹੀ ਮੀਰਾ ਸ਼ਾਹ ਗੁਰੂ ਤੇਗ਼ ਬਹਾਦਰ ਜੀ ਦਾ ਸ਼ਰਧਾਲੂ ਬਣਿਆ। ਮੀਰਾ ਸ਼ਾਹ ਗੁਰੂ ਤੇਗ਼ ਬਹਾਦਰ ਜੀ ਨੂੰ ਅਨੰਦਪੁਰ ਸਾਹਿਬ ਵੀ ਮਿਲਣ ਆਇਆ ਸੀ।

## ਢਾਡੀ ਅਬਦੁੱਲਾ ਤੇ ਨੱਥਾ

ਅਬਦੁੱਲਾ ਆਪਣੇ ਭਰਾ ਨੱਥੇ ਨਾਲ ਸੂਰਮਿਆਂ ਦੀਆਂ ਵਾਰਾਂ ਗਾ ਕੇ ਫ਼ੌਜਾਂ ਵਿੱਚ ਜੋਸ਼ ਭਰਦਾ ਸੀ। ਇਸੇ ਤਰ੍ਹਾਂ ਬਸੰਤ ਪੰਚਮੀ ਦੇ ਦਿਹਾੜੇ ਮੌਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਨਾਲ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਦੀਆਂ ਧੁਨਾਂ ਅਤੇ ਹੋਰ ਵੀ ਬਹੁਤ ਸਾਰੀਆਂ ਬੀਰ ਰਸ ਵਾਰਾਂ ਗਾਉਣੀਆਂ ਆਰੰਭੀਆਂ ਸਨ। ਦੱਸਦੇ ਹਨ ਕਿ ਇਨ੍ਹਾਂ ਦਾ ਲਗਭਗ ਦੋ ਮਹੀਨਿਆਂ ਵਿੱਚ ਗਾਇਨ ਮੁੱਕਿਆ। ਦੋਵੇਂ ਭਰਾਵਾਂ ਨੇ ਗੁਰੂ ਸਾਹਿਬ ਵੱਲੋਂ ਲੜੀਆਂ 4 ਲੜਾਈਆਂ ਵਿੱਚ ਪੂਰਾ ਸਾਥ ਦਿੱਤਾ। ਇਹ ਆਪ ਵੀ ਮੈਦਾਨ-ਏ-ਜੰਗ ਵਿੱਚ ਉਤਰਦੇ ਅਤੇ ਜੰਗ ਮੁੱਕਣ ਉਪਰੰਤ ਸੂਰਮਿਆਂ ਨੂੰ ਜੋਸ਼ੀਲੀਆਂ ਵਾਰਾਂ ਸੁਣਾ ਕੇ ਖ਼ੁਸ਼ ਕਰਦੇ। ਇਹ ਮੀਰ ਆਲਮ ਘਰਾਣੇ ਨਾਲ ਸਬੰਧ ਰੱਖਦੇ ਸਨ। ਸਮੇਂ ਦੀ ਸਰਕਾਰ ਵੇਲੇ ਤਾਂ ਸਦਾ ਬੇ-ਖ਼ੌਫ਼ ਰਹੇ ਤੇ ਦਲੇਰੀ ਨਾਲ ਗੁਰੂ ਸਾਹਿਬ ਦਾ ਸਾਥ ਦਿੱਤਾ।



ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿੱਚ ਢਾਡੀ ਅਬਦੁੱਲਾ ਤੇ ਨੱਥਾ ਵੱਲੋਂ ਢਾਡੀ ਵਾਰਾਂ ਗਾਏ ਜਾਣ ਦਾ ਇੱਕ ਚਿੱਤਰ

ਗੁਰਬਿਲਾਸ ਛੇਵੀਂ ਪਾਤਸ਼ਾਹੀ ਦੇ 8ਵੇਂ ਅਧਿਆਏ ਵਿੱਚ ਵੀ ਇਨ੍ਹਾਂ ਬਾਰੇ ਉੱਕਰਿਆ ਮਿਲਦਾ ਹੈ। ਜਿਵੇਂ:

ਸਾਹਿਬ ਬੱਢੇ ਅਸ ਕਰਾਂ, ਸੁਨੋ ਪ੍ਰਭ ਸੁਖ ਪਾਇ।
ਸੁਤਰੀ ਔਰ ਨਿਸਾਨ ਕੋ ਢਾਡੀ ਲੇਹੁ ਮੰਗਾਇ।
ਢਾਡੀ ਲੇਹੁ ਮੰਗਾਇ ਰਹੈ ਸੁਰ ਸਿੰਘ ਗੁਰ ਸਦਨਾ।
ਅਬਦੁੱਲ ਤਾ ਕਾ ਨਾਮ, ਰਹੈ ਮਨ ਮੋਹ ਸੋ ਮਦਨਾ।
ਬੁੱਢੇ ਬਚ ਸੁਨ ਸਿੱਖ ਪਠਯੋ, ਗੁਰੂ ਪ੍ਰਭ ਸੁਖ ਪਾਇ।
ਸੁਤਰੀ ਨਿਸ਼ਾਨ ਮੰਗਾਇਉ, ਅਬਦੁਲ ਮੰਗਾਇ॥
30॥

## ਕੱਟੂ ਸ਼ਾਹ

ਕੱਟੂ ਸ਼ਾਹ ਮੋਢੀ ਸਿੱਖਾਂ ਵਿੱਚੋਂ ਇੱਕ ਗਿਣਿਆ ਜਾਂਦਾ ਹੈ। ਇਸ ਪਾਸੋਂ ਵਿਦਾਇਗੀ ਲੈਣ ਉਪਰੰਤ ਹੀ ਗੁਰੂ ਹਰਿਗੋਬਿੰਦ ਸਾਹਿਬ ਸ੍ਰੀਨਗਰ ਨੂੰ ਗਏ ਸਨ। ਕੱਟੂ ਸ਼ਾਹ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਕਸ਼ਮੀਰ ਇਲਾਕੇ ਦੇ ਆਦਰਸ਼ਾਂ ਨੂੰ ਪ੍ਰਚਾਰਨ ਵਾਸਤੇ ਨਿਯੁਕਤ ਕੀਤਾ ਸੀ। ਇਹ ਆਪ ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਰਧਾਲੂ ਸੀ, ਜੋ ਕਸ਼ਮੀਰੀ ਮੁਸਲਮਾਨ ਸੀ। ਇਹ ਜ਼ਿਆਦਾ ਸੂਫ਼ੀਆਂ ਤੇ ਸੰਤਾਂ ਦੀ ਸੰਗਤ ਕਰਦਾ ਸੀ। ਜਦੋਂ ਗੁਰੂ ਸਾਹਿਬ ਨੇ ਇਸ ਕੋਲ਼ ਠਹਿਰ ਕੀਤੀ ਸੀ ਤਾਂ ਇਸ ਨੇ ਗੁਰੂ ਜੀ ਦੀ ਤਨੋਂ-ਮਨੋਂ ਪੂਰੀ ਸੇਵਾ ਕੀਤੀ ਸੀ। ਉਂਝ ਇਸ ਦਾ ਮੇਲ 1621 ਦੇ ਕਰੀਬ ਹੋਇਆ ਮਿਲਦਾ ਹੈ।

ਕਾਫ਼ੀ ਮਸ਼ਹੂਰ ਹੈ ਕਿ ਇਕ ਵਾਰ ਇੱਕ ਸਿੱਖ ਗੁਰੂ ਜੀ ਲਈ ਸ਼ਹਿਦ ਲੈ ਕੇ ਹਾਜ਼ਰ ਹੋਇਆ। ਕੱਟੂ ਸ਼ਾਹ ਨੇ ਉਸ ਪਾਸੋਂ ਸ਼ਹਿਦ ਮੰਗਿਆ ਤਾਂ ਉਸ ਨੇ ਕਿਹਾ, “ਜਿੰਨਾ ਸਮਾਂ ਉਹ ਗੁਰੂ ਜੀ ਨੂੰ ਭੇਟਾ ਨਹੀਂ ਕਰ ਦਿੰਦਾ, ਓਨਾ ਸਮਾਂ ਉਹ ਸ਼ਹਿਦ ਨਹੀਂ ਦੇਵੇਗਾ। ਉਹ ਫਲਾਂ ਨੂੰ ਜੂਠੇ ਨਹੀਂ ਕਰਨਾ ਚਾਹੁੰਦਾ।” ਜਦੋਂ ਉਸ ਸਿੱਖ ਨੇ ਸ਼ਹਿਦ ਵਾਲਾ ਬਰਤਨ ਗੁਰੂ ਸਾਹਿਬ ਨੂੰ ਭੇਟ ਕੀਤਾ ਤਾਂ ਉਨ੍ਹਾਂ ’ਚੋਂ ਬਦਬੂ ਆ ਰਹੀ ਸੀ। ਗੁਰੂ ਜੀ ਨੇ ਸ਼ਹਿਦ ਨੂੰ ਦੇਖਦਿਆਂ ਕਿਹਾ, “ਕਿਹੋ ਜਿਹਾ ਸ਼ਹਿਦ ਲੈ ਆਇਆਂ...।” ਉਸ ਨੂੰ ਹੈਰਾਨੀ ਹੋਈ। ਗੁਰੂ ਜੀ ਫੇਰ ਬੋਲੇ, “ਜਦੋਂ ਮੈਂ ਤੇਰੇ ਤੋਂ ਮੰਗਿਆ ਸੀ, ਓਦੋਂ ਤਾਂ ਤੂੰ ਦਿੱਤਾ ਨਹੀਂ, ਹੁਣ ਕਿਸ ਲਈ ਲੈ ਕੇ ਆਇਆ ਐਂ...।” ਤਾਂ ਸਿੱਖ ਬੋਲਿਆ, “ਗੁਰੂ ਜੀ ਆਪ ਜੀ ਨੇ ਮੇਰੇ ਪਾਸੋਂ ਸ਼ਹਿਦ ਕਦੋਂ ਮੰਗਿਆ ਸੀ...?” ਗੁਰੂ ਜੀ ਬੋਲੇ, “ਕੱਟੂ ਸ਼ਾਹ, ਜੋ ਮੰਗ ਰਿਹਾ ਸੀ ਉਹ ਮੈਂ ਹੀ ਮੰਗ ਰਿਹਾ ਸੀ। ਗ਼ਰੀਬ ਵਿੱਚ ਹੀ ਪਰਮਾਤਮਾ ਹੁੰਦਾ ਹੈ।” ਸਿੱਖ ਸੇਵਕ ਬਹੁਤ ਸ਼ਰਮਿੰਦਾ ਹੋਇਆ ਤੇ ਗੁਰੂ ਜੀ ਨੇ ਇਸ ਸੇਵਕ ਨੂੰ ਕੱਟੂ ਸ਼ਾਹ ਪਾਸੋਂ ਮਾਫ਼ੀ ਮੰਗਣ ਲਈ ਕਿਹਾ।

## ਮਾਤਾ ਕੌਲਾਂ

ਮਾਤਾ ਕੌਲਾਂ ਦਾ ਅਸਲ ਨਾਮ ਕਮਲਾ ਸੀ ਤੇ ਇਹ ਕਾਜ਼ੀ ਹਾਸ਼ਮ ਦੀ ਸਪੁੱਤਰੀ ਸੀ। ਮਾਤਾ ਕੌਲਾਂ ਮੁੱਢਲੇ ਸਮੇਂ ਦੌਰਾਨ ਸਾਈਂ ਮੀਆਂ ਮੀਰ ਦੀ ਸੰਗਤ ’ਚ ਰਹੀ ਤੇ ਉਸੇ ਸਮੇਂ ਇਸ ਨੂੰ ਗੁਰਬਾਣੀ ਸੁਣਨ ਦਾ ਮੌਕਾ ਮਿਲਿਆ। ਉਥੋਂ ਹੀ ਇਸ ਦੇ ਦਿਲ ਅੰਦਰ ਗੁਰਬਾਣੀ ਪ੍ਰਤੀ ਮੋਹ ਜਾਗਿਆ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ’ਚੋਂ ਰਿਹਾਅ ਹੋ ਕੇ ਆਏ ਤਾਂ ਸਾਈਂ ਮੀਆਂ ਮੀਰ ਜੀ ਕੋਲ਼ ਰਹੇ, ਜਿੱਥੇ ਮਾਤਾ ਕੌਲਾਂ ਨੂੰ ਗੁਰੂ ਸਾਹਿਬ ਦੀ 22 ਦਿਨ ਆਓ-ਭਗਤ ਕਰਨ ਦਾ ਸਬੱਬ ਪ੍ਰਾਪਤ ਹੋਇਆ। ਜਦੋਂ ਗੁਰੂ ਜੀ ਨੇ ਸਾਈਂ ਜੀ ਤੋਂ ਵਿਦਾਈ ਲਈ ਤਾਂ ਮਾਤਾ ਕੌਲਾਂ ਉੱਥੇ ਹਾਜ਼ਰ ਨਹੀਂ ਸੀ। ਜਦੋਂ ਮਾਤਾ ਕੌਲਾਂ ਨੂੰ ਗੁਰੂ ਸਾਹਿਬ ਦੇ ਅੰਮ੍ਰਿਤਸਰ ਸਾਹਿਬ ਵੱਲ ਨੂੰ ਕੂਚ ਕਰਨ ਬਾਰੇ ਪਤਾ ਚੱਲਿਆ ਤਾਂ ਉਹ ਗਸ਼ ਖਾ ਕੇ ਡਿੱਗ ਪਈ, ਉਹ ਜਦੋਂ ਅੱਖ ਪੱਟਦੀ ਤਾਂ ਗੁਰੂ ਹਰਿਗੋਬਿੰਦ ਸਾਹਿਬ ਦਾ ਨਾਂ ਅਲਾਪਦੀ। ਇਸ ਬਾਰੇ ਸਾਈਂ ਜੀ ਨੂੰ ਖ਼ਬਰ ਹੋਈ ਤਾਂ ਉਨ੍ਹਾਂ ਨੇ ਮਾਤਾ ਕੌਲਾਂ ਨੂੰ ਗੁਰੂ ਸਾਹਿਬ ਕੋਲ਼ ਭੇਜਣਾ ਮੁਨਾਸਿਬ ਸਮਝਿਆ। ਸਾਈਂ ਜੀ ਦੇ ਸੇਵਕ ਮਾਤਾ ਕੌਲਾਂ ਨੂੰ ਪਾਲਕੀ ’ਚ ਬਿਠਾ ਕੇ ਗੁਰੂ ਸਾਹਿਬ ਕੋਲ਼ ਅੰਮ੍ਰਿਤਸਰ ਸਾਹਿਬ ਨੂੰ ਰਵਾਨਾ ਹੋਏ, ਨਾਲ ਹੀ ਸਾਈਂ ਜੀ ਨੇ ਸੇਵਕਾਂ ਹੱਥ ਖ਼ਤ ਲਿਖ ਘੱਲਿਆ।

ਰਾਹ ’ਚ ਪਾਲਕੀ ਆਉਂਦੀ ਦੇਖ ਗੁਰੂ ਜੀ ਹੈਰਾਨ ਹੋਏ, ਸਾਈਂ ਜੀ ਦੇ ਸੇਵਕਾਂ ਨੇ ਖ਼ਤ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁਰਦ ਕੀਤਾ ਤਾਂ, ਗੁਰੂ ਜੀ ਖ਼ਤ ਪੜ੍ਹ ਕੇ ਪਾਲਕੀ ਦਾ ਪੜਦਾ ਚੁੱਕ ਕੇ ਬੋਲੇ, “ਦੱਸੋ ਬੀਬੀ ਤੇਰੀ ਕੀ ਸੇਵਾ ਕਰਾਂ?” ਬੀਬੀ ਕੌਲਾਂ ਨੇ ਬੇਬਾਕੀ ਨਾਲ ਉੱਤਰ ਦਿੱਤਾ, “ਮੈਨੂੰ ਆਪਣੇ ਵਰਗਾ ਸੂਰਬੀਰ ਪੁੱਤਰ ਬਖ਼ਸ਼ ਦਿਓ...।” ਗੁਰੂ ਜੀ ਦੀ ਹੈਰਾਨੀ ਦੀ ਹੱਦ ਨਾ ਰਹੀ। ਉਹ ਗੰਭੀਰ ਹੋਏ। ਅੰਤਰ ਧਿਆਨ ਹੋਣ ਪਿੱਛੋਂ ਮਾਤਾ ਕੌਲਾਂ ਦੇ ਚਰਨ ਸਪਰਸ਼ ਕਰਕੇ ਬੋਲੇ, “ਅੱਜ ਤੋਂ ਬਾਅਦ ਮੈਂ ਤੁਹਾਡਾ ਪੁੱਤਰ ਤੇ ਤੁਸੀਂ ਮੇਰੀ ਮਾਤਾ ਓਂ...।” ਇਸੇ ਘਟਨਾ ਕਰਕੇ ਇਤਿਹਾਸ ਵਿੱਚ ‘ਕਮਲਾ’ ਨੂੰ ਮਾਤਾ ਕੌਲਾਂ ਕਰਕੇ ਜਾਣਿਆ ਜਾਂਦਾ ਹੈ।

ਮਾਤਾ ਕੌਲਾਂ ਉਸੇ ਦਿਨੋਂ ਗੁਰੂ ਘਰ ਦੀ ਪੱਕੀ ਸੇਵਕ ਬਣ ਗਈ। ਮਾਤਾ ਕੌਲਾਂ ਕੋਲ਼ ਜੋ ਸਾਈਂ ਮੀਆਂ ਮੀਰ ਜੀ ਵੱਲੋਂ ਸੰਭਾਲੇ ਗਹਿਣੇ ਸਨ, ਸਾਰੇ ਗੁਰੂ ਸਾਹਿਬ ਨੂੰ ਸੌਂਪਦਿਆਂ ਕਿਹਾ, “ਕਿਸੇ ਨੇਕ ਕਾਰਜ ਵਿੱਚ ਵਰਤ ਲਿਓ...।” ਗੁਰੂ ਜੀ ਨੇ ਉਹ ਗਹਿਣੇ ਕੋਟੂਮੱਲ ਸ਼ਾਹੂਕਾਰ ਦੀ ਹੱਟੀ ਵਿੱਚ ਜਮ੍ਹਾਂ ਕਰਵਾ ਕੇ ਬਾਬਾ ਬੁੱਢਾ ਜੀ ਨੂੰ ਮਾਤਾ ਕੌਲਾਂ ਦੇ ਨਾਮ ਥੱਲੇ ਇਕ ਸਰੋਵਰ ਬਣਾਉਣ ਦਾ ਹੁਕਮ ਦਿੱਤਾ, ਜਿਸ ਦੀ ਉਸਾਰੀ ਲਗਭਗ ਤਿੰਨ ਵਰ੍ਹੇ ਚਲਦੀ ਰਹੀ। ਇਸ ਨੂੰ ਅੱਜ ਵੀ ਕੌਲਸਰ ਜਾਂ ਕੌਲਾਂ ਵਾਲ਼ਾ ਟੋਭਾ ਵੀ ਕਿਹਾ ਜਾਂਦਾ ਹੈ ਤੇ ਨਾਲ ਇਹ ਵੀ ਬੋਲ ਉਚਾਰੇ ਕਿ ਹਰ ਸਿੱਖ ਦੀ ਯਾਤਰਾ ਤਾਂ ਹੀ ਸਫ਼ਲ ਹੋਵੇਗੀ ਜੇ ਹਰਿਮੰਦਰ ਸਾਹਿਬ ਤੋਂ ਪਹਿਲਾਂ ਕੌਲਸਰ ਵਿੱਚ ਇਸ਼ਨਾਨ ਕਰਕੇ ਹਰਿਮੰਦਰ ਸਾਹਿਬ ਸਰੋਵਰ ਵਿੱਚ ਇਸ਼ਨਾਨ ਕਰੇਗਾ। ਅੱਜ ਵੀ ਗੁਰੂ ਜੀ ਦੇ ਹੁਕਮ ਦੀ ਪਾਲਣਾ ਕੀਤੀ ਜਾ ਰਹੀ ਹੈ। ਦਰਬਾਰ ਸਾਹਿਬ ਜਾਣ ਵਾਲੀ ਸੰਗਤ ਪਹਿਲਾਂ ਕੌਲਸਰ ਸਰੋਵਰ ਵਿੱਚ ਇਸ਼ਨਾਨ ਕਰਦੀ ਹੈ। ਮਾਤਾ ਕੌਲਾਂ 1629 ਈ. ਵਿੱਚ ਕਰਤਾਰਪੁਰ ਵਿੱਚ ਰੱਬ ਨੂੰ ਪਿਆਰੀ ਹੋ ਗਈ, ਜਿਸ ਦੀ ਯਾਦ ਵਿੱਚ ਕਰਤਾਰਪੁਰ ਵਿਖੇ ਗੁਰੂ ਘਰ ਉਸਰਿਆ ਹੋਇਆ ਹੈ।



ਗੁਰਦੁਆਰਾ ਕੌਲਸਰ ਸਾਹਿਬ, ਅੰਮ੍ਰਿਤਸਰ

3E Tours Offers





A Journey of Hearts‘ desire Yatra of prominent holy Sikh Shrines in the Punjab-Pakistan

- Meticulously arranged & superbly conducted by a team of experienced tour operators.
- Affordable Package Price which includes Air Fare, Hotel Accommodation, Food and Transportation.

22 to 30 November 2023

For contact please:
3E Tours
Explore–Experience–Enjoy

Whatsapp:
USA (443) 362-9209
asjadghani581@gmail.com


QUALITY & SERVICE IS OUR SPECIALITY
Ashton Place
4 BALL ROOMS W/4 BRIDAL SUITES
CAPACITY UP TO 900 PEOPLE
WEDDINGS • CORPORATE EVENTS
FUNDRAISERS • FASHION SHOWS
MUSICAL SHOWS AND MUCH MORE!
FOR MORE INFO:
INFO@ASHTONPLACE.COM
630.789.3337 OR 630.677.9077
341 75TH STREET, WILLOWBROOK, IL 60527